# ਤਖ਼ਤ ਲਾਹੌਰ ਦੇ ਬੂਹੇ 'ਤੇ

*ਮਨਜੀਤ ਸਿੰਘ ਰਾਜਪੁਰਾ*

173, ਕਸਤੂਰਬਾ ਰੋਡ, ਰਾਜਪੁਰਾ ਟਾਊਨ,
ਜ਼ਿਲ੍ਹਾ ਪਟਿਆਲਾ (ਪੰਜਾਬ)
ਈ.ਮੇਲ –nazara_aa_geya@yahoo.com

© ਸਭ ਹੱਕ ਲਿਖਾਰੀ ਦੇ ਰਾਖਵੇਂ ਹਨ

ਪਹਿਲੀ ਵਾਰ : ਜਨਵਰੀ 2011

ਕੀਮਤ : 60 ਰੁਪਏ

ਟਾਈਪ ਅਤੇ ਡਿਜ਼ਾਇਨ : ਸੁਰੇਸ਼ ਕੁਮਾਰ ਅਤੇ ਵਿਨੋਦ ਅੰਗਾਰੀਆ (9872310173)

ਪ੍ਰਕਾਸ਼ਕ

**ਚੱਕ ਸਤਾਰਾਂ ਪ੍ਰਕਾਸ਼ਨ**

**ਦੇਵੀ ਮੰਦਰ ਰੋਡ, ਪੁਰਾਣਾ ਰਾਜਪੁਰਾ (ਪਟਿਆਲਾ)**
**ਫੋਨ : 98722 41223**
ਈ.ਮੇਲ – chak17parkashan@yahoo.com

ਛਾਪਕ
**ਜਗਜੀਤ ਪਬਲਿਸ਼ਿੰਗ ਕੰਪਨੀ ਲਿਮਟਿਡ**
ਡੀ-12, ਫੇਜ਼-1, ਮੁਹਾਲੀ (ਪੰਜਾਬ)। ਫੋਨ : 0172-3047671-73

## ਕਿਹੜਾ ਲੇਖ, ਕਿੱਥੇ ਜੜਿਆ

ਜਿਤ ਵਲ ਯਾਰ ਉਤੇ ਵਲ ਕਾਅਬਾ 1
ਸਾਡੀ ਰੂਹ ਵਿਚ ਵਸਦਾ ਰਹੁ ਸੱਜਣਾ 8
ਅੱਖੀਆਂ ਉਡੀਕਦੀਆਂ ਦਿਲ ਵਾਜਾਂ ਮਾਰਦਾ 14
ਆਜਾ ਵੇ ਸੋਹਣਿਆ ਤੈਨੂੰ ਵਾਸਤਾ ਈ ਪਿਆਰ ਦਾ 17
ਜੇ ਬਾਬਾ ਮਰਦਾਨੇ ਦਾ ਮਿੱਤਰ ਹੋ ਸਕਦੈ ਤਾਂ ਸਾਡਾ ਕਿਉਂ ਨਹੀਂ 20
ਸੱਚ ਦਾ ਪੀਰ ਜਦੋਂ ਉਨ੍ਹਾਂ ਦਾ ਬੂਹੇ ਆ ਖੜਕਾਉਂਦੈ 23
ਚਾਨਣੀਆਂ ਰਾਤਾਂ ਦੀ ਲੋਅ 27
ਵਗਦੀਆਂ ਹਵਾਵਾਂ ਦਾ ਗੀਤ 31
ਜਿੰਦ ਲਾ ਸੱਜਣਾਂ ਦੇ ਲੇਖੇ 35
ਲਾਇਲਪੁਰ ਦੀ ਮੁਹੱਬਤ ਦਾ ਖ਼ਤ 38
ਮਾਗ੍ਹੀ ਬੋਲੀ ਖੰਡ ਮਿਸਰੀ ਐ 42
ਨਾ ਮੈਂ ਮੋਮਨ ਵਿਚ ਮਸੀਤਾਂ, ਨਾ ਮੈਂ ਵਿਚ ਕੁਫਰ ਦੀਆਂ ਰੀਤਾਂ 45
ਪੰਜ ਪਾਣੀਆਂ ਦਾ ਸਿਰਨਾਵਾਂ 50
ਇਹ ਜੱਗ ਸਰਾਏ ਮੁਸਾਫ਼ਰਾਂ ਦੀ 55
ਯਾਰ ਬਿਨਾਂ ਗੱਲ ਬਣਦੀ ਨਾਹੀਂ 60
ਬੀਬੀ ਸੁਲਤਾਨਾ ਕਿਥੇ ਐ 65
ਬੁੱਲ੍ਹੇ ਸ਼ਾਹ ਪਿਆਰੇ ਬਾਝੋਂ ਕੌਣ ਲੰਘਾਏ ਪਾਰ 67

### *ਸਾਡੀ ਸਲਾਮ ਯਾਦ ਰੱਖਣਾ (ਦੂਜਾ ਹਿੱਸਾ)*

ਬੁਝੇ ਸਿਵੇ ਬਲਦੀਆਂ ਯਾਦਾਂ – *ਮੁਹੰਮਦ ਜ਼ਕਰੀਆ ਆਫ਼ਤਾਬ* 73
ਜੋਗਾ ਸਿੰਘ ਜੇ ਕਿਤੇ ਸੁਣਦਾ ਹੋਵੇ – *ਮੁਹੰਮਦ ਜ਼ਕਰੀਆ ਆਫ਼ਤਾਬ* 79
ਸਾਡੀ ਸਲਾਮ ਯਾਦ ਰੱਖਣਾ – *ਮੁਹੰਮਦ ਜ਼ਕਰੀਆ ਆਫ਼ਤਾਬ* 83
ਪੰਜਾਬ ਦਾ ਕਰਜ਼ਾ – *ਮੁਹੰਮਦ ਜ਼ਕਰੀਆ ਆਫ਼ਤਾਬ* 88
ਸਾਡੇ ਪੂਰੇ ਹੋ ਗਏ ਚਾਅ – *ਮੁਹੰਮਦ ਜ਼ਕਰੀਆ ਆਫ਼ਤਾਬ* 95
ਦੱਸ ਖ਼ਾ ਪੰਜਾਬ ਨੂੰ ਮੂੰਹ ਕੀ ਵਿਖਾਵੇਂਗਾ – *ਮੁਹੰਮਦ ਜ਼ਕਰੀਆ ਆਫ਼ਤਾਬ* 97
ਧਰਮ ਦੇ ਨਾਂ 'ਤੇ ਪਏ ਨਿਖੇੜੇ – *ਮੁਹੰਮਦ ਜ਼ਕਰੀਆ ਆਫ਼ਤਾਬ* 99
ਭੂਆ ਸ਼ਹੀਦਾਂ –*ਮੁਹੰਮਦ ਅਸਗਰ ਭੱਟੀ* 101
ਚਾਨਣੀ ਰਾਤ ਵਿਚ ਘੁੱਪ ਹਨੇਰਾ – *ਮੁਹੰਮਦ ਅਸਗਰ ਭੱਟੀ* 107
ਮਾਂ ਬੋਲੀ ਦੇ ਝੰਡੇ ਝੂਲਦੇ ਰਹਿਣ – *ਮੁਹੰਮਦ ਅਸਗਰ ਭੱਟੀ* 115
ਸ਼ਹਿਜ਼ਾਦੀ – *ਮੁਹੰਮਦ ਅਸਲਮ* 119
ਮਿਸਬਾ! ਕਦੋਂ ਆਣ ਡਹੇ ਜੇ? –*ਮਨਜੀਤ ਸਿੰਘ ਰਾਜਪੁਰਾ* 123

# ਜਿਤ ਵਲ ਯਾਰ ਉਤੇ ਵਲ ਕਾਅਬਾ

ਜਿਨ੍ਹਾਂ ਨਾਲ ਸਾਨੂੰ ਮੁਹੱਬਤ ਹੁੰਦੀ ਹੈ, ਫੁੱਲ ਤਾਂ ਉਨ੍ਹਾਂ ਦੇ ਵਿਹੜੇ ਵਿਚ ਉਗਦੇ ਹਨ ਪਰ ਖ਼ੁਸ਼ਬੂ ਸਾਨੂੰ ਆਉਂਦੀ ਹੈ। ਉਨ੍ਹਾਂ ਬਾਰੇ ਗੱਲ ਕਰ ਕੇ ਸਾਨੂੰ ਲਗਦਾ ਜਿਵੇਂ ਪ੍ਰੀਤ ਦੇ ਕਟੋਰੇ 'ਚੋਂ ਚਾਵਾਂ ਦਾ ਕੋਈ ਘੁੱਟ ਭਰ ਲਿਆ ਹੋਵੇ। ਕਈਆਂ ਨੂੰ ਅਸੀਂ ਭਾਵੇਂ ਕੁੱਝ ਪਲਾਂ ਲਈ ਹੀ ਮਿਲਦੇ ਹਾਂ ਪਰ ਉਹ ਕੁੱਝ ਪਲ ਹੀ ਸਾਡੀ ਜ਼ਿੰਦਗੀ ਦਾ ਹਾਸਲ ਹੋ ਨਿਬੜਦੇ ਹਨ।

ਕੰਧਾਂ ਭਾਵੇਂ ਕਿੰਨੀਆਂ ਵੀ ਉੱਚੀਆਂ ਹੋਣ ਪਰ ਪਿਆਰ ਦੇ ਬੁੱਲੇ ਹਰ ਕੰਧ ਟੱਪ ਜਾਂਦੇ ਨੇ। ਜਿਨ੍ਹਾਂ ਦੀ ਰੂਹ ਵਿਚ ਮੁਹੱਬਤ ਦਾ ਸਿਰਨਾਵਾਂ ਹੁੰਦੈ, ਉਹ ਵਗਦੇ ਪਾਣੀਆਂ 'ਤੇ ਚਾਨਣੀਆਂ ਰਾਤਾਂ ਦੇ ਗੀਤ ਲਿਖਦੇ ਹਨ। ਸਾਡੇ ਨਕਸ਼ ਹੀ ਸਾਨੂੰ ਸੋਹਣਾ ਨਹੀਂ ਬਣਾਉਂਦੇ ਸਗੋਂ ਸਾਡੇ ਪਿਆਰਿਆਂ ਦੀ ਉਹ ਤੱਕਣੀ ਬਣਾਉਂਦੀ ਹੈ, ਜਿਸ 'ਚੋਂ 'ਮੈਂ ਤੇਰੇ ਕੁਰਬਾਨ ਵੇ, ਵੇਹੜੇ ਆ ਵੜ ਮੇਰੇ' ਵਰਗੇ ਬੋਲ ਸਾਡੀ ਜ਼ਿੰਦਗੀ ਦੇ ਅਸਮਾਨ ਵਿਚ ਘੁੰਮਰਾਂ ਪਾਉਂਦੇ ਸੁਣਦੇ ਹਨ। ਜ਼ਿੰਦਗੀ 'ਚ ਜਦੋਂ ਹਾਰ ਤੇ ਹਾਰ ਹੋ ਰਹੀ ਹੋਵੇ, ਉਸ ਸਮੇਂ ਸਾਡਾ ਕੋਈ ਪਿਆਰਾ ਆ ਕੇ ਸਾਡੀਆਂ ਅੱਖਾਂ ਵਿੱਚ ਤਕ ਲਵੇ ਤਾਂ ਕਹਿਣ ਨੂੰ ਜੀਅ ਕਰਦੈ ਕਿ ਤੇਰੇ ਹੁੰਦਿਆਂ ਕਿਹੜੀ ਬਾਜ਼ੀ ਹੈ ਜਿਹੜੀ ਅਸੀਂ ਜਿੱਤ ਨਹੀਂ ਸਕਦੇ। ਇਹ ਕਿਤਾਬ ਸਿਰਫ ਸਫ਼ਰਨਾਮਾ ਹੀ ਨਹੀਂ ਸਗੋਂ ਮੁਹੱਬਤ ਦਾ ਇਕ ਖ਼ਤ ਹੈ, ਜਿਸ ਦੇ ਹਰ ਸ਼ਬਦ 'ਚ ਅਪਣੇ ਪਿਆਰਿਆਂ ਲਈ 'ਤੇਰੀ ਹਰ ਦਮ ਖ਼ੈਰ ਹੋਵੇ' ਵਰਗੀ ਲੋਚਾ ਹੈ।

ਇਸ ਕਿਤਾਬ ਵਿਚ ਉਨ੍ਹਾਂ ਸੱਜਣਾਂ ਦੀ ਹੀ ਬਾਤ ਪਾਈ ਗਈ ਹੈ ਜਿਨ੍ਹਾਂ ਨੂੰ ਮਿਲਣਾ ਡੂੰਘੇ ਪਾਣੀਆਂ ਵਿੱਚ ਗੋਤੇ ਲਾ ਕੇ ਮੋਤੀ ਲੱਭਣ ਵਰਗਾ ਸੀ। ਇਹ ਮਿਲਣੀ ਇਕ ਸੁਪਨੇ ਨੂੰ ਅਸਲੀਅਤ ਵਿਚ ਵਾਪਰਦਾ ਵੇਖਣ ਦੀ ਕਹਾਣੀ ਹੈ ਜਿਸ ਦਾ ਅਰੰਭ ਅੱਜ ਤੋਂ ਕੋਈ ਪੰਦਰਾਂ ਕੁ ਸਾਲ ਪਹਿਲਾਂ ਇਕ ਰਸਾਲੇ ਦੀ ਡਾਕ ਤੋਂ ਹੋਇਆ ਸੀ। ਉਦੋਂ ਕੌਣ ਜਾਣਦਾ ਸੀ ਕਿ ਮੇਰੇ ਵਲੋਂ ਰਸਾਲੇ ਦੀ ਡਾਕ ਪੜ੍ਹ ਕੇ ਆਬੂਧਾਬੀ ਰਹਿੰਦੇ ਦਿਲ ਮੁਹੰਮਦ ਨੂੰ ਪਾਈ ਚਿੱਠੀ ਉਮਰਾਂ ਦੇ ਰਿਸ਼ਤਿਆਂ ਵਿਚ ਬਦਲ ਜਾਵੇਗੀ।

ਦਿਲ ਮੁਹੰਮਦ ਨਾਲ ਮੇਰੀ ਦੋਸਤੀ ਦਾ ਮੁੱਢ ਕਿਵੇਂ ਬੱਝਾ, ਉਸ ਬਾਰੇ ਲੇਖ ਕਿਤਾਬ ਦੇ ਸ਼ੁਰੂ ਵਿਚ ਦਿਤਾ ਗਿਐ, ਜੋ ਇਸ ਗੱਲ ਦਾ ਸਬੂਤ ਹੈ ਕਿ ਮੁਹੱਬਤ ਦੇ ਪੰਛੀ ਕੰਡਿਆਲੀ ਵਾੜ ਤੋਂ ਬਹੁਤ ਉੱਚਾ ਉਡਦੇ ਨੇ। ਦਿਲ ਮੁਹੰਮਦ ਮੈਨੂੰ ਅਕਸਰ ਕਹਿੰਦੈ, "ਮਨਜੀਤ ਚੱਕ ਸਤਾਰਾਂ ਵੀ ਤੁਹਾਡਾ ਹੀ ਘਰ ਹੈ। ਮੇਰਾ ਵੱਸ ਚਲੇ ਤਾਂ ਤੁਹਾਨੂੰ ਇਥੇ ਹੀ ਰਖ ਲਵਾਂ। ਭਰਾਵਾਂ ਵਿੱਚ ਵੀ ਕੁੱਝ ਵੰਡਿਆ ਹੁੰਦੈ ਯਾਰ।" ਉਸ ਦੇ ਇਹ ਬੋਲ ਮੇਰੇ ਸੁਪਨਿਆਂ ਵਿੱਚ ਵੀ ਗੂੰਜਦੇ





ਰਹਿੰਦੇ ਹਨ। ਪੰਜ ਪਾਣੀਆਂ ਦੀ ਇਸ ਧਰਤੀ ਨੂੰ ਅੱਜ ਦਿਲ ਮੁਹੰਮਦ ਵਰਗੇ ਪੰਜਾਬੀਅਤ ਦੇ ਵਾਰਸਾਂ ਦੀ ਬਹੁਤ ਲੋੜ ਹੈ, ਜਿਹੜੇ ਆਪਣੀ ਮਾਂ ਬੋਲੀ ਨੂੰ ਆਪਣੀ ਮਾਂ ਵਰਗਾ ਦਰਜਾ ਦਿੰਦੇ ਹਨ। ਜਿਨ੍ਹਾਂ ਦੇ ਹਰ ਸਾਹ ਚੋਂ ਪੰਜ ਪਾਣੀਆਂ ਦੀ ਮਿੱਟੀ ਦੀ ਮਹਿਕ ਆਉਂਦੀ ਹੈ। ਉਸ ਦੀਆਂ ਮੁਹੱਬਤ ਭਰੀਆਂ ਗਲਵੱਕੜੀਆਂ ਚੋਂ ਮੈਨੂੰ ਹਰ ਸਮੇਂ ਇਹ ਆਵਾਜ਼ ਆਉਂਦੀ ਸੁਣਾਈ ਦਿੰਦੀ ਹੈ, "ਅਸੀਂ ਤੇਰੇ ਗੋਲੇ ਹਾਂ, ਜਿਥੇ ਮਰਜ਼ੀ ਬਿਠਾ ਲਈਂ ਸਾਨੂੰ, ਅਸੀਂ ਚਿੱਟੀ ਚਾਦਰ ਹਾਂ, ਜਿਵੇਂ ਮਰਜ਼ੀ ਰੰਗਾ ਲਈਂ ਸਾਨੂੰ।"

ਇਹ ਕਿਤਾਬ ਬੇਸ਼ੱਕ ਇਕ ਸਫ਼ਰਨਾਮਾ ਹੈ ਪਰ ਇਹ ਸਫ਼ਰ ਤਾਂ ਅਪਣੇ ਪਿਆਰਿਆਂ ਤਕ ਪਹੁੰਚਣ ਦਾ ਇਕ ਬਹਾਨਾ ਸੀ। ਪਾਕਿਸਤਾਨ ਜਾਣ ਲਈ ਉਂਜ ਤਾਂ ਵੀਜ਼ਾ ਹੀ ਨਹੀਂ ਮਿਲਦਾ, ਇਸ ਲਈ ਫਿਰ ਜਥੇ ਹੀ ਇਕ ਸਾਧਨ ਰਹਿ ਜਾਂਦੇ ਹਨ, ਉਸ ਧਰਤੀ 'ਤੇ ਪੁੱਜਣ ਦਾ। ਉਸ ਧਰਤੀ 'ਤੇ ਜਿਥੇ ਕਦੇ ਬਾਬੇ ਬੁੱਲ੍ਹੇ ਨੇ ਪੈਰਾਂ 'ਚ ਘੁੰਗਰੂ ਬੰਨ੍ਹ ਕੇ ਕਿਹਾ ਸੀ :-

*ਛੁਪ ਗਿਆ ਸੂਰਜ ਬਾਹਰ ਰਹਿ ਗਈ ਲਾਲੀ*
*ਹੋਵਾਂ ਮੈਂ ਸਦਕੇ ਜੇ ਮੁੜ ਦੇਂ ਵਿਖਾਲੀ*
*ਮੈਂ ਭੁੱਲ ਗਈ ਤੇਰੇ ਨਾਲ ਨਾ ਗਈਆ*
*ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ*

ਇਸ ਕਿਤਾਬ ਦੇ ਦੂਜੇ ਹਿੱਸੇ 'ਸਾਡੀ ਸਲਾਮ ਯਾਦ ਰੱਖਣਾ' ਵਿਚ ਮੁਹੰਮਦ ਜ਼ਕਰੀਆ ਆਫ਼ਤਾਬ ਤੇ ਅਸਗਰ ਭੱਟੀ ਦੇ ਲੇਖ ਪੜ੍ਹ ਕੇ ਪਤਾ ਲਗਦੈ ਕਿ ਜਿਨ੍ਹਾਂ ਨਾਲ 'ਰੂਹ ਲੈ ਗਿਆ ਦਿਲਾਂ ਦਾ ਜਾਨੀ ਹੱਡ ਸਾਨੂੰ ਚੱਕਣਾ ਪਿਆ' ਵਰਗੀ ਹੋਈ ਹੋਵੇ, ਉਨ੍ਹਾਂ ਦੇ ਦਿਲਾਂ 'ਤੇ ਕੀ ਬੀਤਦੀ ਹੈ। ਦਿਲ ਮੁਹੰਮਦ ਨਾਲ ਮੇਲ ਤੋਂ ਬਾਅਦ ਮੇਰਾ ਚੱਕ ਨੰਬਰ ਸਤਾਰਾਂ ਵਿਚ ਹੀ ਰਹਿੰਦੇ ਮੁਹੰਮਦ ਜ਼ਕਰੀਆ ਆਫ਼ਤਾਬ ਨਾਲ ਮੇਲ ਹੋਇਆ। ਉਸ ਨੇ ਗੁਰਮੁਖੀ ਦਿਲ ਮੁਹੰਮਦ ਕੋਲੋਂ ਹੀ ਸਿੱਖੀ ਹੈ। ਉਸ ਨੇ ਗੁਰਮੁਖੀ ਸਿੱਖ ਕੇ ਸੱਭ ਤੋਂ ਪਹਿਲੀ ਚਿੱਠੀ ਮੈਨੂੰ ਹੀ ਲਿਖੀ ਸੀ। ਉਸ ਦੀ ਰੂਹ ਵਿਚ ਅਪਣੀ ਮਾਂ ਬੋਲੀ ਲਈ, ਅਪਣੇ ਪੰਜਾਬ ਲਈ ਅੰਤਾਂ ਦਾ ਮੋਹ ਹੈ।

ਮੇਰੇ ਇਕ ਹੋਰ ਪਿਆਰੇ ਛੋਟੇ ਵੀਰ ਮੁਹੰਮਦ ਅਸਗਰ ਭੱਟੀ ਦੇ ਲੇਖ ਪੜ੍ਹ ਕੇ ਪਾਠਕ ਹੈਰਾਨ ਹੋ ਸਕਦੇ ਹਨ ਕਿ ਉਧਰਲੀ ਨਵੀਂ ਪੀੜ੍ਹੀ ਵਿਚ ਅਪਣੇ ਪਿਆਰਿਆਂ ਦੇ ਗਲ ਲੱਗ ਕੇ ਮਿਲਣ ਦੀ ਕਿੰਨੀ ਸਿੱਕ ਹੈ। ਉਸ ਦਾ ਪਿਛਲਾ ਪਿੰਡ ਬਠਿੰਡਾ ਨੇੜੇ ਪੱਕਾ ਸ਼ਹੀਦਾਂ ਹੈ, ਜਿਹੜਾ ਹੁਣ ਹਰਿਆਣੇ ਵਿਚ ਪੈਂਦੈ। ਉਸੇ ਪਿੰਡ ਦੀ 'ਭੂਆ ਸ਼ਹੀਦਾਂ' ਬਾਰੇ ਉਸ ਨੇ ਜਦੋਂ 'ਸਪੋਕਸਮੈਨ' ਵਿਚ ਲਿਖਿਆ ਤਾਂ ਪੜ੍ਹਨ ਵਾਲਿਆਂ ਦੀਆਂ ਰੂਹਾਂ 'ਚੋਂ ਵੀ ਹਉਕੇ ਨਿਕਲੇ। ਉਸ ਦਾ ਲੇਖ 'ਚਾਨਣੀ ਰਾਤ ਵਿਚ ਘੁੱਪ ਹਨੇਰਾ' ਪੜ੍ਹ ਕੇ ਸ਼ਾਇਦ ਹੀ ਕੋਈ ਅੱਖ ਹੋਵੇ ਜਿਹੜੀ ਸਿੱਲੀ ਨਾ ਹੋਵੇ। ਅਪਣੇ ਪਿਆਰਿਆਂ ਤੋਂ ਵਿਛੜਿਆਂ ਹੋਇਆਂ ਦੀਆਂ ਰੂਹਾਂ ਕਿਵੇਂ ਵਿਰਲਾਪ ਕਰ ਰਹੀਆਂ ਹਨ, ਇਸ ਦਾ ਜ਼ਿਕਰ ਕਾਂਬਾ ਛੇੜ ਦਿੰਦਾ ਹੈ।

ਅਸਗਰ ਭੱਟੀ ਨੇ ਜਿਵੇਂ ਵੰਡ ਦੇ ਦਰਦ ਨੂੰ ਬਿਆਨ ਕੀਤਾ, ਅਜਿਹਾ ਉਹੀ ਲਿਖ ਸਕਦਾ ਜਿਸ ਨੇ 'ਪੀੜ ਤੇਰੇ ਜਾਣ ਦੀ ਕਿੱਦਾਂ ਜ਼ਰਾਂਗਾ ਮੈਂ, ਤੇਰੇ ਬਗੈਰ ਜ਼ਿੰਦਗੀ ਨੂੰ ਕੀ ਕਰਾਂਗਾ ਮੈਂ' ਵਰਗੇ ਸੱਲਾਂ ਨੂੰ ਅਪਣੇ ਦਿਲ 'ਤੇ ਹੰਢਾਇਆ ਹੋਵੇ। ਮੁਹੰਮਦ ਅਸਲਮ ਦਾ ਲੇਖ ਉਨ੍ਹਾਂ ਬਜ਼ੁਰਗਾਂ ਦੀ ਬਾਤ ਪਾਉਂਦਾ ਜਿਹੜੇ ਵੰਡ ਦਾ ਦਰਦ ਆਪਣੇ ਨਾਲ ਲੈ ਕੇ ਹੀ ਇਸ ਦੁਨੀਆ ਤੋਂ ਚਲੇ ਗਏ।

ਕਿਤਾਬ ਕਾ ਟਾਈਟਲ ਅਰ ਪੰਜਾਬ ਕਾ ਨਕਸ਼ਾ ਪੁਆਧ ਕੇ ਛੋਕਰੇ ਸੁਰੇਸ਼ ਕੁਮਾਰ ਨੇ ਤਿਆਰ ਕਰਿਆ। ਉਸ ਕਾ ਧਨਵਾਦ ਕਰ ਕੈ ਮੈਂ ਉਸ ਪਰ ਬੋਝ ਨੀ ਪਾਣਾ ਚਾਂਹਦਾ, ਯਾਰੀ ਮਾਂ ਧਨਵਾਦ ਕਾਸਕਾ ਯਾਰੀ ਮਾਂ ਤੋ ਮਾਣ ਕਰਿਆ ਜਾਹਾ।

ਇਹ ਕਿਤਾਬ ਮਾਂ ਬੋਲੀ ਪੰਜਾਬੀ ਦੇ ਝੰਡੇ ਕੁਲ ਆਲਮ ਵਿਚ ਬੁਲੰਦ ਕਰਨ ਵਾਲੇ ਪੰਜਾਬੀ ਸੱਥ ਦੇ ਰੂਹੇ ਰਵਾਂ ਬਾਈ ਮੋਤਾ ਸਿੰਘ ਸਰਾਏ ਤੇ ਬਾਈ ਹਰਜਿੰਦਰ ਸਿੰਘ ਸੰਧੂ ਨੂੰ ਸਲਾਮੀ (ਸਮਰਪਤ) ਹੈ। ਬਾਹਰ ਗਏ ਬਹੁਤੇ ਪੰਜਾਬੀ ਤਾਂ ਕੜੇ, ਅੰਗੂਠੀਆਂ ਦੇ ਲਿਸ਼ਕਾਰੇ ਮਾਰਨ ਲਈ ਹੀ ਪੰਜਾਬ ਗੇੜਾ ਮਾਰਦੇ ਹਨ ਪਰ ਇਨ੍ਹਾਂ ਬਾਈਆਂ ਨੇ ਅਪਣੀ ਮਾਂ ਬੋਲੀ ਦੇ ਘਰ ਦੇ ਬਨੇਰਿਆਂ ਨੂੰ ਲਿਸ਼ਕਾਉਣ ਲਈ ਜਿਵੇਂ ਘਾਲਣਾ ਘਾਲੀ ਹੈ, ਉਹ ਯਤਨ ਸਾਡੀ ਸਲਾਮੀ ਦੇ ਹੱਕਦਾਰ ਹਨ। ਆਸਟਰੇਲੀਆ ਹੋਵੇ, ਇੰਗਲੈਂਡ ਹੋਵੇ ਜਾਂ ਫਿਰ ਜਰਮਨੀ, ਜਿਥੇ ਵੀ ਮਾਂ ਬੋਲੀ ਪੰਜਾਬੀ ਦਾ ਝੰਡਾ ਬੁਲੰਦ ਕਰਨ ਦੀ ਗੱਲ ਚਲਦੀ ਹੈ, ਉਥੇ ਮੇਰੇ ਬਾਈ ਇੰਜ ਹਾਜ਼ਰ ਹੁੰਦੇ ਹਨ ਜਿਵੇਂ ਕੋਈ ਅਪਣੇ ਪਿਆਰੇ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋਣ ਲਈ ਚਾਵਾਂ ਦਾ ਦੀਵਾ ਬਾਲ ਕੇ ਬੈਠਾ ਹੋਵੇ। ਅਪਣੀ ਮਾਂ ਬੋਲੀ ਦੇ ਕੱਦ ਨੂੰ ਹੋਰ ਉੱਚਾ ਕਰਨ ਦੇ ਸੁਪਨੇ ਵੇਖਣਾ ਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਜਿਊਣਾ, ਇਹ ਬਾਈ ਮੋਤਾ ਸਿੰਘ ਸਰਾਏ ਤੇ ਬਾਈ ਹਰਜਿੰਦਰ ਸਿੰਘ ਸੰਧੂ ਵਰਗੇ ਸੱਜਣਾਂ ਦੇ ਹੀ ਹਿੱਸੇ ਆਇਆ ਹੈ। ਪੰਜਾਬੀ ਬੋਲੀ ਨਾਲ ਇਨ੍ਹਾਂ ਬਾਈਆਂ ਨੂੰ ਕਿੰਨੀ ਮੁਹੱਬਤ ਹੈ, ਇਸ ਦਾ ਅੰਦਾਜ਼ਾ ਬਾਈ ਮੋਤਾ ਸਿੰਘ ਸਰਾਏ ਦੇ ਇਨ੍ਹਾਂ ਸ਼ਬਦਾਂ ਤੋਂ ਲਾਇਆ ਜਾ ਸਕਦਾ,"ਪੰਜਾਬੀ ਦੇ ਸਿਰ 'ਤੇ ਲੋਕ ਕਾਰਾਂ, ਕੋਠੀਆਂ ਵਾਲੇ ਬਣ ਗਏ। ਪਬਲਿਸ਼ਰਾਂ ਨੇ ਕਰੋੜਾਂ ਰੁਪਏ ਕਮਾ ਲਏ ਪਰ ਉਹ ਫਿਰ ਵੀ ਇਹੀ ਰਾਗ ਅਲਾਪਦੇ ਹਨ ਕਿ ਪੰਜਾਬੀ ਦੀਆਂ ਕਿਤਾਬਾਂ ਕੌਣ ਪੜ੍ਹਦੈ ? ਜਦੋਂ ਕੋਈ ਆ ਕੇ ਮੈਨੂੰ ਇਹ ਕਹੇਗਾ ਕਿ ਉਹ ਪੰਜਾਬੀ ਮਾਂ ਬੋਲੀ ਦੇ ਸਿਰ 'ਤੇ ਲੱਖਪਤੀ ਬਣ ਗਿਐ, ਉਸ ਦਿਨ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ।" ਜਦੋਂ ਤਕ ਬਾਈ ਮੋਤਾ ਸਿੰਘ ਸਰਾਏ ਤੇ ਬਾਈ ਹਰਜਿੰਦਰ ਸਿੰਘ ਸੰਧੂ ਵਰਗੇ ਸੱਜਣ ਮਾਂ ਬੋਲੀ ਪੰਜਾਬੀ ਦੇ ਬੂਟੇ ਨੂੰ ਅਪਣੀਆਂ ਰੀਝਾਂ ਦਾ ਪਾਣੀ ਲਾਉਂਦੇ ਰਹਿਣਗੇ, ਸਾਡੀ ਮਾਂ ਬੋਲੀ ਨੂੰ ਸੱਤੇ ਹੀ ਖ਼ੈਰਾਂ ਰਹਿਣਗੀਆਂ।

ਸੰਤਾਲੀ ਵਿਚ ਸਾਨੂੰ ਅਪਣੇ ਹੀ ਭਰਾਵਾਂ ਤੋਂ ਜੁਦਾ ਕੀਤਾ ਗਿਆ। ਅਪਣਿਆਂ ਨੇ ਹੀ ਅਪਣਿਆਂ ਦੇ ਆਹੂ ਲਾਹੇ। ਇਸ ਦਾ ਸੱਭ ਤੋਂ ਵੱਡਾ ਕਾਰਨ ਧਰਮਾਂ ਦਾ ਪਾੜਾ ਬਣਿਆ। ਧਰਮ ਨਿਜੀ ਤੌਰ ਤੇ ਬਹੁਤ ਚੰਗਾ ਹੋ ਸਕਦਾ ਪਰ ਜਦੋਂ ਇਕ ਭੀੜ ਧਰਮ ਦੇ ਨਾਂ 'ਤੇ ਇਕੱਠੀ ਹੁੰਦੀ ਹੈ ਤਾਂ ਧਰਮ ਮਨੁੱਖਤਾ ਦੇ ਸੱਭ ਤੋਂ ਵੱਡੇ ਦੁਸ਼ਮਣ ਵਜੋਂ ਪੇਸ਼ ਹੁੰਦਾ। ਇਸ ਸਮੇਂ ਵੀ ਧਰਮ ਲੋਟੂ ਹਾਕਮਾਂ ਤੇ ਧਰਮ ਦੇ ਪੁਜਾਰੀਆਂ ਦੇ ਹੱਥ ਵਿਚ ਅਜਿਹਾ ਹਥਿਆਰ ਹੈ,





ਜਿਸ ਦੀ ਆੜ ਹੇਠ ਗਰੀਬਾਂ ਤੇ ਮਜ਼ਲੂਮਾਂ ਨੂੰ 'ਸੁਰਗਾਂ ਦੀਆਂ ਟਿਕਟਾਂ' ਵੇਚੀਆਂ ਜਾ ਰਹੀਆਂ ਹਨ।

ਵੰਡ 'ਤੇ ਲਿਖੇ ਸੋਹਣ ਸਿੰਘ ਸੀਤਲ ਦੇ ਤਵਾਰੀਖ਼ੀ ਨਾਵਲ 'ਤੂਤਾਂ ਵਾਲਾ ਖ਼ੂਹ' ਦੇ ਕਿਰਦਾਰ ਗਹਿਣੇ ਲੁਹਾਰ ਦੇ ਇਹ ਬੋਲ ਪੂਰੀ ਮਨੁੱਖਤਾ ਦੀ ਹੂਕ ਹਨ, ਜਦੋਂ ਉਹ ਪਿੰਡ ਦੇ ਸਾਂਝੇ ਬਾਬਾ 'ਕਾਲੀ ਨੂੰ ਪਿੰਡ ਛੱਡਣ ਸਮੇਂ ਕਹਿੰਦੈ, "ਬਾਬਾ 'ਕਾਲੀਆ ਹਿੰਦੂਆਂ ਅਤੇ ਸਿੱਖਾਂ ਲਈ ਹਿੰਦੋਸਤਾਨ ਬਣ ਗਿਆ ਤੇ ਮੁਸਲਮਾਨਾਂ ਲਈ ਪਾਕਿਸਤਾਨ, ਮੈਨੂੰ ਕਾਫ਼ਰ ਨੂੰ ਵੀ ਦੱਸ ਜਾ ਕਿ ਮੈਂ ਕਿਧਰ ਜਾਵਾਂ ?" ਅੱਜ ਸਾਨੂੰ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਨਹੀਂ ਸਗੋਂ ਗਹਿਣੇ ਲੁਹਾਰ ਵਰਗੇ 'ਕਾਫ਼ਰਾਂ' ਦੀ ਬਹੁਤ ਲੋੜ ਹੈ। 'ਕਾਫ਼ਰ' ਹੀ ਸਹੀ ਅਰਥਾਂ ਵਿਚ 'ਰੱਬ ਦੇ ਬੰਦੇ' ਹੁੰਦੇ ਹਨ।

ਕਦੇ ਬਾਬੇ ਨਾਨਕ ਨੇ ਵੀ 'ਰੱਬ ਦੇ ਬੰਦਿਆਂ' ਦੀ ਗੱਲ ਕੀਤੀ ਸੀ ਪਰ ਅੱਜ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਕਿ ਬਾਬੇ ਨਾਨਕ ਦੇ ਮਨੁੱਖਤਾਵਾਦੀ ਸੁਨੇਹੇ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਨੂੰ ਅੱਜ ਦੇ ਸਿੱਖ ਅਲਵਿਦਾ ਕਹਿ ਚੁੱਕੇ ਹਨ। ਉਹ ਬਾਬੇ ਨਾਨਕ ਦੇ ਸੁਨੇਹੇ ਦੀ ਥਾਂ ਪੱਥਰ 'ਚ ਲੱਗੇ ਪੰਜੇ ਨੂੰ ਮੱਥਾ ਟੇਕ ਕੇ ਮੁਕਤੀ ਲੱਭਦੇ ਹਨ। ਨਨਕਾਣਾ ਸਾਹਿਬ ਤੇ ਹਸਨ ਅਬਦਾਲ ਵਿਚ ਜੋ ਕੁੱਝ ਹੋ ਰਿਹੈ, ਉਸ ਦਾ ਉਸ ਬਾਬੇ ਨਾਨਕ ਨਾਲ ਕੋਈ ਮੇਲ ਨਹੀਂ ਜਿਸ ਨੇ ਮਰਦਾਨੇ ਨਾਲ ਜਗਨਨਾਥਪੁਰੀ ਦੇ ਮੰਦਰ ਵਿਚ ਜਾ ਕੇ ਕਿਹਾ ਸੀ ਕਿ ਤੁਸੀਂ ਰੱਬ ਦੀ ਆਰਤੀ ਕਰਨ ਵਿਚ ਅਪਣਾ ਸਮਾਂ ਖ਼ਰਾਬ ਨਾ ਕਰੋ, ਉਸ ਦੀ ਆਰਤੀ ਤਾਂ ਅਪਣੇ ਆਪ ਹੀ ਹੋ ਰਹੀ ਹੈ। ਅੱਜ ਦਾ ਸਿੱਖ ਧਰਮ ਤੇ ਬਾਬੇ ਨਾਨਕ ਦੀ ਮਨੁੱਖਤਾਵਾਦੀ ਸੋਚ ਇਕ ਤਰ੍ਹਾਂ ਨਾਲ ਨਦੀ ਦੇ ਦੋ ਕਿਨਾਰੇ ਬਣ ਗਏ ਹਨ ਜਿਨ੍ਹਾਂ ਦਾ ਮੇਲ ਹੋਣਾ ਔਖਾ ਲਗਦੈ। ਬਾਬੇ ਨਾਨਕ ਨੇ ਅਪਣੀ ਬਾਣੀ ਵਿਚ ਅਪਣੀ ਮਾਂ ਬੋਲੀ ਭੁੱਲ ਜਾਣ ਵਾਲਿਆਂ ਨੂੰ ਮਲੇਛ ਤਕ ਕਿਹਾ ਹੈ। (ਹਵਾਲਾ ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ : ਪ੍ਰੋ. ਪ੍ਰੀਤਮ ਸਿੰਘ)। ਅੱਜ ਸਾਡੀ ਪੰਜਾਬੀਆਂ ਦੀ ਬਹੁਗਿਣਤੀ ਇਕ ਤਰ੍ਹਾਂ ਨਾਲ ਮਲੇਛਾਂ ਵਿਚ ਬਦਲ ਗਈ ਹੈ।

ਦੋਵਾਂ ਪੰਜਾਬਾਂ ਵਿਚਕਾਰ ਸੱਭ ਤੋਂ ਵੱਡੀ ਸਾਂਝ ਸਾਡੀ ਮਾਂ ਬੋਲੀ ਪੰਜਾਬੀ ਹੈ ਪਰ ਅੱਜ ਬੜੇ ਦੁਖ ਦੀ ਗੱਲ ਹੈ ਕਿ ਦੋਵੇਂ ਪਾਸੇ ਸਾਡੀ ਮਾਂ ਬੋਲੀ ਦੀ ਜੱਖਣਾ ਪੱਟੀ ਜਾ ਰਹੀ ਹੈ। ਸਾਡੀ ਮਾਂ ਬੋਲੀ ਦੇ ਸੋਨੇ ਦੀਆਂ ਇੱਟਾਂ ਵਰਗੇ ਲਫ਼ਜ਼ਾਂ ਵਿਚ ਹੋਰ ਜ਼ਬਾਨਾਂ ਦੇ ਰੋੜੇ ਮਿਲਾਏ ਜਾ ਰਹੇ ਹਨ। ਲਹਿੰਦੇ ਪੰਜਾਬ ਵਿਚ ਤਾਂ ਮੁੱਲੇ ਮੌਲਾਣਿਆਂ ਨੇ ਉਰਦੂ ਨੂੰ ਧਰਮ ਦੀ ਤੇ ਪੰਜਾਬੀ ਨੂੰ 'ਕਾਫ਼ਰਾਂ' ਦੀ ਜ਼ਬਾਨ ਬਣਾ ਕੇ ਰੱਖ ਦਿਤੈ ਅਤੇ ਚੜ੍ਹਦੇ ਪੰਜਾਬ ਵਿਚ 'ਵੱਡੇ ਸਰਦਾਰ' ਹਿੰਦੀ ਤੇ ਅੰਗਰੇਜ਼ੀ ਨੂੰ ਜੱਫੀਆਂ ਪਾਉਣ ਲੱਗੇ ਹੋਏ ਹਨ।

ਚੜ੍ਹਦੇ ਪੰਜਾਬ ਵਿਚ ਇਸ ਸਮੇਂ ਪੰਜਾਬੀ ਦੀ 'ਬੱਲੇ-ਬੱਲੇ' ਕਰਵਾਉਣ ਲਈ ਪੰਜਾਬੀ ਅਖ਼ਬਾਰਾਂ ਸੱਭ ਤੋਂ ਅੱਗੇ ਹੋ ਕੇ ਭੱਜ ਰਹੀਆਂ ਹਨ। ਪੰਜਾਬੀ ਅਖ਼ਬਾਰਾਂ ਵਿਚ ਖ਼ਬਰ ਛਪਦੀ ਹੈ ਕਿ ਇਕੱਠ ਵਿਚ ਬਹੁਤ ਘੱਟ ਵਿਅਕਤੀ ਹਾਜ਼ਰ ਸਨ। ਇਹ 'ਵਿਅਕਤੀ' ਕੀ ਹੁੰਦਾ ਹੈ

ਬਈ? ਅਸਲ ਵਿਚ 'ਬੰਦਾ' ਲਫ਼ਜ਼ ਪੰਜਾਬੀ ਅਖ਼ਬਾਰਾਂ ਨੂੰ ਪੇਂਡੂ ਲਗਦੈ। ਪੰਜਾਬੀ ਵਿੱਚ ਤਾਂ ਬੰਦਾ ਲਫ਼ਜ਼ ਉਂਜ ਵੀ ਬਹੁਤ ਵਡੇ ਅਰਥ ਰਖਦੈ। ਦੁਨੀਆਂ ਵਿਚ ਪਹਿਲੀ ਵਾਰ ਪੰਜਾਬ ਦੀ ਧਰਤੀ 'ਤੇ ਮੁਜਾਰਿਆਂ ਨੂੰ ਜ਼ਮੀਨਾਂ ਦੇ ਹੱਕ ਦਿਵਾ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਲੋਕ ਪੱਖੀ ਇਨਕਲਾਬ ਦਾ ਝੰਡਾ ਬੁਲੰਦ ਕੀਤਾ ਸੀ। ਪੰਜਾਬੀ ਅਖ਼ਬਾਰਾਂ ਉਸ ਮਹਾਨ ਬਾਬੇ ਦੀ ਯਾਦ ਵਿੱਚ ਹੀ 'ਬੰਦਾ' ਲਿਖ ਦਿਆ ਕਰਨ ਪਰ ਇਨ੍ਹਾਂ ਨੇ ਤਾਂ 'ਵਿਅਕਤੀ' ਲਿਖ ਕੇ ਪੰਜਾਬੀ ਨੂੰ 'ਸ਼ਹਿਰੀ ਲੋਕਾਂ' ਦੀ 'ਸਲੀਕੇਦਾਰ' ਜ਼ਬਾਨ ਬਣਾਉਣ ਦਾ ਬੀੜਾ ਚੁਕਿਆ ਹੋਇਐ। ਪੰਜਾਬੀ ਅਖ਼ਬਾਰ ਪਹਿਲਾਂ 'ਜ਼ਨਾਨੀ' ਜਾਂ 'ਤੀਵੀਂ' ਨੂੰ 'ਔਰਤ' ਲਿਖਦੇ ਸਨ ਤੇ ਹੁਣ ਉਸ ਤੋਂ ਵੀ ਅੱਗੇ ਤਰੱਕੀ ਕਰ ਕੇ 'ਮਹਿਲਾ' ਲਿਖਣ ਲੱਗ ਪਏ ਹਨ। ਜੇ ਇਨ੍ਹਾਂ ਦਾ ਵਸ ਚਲੇ ਤਾਂ ਇਹ ਕਹਿਣਗੇ ਕਿ ਮਾਲਵੇ ਦੀ ਪ੍ਰਸਿੱਧ ਲੋਕ ਬੋਲੀ "ਤੀਵੀਂਆਂ ਚੋਂ ਤੀਵੀਂ ਐ ਬਈ ਜੋਗੇ ਰੱਲੇ ਦੀ" ਨੂੰ ਲਿਖਣਾ ਚਾਹੀਦਾ "ਮਹਿਲਾਵਾਂ ਚੋਂ ਮਹਿਲਾ ਐ ਬਈ ਜੋਗੇ ਰੱਲੇ ਦੀ"! ਅਪਣੀ ਕਿਤਾਬ "ਮੁੱਲ ਦੀ ਤੀਵੀਂ" ਨਾਲ ਪੰਜਾਬੀ ਸੰਸਾਰ ਵਿਚ ਤਰਥੱਲੀ ਮਚਾਉਣ ਵਾਲੀ ਵੀਨਾ ਵਰਮਾ ਨੂੰ ਮੈਂ ਸੁਝਾਅ ਦੇਣਾ ਚਾਹਾਂਗਾ ਕਿ ਉਹ ਆਪਣੀ ਕਿਤਾਬ ਦਾ ਨਾਂ 'ਟਕਸਾਲੀ ਪੰਜਾਬੀ' ਵਿਚ 'ਮੁੱਲ ਦੀ ਮਹਿਲਾ' ਰੱਖ ਲਵੇ। 'ਪੌਣੇ ਕਾਮਰੇਡਾਂ' ਦਾ ਇਕ ਅਖ਼ਬਾਰ ਤਾਂ ਪੰਜਾਬੀ ਦਾ ਭੋਗ ਪਾ ਕੇ ਸ਼ਾਇਦ ਕੋਈ ਤਮਗ਼ਾ ਜਿੱਤਣਾ ਚਾਹੁੰਦੈ। ਇਸ ਵਿਚ ਇਕ ਦਿਨ ਖ਼ਬਰ ਛਪੀ ਕਿ 'ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਦੀ ਲੱਤ ਲੱਗੀ'। 'ਨਸ਼ੇ ਕੀ ਲਤ' ਹਿੰਦੀ ਦਾ ਮੁਹਾਵਰਾ ਹੈ ਪਰ ਇਨ੍ਹਾਂ ਨੇ ਪੰਜਾਬੀ ਵਿਚ ਵੀ ਨਸ਼ੇ ਨੂੰ ਲੱਤ ਲਾ ਦਿਤੀ। ਸ਼ੁਕਰ ਹੈ ਹਾਲੇ ਲੱਤ ਹੀ ਲਾਈ ਹੈ, ਅੱਗੇ ਵੇਖੋ ਕੀ-ਕੀ ਲਾਉਂਦੇ ਹਨ। ਇਕ ਦਿਨ ਤਾਂ ਹੱਦ ਹੀ ਹੋ ਗਈ, ਖ਼ਬਰ ਲੱਗੀ ਕਿ ਗੁਲਾਮ (ਕਾਮਨਵੈਲਥ) ਖੇਡਾਂ ਦੇ ਤੈਰਾਕੀ ਤਲਾਅ ਦੇ 'ਨੀਚੇ' ਵੀ ਕੈਮਰੇ ਲਾਏ ਗਏ ਹਨ। ਪੰਜਾਬੀ ਵਿਚ 'ਹੇਠਾਂ, ਥੱਲੇ ਤੇ ਤਲੈ' ਤਿੰਨ ਲਫ਼ਜ਼ ਹਨ ਜਿਨ੍ਹਾਂ 'ਤੇ ਕਾਟਾ ਮਾਰ ਕੇ 'ਪੌਣੇ ਕਾਮਰੇਡ' ਨੀਚੇ ਲਿਖ ਕੇ ਪੰਜਾਬੀ ਨੂੰ ਵੀ 'ਨੀਚੇ' ਲਾਉਣ ਦਾ ਜੁਰਮ ਕਰ ਰਹੇ ਹਨ। ਇਥੇ ਲਿਖਿਆ ਲਫ਼ਜ਼ 'ਤਲੈ' ਕਈਆਂ ਨੂੰ ਹੈਰਾਨ ਕਰ ਸਕਦੈ। ਇਹ ਲਫ਼ਜ਼ ਠੇਠ ਪੁਆਧੀ ਦਾ ਹੈ ਤੇ ਇਸ ਨੂੰ ਬਾਬਾ ਫ਼ਰੀਦ ਨੇ ਅਪਣੀ ਬਾਣੀ ਵਿਚ ਵਰਤ ਕੇ ਅਮਰ ਕਰ ਦਿਤੈ। ਬਾਬਾ ਜੀ ਦਾ ਸਲੋਕ ਹੈ :

*ਫਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੁ ਨ ਕੋਇ*
*ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ* (ਗੁਰੂ ਗ੍ਰੰਥ ਸਾਹਿਬ ਸਫ਼ਾ 1378)

ਬਾਬਾ ਜੀ ਕੁਝ ਸਮਾਂ ਪੁਆਧ (ਸਾਡੇ ਇਲਾਕੇ) ਵਿਚ ਵਿਚਰੇ ਜਿਸ ਸਦਕਾ ਉਨ੍ਹਾਂ ਨੇ ਇਥੋਂ ਦੇ ਕਈ ਲਫ਼ਜ਼ ਵੀ ਅਪਣੀ ਬਾਣੀ ਵਿਚ ਵਰਤੇ। ਅੱਜ ਸਾਰੀਆਂ ਪੰਜਾਬੀ ਅਖ਼ਬਾਰਾਂ ਹਿੰਦੀ ਨੂੰ ਪੰਜਾਬੀ ਵਿਚ ਲਿਖ ਕੇ 'ਪੰਜਾਬੀ ਦੀ ਸੇਵਾ' ਕਰਨ ਲੱਗੀਆਂ ਹੋਈਆਂ ਹਨ। ਜੇ ਕਿਸੇ ਵੀ ਸਰਕਾਰੀ ਮਹਿਕਮੇ ਵਿਚ ਪੰਜਾਬੀ ਲਾਗੂ ਨਹੀਂ ਹੁੰਦੀ ਤਾਂ ਇਹ ਤੁਰਤ ਖ਼ਬਰ ਲਾਉਂਦੇ ਹਨ, 'ਪੰਜਾਬੀ ਲਾਗੂ ਕਰਨ ਦੇ ਸਰਕਾਰੀ ਆਦੇਸ਼ਾਂ ਦੀ ਤਹਿਸੀਲ ਦਫ਼ਤਰ ਨੂੰ ਕੋਈ ਪ੍ਰਵਾਹ ਨਹੀਂ'। ਇਨ੍ਹਾਂ ਦੀ ਪੰਜਾਬੀ ਹਿੰਦੀ ਦੇ 'ਆਦੇਸ਼ਾਂ' ਨਾਲ ਲਾਗੂ ਹੁੰਦੀ ਹੈ ਪੰਜਾਬੀ ਦੇ ਹੁਕਮਾਂ ਨਾਲ ਨਹੀਂ। ਹੁਣ ਤਾਂ ਹਤਿਆ, ਗਠਨ, ਗੁਹਾਰ, ਗਤੀਵਿਧੀਆਂ,





ਪਦਉਨਤੀਆਂ, ਅਯੋਜਤ, ਸੰਪਨ, ਅਗਾਮੀ, ਵਿਅਕਤੀਤਵ, ਦੁਰਗਮ, ਸਮਰਥਨ, ਪ੍ਰਕੋਪ ਵਰਗੇ ਪਤਾ ਨਹੀਂ ਕਿੰਨੇ ਹੀ ਲਫ਼ਜ਼ਾਂ ਨਾਲ ਸਾਡੀ ਮਾਂ ਬੋਲੀ ਨੂੰ ਟਕਸਾਲੀ ਬਣਾਇਆ ਜਾ ਰਿਹੈ। ਜੇ ਕਿਸੇ ਲਹਿੰਦੇ ਪੰਜਾਬ ਦੇ ਬੰਦੇ ਨੂੰ ਇਧਰ ਦਾ ਪੰਜਾਬੀ ਅਖ਼ਬਾਰ ਪੜ੍ਹ ਕੇ ਸੁਣਾ ਦਿਤਾ ਜਾਵੇ ਤਾਂ ਉਹ ਅਪਣੇ ਸਿਰ ਦੇ ਵਾਲ ਪੁੱਟ ਲਵੇਗਾ। ਅਖ਼ਬਾਰੀ ਕਾਮੇ ਪੰਜਾਬੀਅਤ ਬਾਰੇ ਕਿੰਨਾ ਕੁ ਗਿਆਨ ਰਖਦੇ ਹਨ? ਜੇ ਅਖ਼ਬਾਰੀ ਕਾਮਿਆਂ ਨੂੰ ਇਹ ਸਵਾਲ ਪਾਇਆ ਜਾਵੇ ਕਿ ਗੁਰਬਖ਼ਸ਼ ਸਿੰਘ ਪ੍ਰੀਤਲੜੀ ਕੌਣ ਸੀ ਤਾਂ ਬਹੁਤਿਆਂ ਦਾ ਜਵਾਬ ਇਹੀ ਹੋਵੇਗਾ ਕਿ ਉਹ ਕੈਰੋਂ ਸਰਕਾਰ 'ਚ ਖੇਤੀ ਵਜ਼ੀਰ ਹੁੰਦਾ ਸੀ।

ਜਦੋਂ ਮੈਂ ਇਕ ਅਖ਼ਬਾਰੀ ਕਾਮੇ ਨੂੰ ਸਾਹਿਤ ਨਾ ਪੜ੍ਹਨ ਬਾਰੇ ਪੁਛਿਆ ਤਾਂ ਉਸ ਦਾ ਜਵਾਬ ਸੁਣਨ ਵਾਲਾ ਸੀ, " ਸੱਤ ਅੱਠ ਘੰਟੇ ਦੀ ਤਾਂ ਡਿਊਟੀ ਹੁੰਦੀ ਹੈ। ਬਾਕੀ ਸਮਾਂ ਦਾਰੂ ਪੀਣ ਵਿਚ ਲੰਘ ਜਾਂਦਾ, ਸਾਹਿਤ ਦੱਸ ਕਦੋਂ ਪੜ੍ਹੀਏ? ਬਹੁਤੇ ਅਖ਼ਾਬਰੀ ਕਾਮਿਆਂ ਦਾ ਤਾਂ ਇਹ ਹਾਲ ਹੈ ਕਿ ਉਹ ਅਪਣੀ ਡਿਊਟੀ ਖ਼ਤਮ ਕਰ ਕੇ ਸ਼ਰਾਬ ਦੇ ਠੇਕੇ ਵਲ ਇਸ ਤਰ੍ਹਾਂ ਭੱਜਦੇ ਹਨ, ਜਿਵੇਂ ਜੇਠ ਦੀਆਂ ਤਿੱਖੜ ਦੁਪਹਿਰਾਂ ਤੋਂ ਅੱਕਿਆ ਝੋਟਾ ਟੋਭੇ ਵਲ ਭੱਜਦਾ ਹੁੰਦਾ। ਪੰਜਾਬੀ ਬੋਲੀ ਨੂੰ ਖ਼ਾਲਸ ਰੱਖਣ ਦਾ ਭਾਰ ਬਹੁਤ ਹਦ ਤਕ ਅਖ਼ਬਾਰੀ ਕਾਮਿਆਂ ਦੇ ਮੋਢਿਆਂ 'ਤੇ ਹੈ ਪਰ ਉਨ੍ਹਾਂ 'ਚੋਂ ਬਹੁਤਿਆਂ ਦੇ ਮੋਢੇ ਤਾਂ ਉਨ੍ਹਾਂ ਦੇ ਸਿਰਾਂ ਦਾ ਭਾਰ ਚੁੱਕਣ ਲਈ ਵੀ ਤਿਆਰ ਨਹੀਂ, ਪੰਜਾਬੀ ਦਾ ਭਾਰ ਕਿੱਥੋਂ ਚੁੱਕਣਗੇ? ਮੇਰੀਆਂ ਗੱਲਾਂ ਸੁਣ ਕੇ ਡਾਂਗ ਨਾ ਚੁੱਕ ਲੈਣਾ ਮਿੱਤਰੋ, ਦਲੀਲ ਦੇ ਘੋੜੇ 'ਤੇ ਬਹਿ ਕੇ ਗੱਲ ਕਰਨਾ ਫਿਰ ਹੀ ਕੋਈ ਸੱਪ ਨਿਕਲੇਗਾ। ਬਾਬੇ ਨਾਨਕ ਦੇ ਕਹੇ ਅਨੁਸਾਰ ਜਦੋਂ ਤਕ ਇਹ ਦੁਨੀਆਂ ਕਾਇਮ ਹੈ ਵਿਚਾਰ ਵਟਾਂਦਰਾ ਚਲਦਾ ਰਹਿਣਾ ਚਾਹੀਦਾ।

ਅੱਜ ਅਪਣੇ ਆਪ ਨੂੰ ਪੜ੍ਹੇ ਲਿਖੇ ਤੇ ਸਲੀਕੇਦਾਰ ਸ਼ਹਿਰੀ ਅਖਵਾਉਣ ਵਾਲੇ ਪੰਜਾਬੀ ਨੂੰ ਆਖ਼ਰੀ ਪੌੜੀ ਚੜ੍ਹਾਉਣ ਲੱਗੇ ਹੋਏ ਹਨ। ਇਨ੍ਹਾਂ ਦੀ ਗੱਲਬਾਤ ਵੇਖੋ। 'ਕਲ ਮੇਰਾ ਬ੍ਰਦਰ ਇਨ ਲਾਅ ਆ ਗਿਆ। ਮੈਂ, ਵਾਈਫ ਵਿਦ ਚਿਲਡਰਨ ਉਸ ਦੇ ਨਾਲ ਬਾਜ਼ਾਰ ਸ਼ੌਪਿੰਗ ਕਰਨ ਚਲੇ ਗਏ। ਆਫਟਰਨੂਨ ਘਰ ਵਾਪਸ ਆਏ। ਪੌੜੀਆਂ ਚੜ੍ਹਨ ਲੱਗਿਆਂ ਬੇਟੀ ਪੌੜੀਆਂ ਤੋਂ ਨੀਚੇ ਡਿੱਗ ਪਈ। ਉਸ ਨੂੰ ਡਾਕਟਰ ਕੋਲ ਲੈ ਕੇ ਗਏ। ਸਾਰਾ ਦਿਨ ਹਰਾਸਮੈਂਟ 'ਚ ਹੀ ਵੇਸਟ ਹੋ ਗਿਆ।' ਪੜ੍ਹੇ ਲਿਖੇ ਤੇ ਸ਼ਹਿਰੀ ਚੂਹੇ ਮਾਂ ਬੋਲੀ ਪੰਜਾਬੀ ਦੇ ਖੇਤ ਦੇ ਮਿੱਠੇ ਗੰਨਿਆਂ ਨੂੰ ਅਪਣੇ ਤਿੱਖੇ ਦੰਦਾਂ ਨਾਲ ਕੁਤਰਨ ਲੱਗੇ ਹੋਏ ਹਨ। ਇਹ ਲਫ਼ਜ਼ ਪੜ੍ਹ ਕੇ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆਂ ਨੂੰ ਤਾਂ ਗੁੱਸਾ ਨਹੀਂ ਆਵੇਗਾ ਪਰ 'ਚੂਹੇ' ਜ਼ਰੂਰ ਗੁੱਸਾ ਕਰਨਗੇ।

ਅੱਜ ਵੀ ਜੇ ਕਿਸੇ ਨੇ ਖੂਹ ਦੀਆਂ ਟਿੰਡਾਂ ਦੇ ਪਾਣੀ ਵਰਗੀ ਪੰਜਾਬੀ ਦਾ ਖ਼ਜ਼ਾਨਾ ਵੇਖਣਾ ਹੋਵੇ ਤਾਂ ਕਿਸੇ ਖੇਤ ਦੀ ਵੱਟ 'ਤੇ ਘਾਹ ਖੋਤਦੇ ਕਾਮੇ ਕੋਲ ਜਾਣਾ, ਕਿਸੇ ਭੱਠੀ 'ਤੇ ਦਾਣੇ ਭੁੰਨਦੀ ਭਠਿਆਰਨ ਜਾਂ ਹਾਲੇ ਵੀ ਬਲਦਾਂ ਨਾਲ ਖੇਤੀ ਕਰਦੇ ਖੇਤਾਂ ਦੇ ਪੁੱਤ ਕੋਲ ਜਾਣਾ, ਉਨ੍ਹਾਂ ਤੋਂ, ਜਾਂਦੇ ਰਾਹੀਆਂ ਨੂੰ ਜੱਫੀਆਂ ਪਾਉਣ ਵਾਲੇ ਅਜਿਹੇ ਲਫ਼ਜ਼ ਸੁਣਨ ਨੂੰ ਮਿਲਣਗੇ, ਜਿਨ੍ਹਾਂ ਨੂੰ ਸੁਣਨ ਤੋਂ ਬਾਅਦ ਜੀਅ ਕਰੇਗਾ ਕਿ ਮਾਂ ਬੋਲੀ ਦੇ ਨਾਂ 'ਤੇ ਅਸਮਾਨ

ਜਿੱਡੀ ਉੱਚੀ ਹੇਕ ਲਾ ਕੇ ਬੋਲੀ ਪਾਈ ਜਾਵੇ।

ਸਾਨੂੰ ਧਰਮਾਂ ਨੂੰ ਥੋੜ੍ਹੀ ਦੇਰ ਲਈ ਕਿਸੇ ਅਲਮਾਰੀ ਵਿਚ ਬੰਦ ਕਰ ਕੇ ਅਪਣੀ ਮਾਂ ਬੋਲੀ ਦਾ ਝੰਡਾ ਤਕੜੇ ਹੱਥ ਕਰ ਕੇ ਚੁੱਕ ਲੈਣਾ ਚਾਹੀਦੈ। ਸਾਡੀ ਮਾਂ ਬੋਲੀ ਵਿਚ ਹੀ ਉਹ ਤਾਕਤ ਹੈ ਜਿਹੜੀ ਵਾਹਗੇ ਵਾਲੀ ਕੰਧ ਨੂੰ ਤੋੜ ਸਕਦੀ ਹੈ। ਜੇ ਅਸੀਂ ਧਰਮਾਂ ਵਾਲੇ ਬਖੇੜੇ ਵਿਚ ਫਸੇ ਰਹੇ ਤਾਂ ਸਾਡਾ ਇਸ ਜਨਮ ਤਾਂ ਕੀ, ਕਿਸੇ ਵੀ ਜਨਮ ਵਿਚ ਮੇਲ ਨਹੀਂ ਹੋ ਸਕੇਗਾ। ਅੱਜ ਸਾਨੂੰ ਬਾਬੇ ਬੁੱਲ੍ਹੇ ਵਾਂਗ ਅਪਣੇ ਪਿਆਰਿਆਂ ਨੂੰ ਗਲ ਲਾਉਣ ਵਿਚ ਪਹਿਲੀ ਕਰਨੀ ਚਾਹੀਦੀ ਹੈ, ਇਹੀ ਸੱਭ ਤੋਂ ਵੱਡੀ ਮਨੁੱਖਤਾ ਹੈ। ਬਾਬਾ ਬੁੱਲ੍ਹਾ ਤਾਂ ਸਾਨੂੰ ਇਥੋਂ ਤਕ ਖ਼ਬਰਦਾਰ ਕਰਦਾ ਕਿ ਅਪਣੇ ਯਾਰ, ਪਿਆਰਿਆਂ ਨੂੰ ਮਨਾਉਣ ਵਿਚ ਕਿਤੇ ਕੁੱਤੇ ਵੀ ਸਾਥੋਂ ਬਾਜ਼ੀ ਨਾ ਲੈ ਜਾਣ। ਦੇਖੋ ਬਾਬੇ ਨੇ ਕਿਆ ਚੰਗਿਆੜਾ ਕਢਿਆ, ਕਰੋ ਜ਼ਰਾ ਰੂਹ ਰਾਜ਼ੀ :-

*ਰਾਤੀਂ ਜਾਗੇਂ ਤਾਂ ਸ਼ੇਖ਼ ਅਖਵਾਵੇਂ*
*ਪਰ ਰਾਤੀਂ ਜਾਗਣ ਕੁੱਤੇ*
*ਤੈਂ ਥੀ ਉਤੇ*
*ਰਾਤੀਂ ਭੌਂਕਣੋਂ ਬਾਜ਼ ਨਾ ਆਉਂਦੇ*
*ਫਿਰ ਜਾ ਰੂੜੀ 'ਤੇ ਸੁੱਤੇ*
*ਤੈਂ ਥੀ ਉਤੇ*
*ਯਾਰ ਦਾ ਬੂਹਾ ਮੂਲ ਨਾ ਛੱਡਦੇ*
*ਭਾਵੇਂ ਵੱਜਣ ਜੁੱਤੇ*
*ਤੈਂ ਥੀ ਉਤੇ*
*ਬੁੱਲ੍ਹੇ ਸ਼ਾਹ ਉਠ ਯਾਰ ਮਨਾ ਲੈ*
*ਨਈਂ ਤੇ ਬਾਜ਼ੀ ਲੈ ਗਏ ਕੁੱਤੇ*
*ਤੈਂ ਥੀ ਉਤੇ*

ਪਹਿਲੀ ਜਾਂ ਸ਼ਾਇਦ ਦੂਜੀ ਸੰਸਾਰ ਜੰਗ ਸਮੇਂ ਪੰਜਾਬ ਵਿਚ ਇਕ ਲੋਕ ਬੋਲੀ ਬਣੀ ਸੀ ਕਿ 'ਬਸਰੇ ਦੀ ਲਾਮ ਟੁੱਟਜੇ ਮੈਂ ਰੰਡੀਓਂ ਸੁਹਾਗਣ ਹੋਵਾਂ'। ਮੈਂ ਇਸ ਬੋਲੀ ਨੂੰ ਥੋੜ੍ਹਾ ਬਦਲ ਕੇ ਕਹਿਣਾ ਚਾਹੁੰਦਾ ਹਾਂ ਕਿ 'ਵਾਹਗੇ ਵਾਲੀ ਕੰਧ ਟੁੱਟਜੇ ਅਸੀਂ ਮੁੜ ਕੇ ਜਿਊਂਦਿਆਂ 'ਚ ਹੋ ਜਾਈਏ।'

ਵਾਘੇ ਤੋਂ ਪਾਰ ਰਹਿੰਦੇ ਅਪਣੇ ਪਿਆਰਿਆਂ ਨੂੰ, ਅਪਣੇ ਭਰਾਵਾਂ ਨੂੰ ਇਸ ਕਿਤਾਬ ਰਾਹੀਂ ਮੈਂ ਅਪਣੀ ਰੂਹ ਦਾ ਸਲਾਮ ਪੇਸ਼ ਕਰਦਾ ਹਾਂ। ਆਮੀਨ!





# ਤੈਨੂੰ ਵੇਖ ਵੇਖ ਦਿਲ ਨਹੀਉਂ ਰੱਜਣਾ ਸਾਡੀ ਰੂਹ ਵਿਚ ਵਸਦਾ ਰਹੁ ਸੱਜਣਾ

ਕਿਤਾਬਾਂ ਪੜ੍ਹਨਾ ਤੇ ਪੜ੍ਹਾਉਣਾ ਸਿਰਫ਼ ਸਾਹਿਤ ਦਾ ਹੀ ਪ੍ਰਚਾਰ ਨਹੀਂ ਹੁੰਦਾ ਸਗੋਂ ਕਿਤਾਬਾਂ ਕਈ ਵਾਰ ਅਜਿਹੇ ਰਿਸ਼ਤਿਆਂ ਨੂੰ ਜਨਮ ਦੇ ਦਿੰਦੀਆਂ ਹਨ ਕਿ ਇੰਜ ਲਗਦਾ ਹੈ ਜਿਵੇਂ ਜ਼ਿੰਦਗੀ ਦੇ ਵਿਹੜੇ ਵਿਚ ਗੁਲਾਬੀ ਰੁੱਤਾਂ ਦਾ ਮੌਸਮ ਫਿਰ ਪਰਤ ਆਇਆ ਹੋਵੇ। ਰਸਾਲੇ ਦੀ ਡਾਕ ਪੜ੍ਹ ਕੇ ਪਾਈ ਇਕ ਚਿੱਠੀ ਨੇ ਮੈਨੂੰ ਵੀ ਇਕ ਅਜਿਹੇ ਰਿਸ਼ਤੇ ਨਾਲ ਜੋੜ ਦਿਤਾ ਕਿ ਉਸ ਤੋਂ ਬਿਨਾਂ ਹੁਣ ਅਪਣੀ ਜ਼ਿੰਦਗੀ ਦੀ ਕਲਪਨਾ ਕਰਨੀ ਵੀ ਔਖੀ ਲਗਦੀ ਹੈ। ਕਿਤਾਬਾਂ, ਰਸਾਲੇ ਬਚਪਨ ਤੋਂ ਹੀ ਪੜ੍ਹਨ ਦਾ ਸ਼ੌਕ ਰਿਹਾ ਹੈ। ਸਾਡੇ ਘਰ ਵਿਚ ਤਾਂ ਕੀ , ਸਾਰੇ ਪਿੰਡ ਵਿਚ ਵੀ ਸ਼ਾਇਦ ਕਿਸੇ ਨੇ ਕਦੇ ਦਸ ਰੁਪਏ ਕਿਤਾਬਾਂ 'ਤੇ ਖ਼ਰਚ ਕੀਤੇ ਹੋਣ ਪਰ ਮੈਨੂੰ ਪਤਾ ਨਹੀਂ ਕਿਥੋਂ ਕਿਤਾਬਾਂ ਪੜ੍ਹਨ ਦਾ ਭੁੱਸ ਪੈ ਗਿਆ ਸੀ। ਕਈ ਵਾਰ ਤਾਂ ਮੈਂ ਜਦੋਂ ਕਦੇ ਅਪਣੀ ਭੈਣ ਦੇ ਸਹੁਰੇ ਵੀ ਜਾਣਾ ਤਾਂ ਘਰ ਦਿਆਂ ਨੇ ਮੈਨੂੰ ਪੈਸੇ ਦੇ ਕੇ ਕਹਿਣਾ ਕਿ ਕੁੜੀ ਦੇ ਸਹੁਰੇ ਜਾ ਰਿਹਾ ਹੈਂ, ਕੋਈ ਚੀਜ਼ ਲੈ ਕੇ ਜਾਈਂ। ਪਰ ਆਪਾਂ ਨੇ ਕੀ ਕਰਨਾ, ਚੀਜ਼ ਲੈਣ ਦੀ ਥਾਂ , ਉਨ੍ਹਾਂ ਪੈਸਿਆਂ ਦੀਆਂ ਕਿਤਾਬਾਂ ਲੈ ਲੈਣੀਆਂ ਤੇ ਭੈਣ ਨੂੰ ਕਹਿ ਦੇਣਾ ਕਿ ਜੇਕਰ ਘਰ ਦੇ ਪੁੱਛਣਗੇ ਤਾਂ ਕਹਿ ਦਈਂ ਕਿ ਬਰਫ਼ੀ ਲੈ ਕੇ ਗਿਆ ਸੀ। ਖੈਰ, ਗੱਲ ਕਰ ਰਿਹਾ ਸੀ ਕਿ ਕਿਤਾਬਾਂ ਰਿਸ਼ਤਿਆਂ ਦੀ ਨੀਂਹ ਵੀ ਰੱਖ ਦਿੰਦੀਆਂ ਹਨ। ਅੱਜ ਤੋਂ 15 ਸਾਲ ਪਹਿਲਾਂ ਦਿੱਲੀ ਤੋਂ ਛਪਦਾ ਰਸਾਲਾ 'ਪੰਜਾਬੀ ਡਾਈਜੈਸਟ' ਪੜ੍ਹ ਰਿਹਾ ਸੀ।

ਰਸਾਲੇ ਦੀ ਡਾਕ ਪੜ੍ਹਦੇ ਸਮੇਂ ਇਕ ਚਿੱਠੀ 'ਤੇ ਜਾ ਕੇ ਨਜ਼ਰ ਟਿਕ ਗਈ। ਚਿੱਠੀ ਦਿਲ ਮੁਹੰਮਦ ਨਾਂ ਦੇ ਬੰਦੇ ਨੇ ਆਬੂਧਾਬੀ ਤੋਂ ਲਿਖੀ ਹੋਈ ਸੀ। ਉਸ ਨੇ ਅਪਣੀ ਚਿੱਠੀ ਵਿਚ ਇਹ ਵੀ ਲਿਖਿਆ ਸੀ ਕਿ ਉਹ ਲਹਿੰਦੇ ਪੰਜਾਬ ਦਾ ਰਹਿਣ ਵਾਲਾ ਹੈ। ਲਹਿੰਦੇ ਪੰਜਾਬ ਦਾ ਜ਼ਿਕਰ ਪੜ੍ਹਦਿਆਂ ਹੀ, ਉਹ ਕਹਾਵਤ ਯਾਦ ਆ ਗਈ ਕਿ ਉਹ ਹਾਲੇ ਜੰਮਿਆ ਹੀ ਨਹੀਂ, ਜਿਨ੍ਹੇ ਲਾਹੌਰ ਨਹੀਂ ਵੇਖਿਆ। ਤਸਵੀਰਾਂ 'ਚ ਵੇਖਿਆ ਲਾਹੌਰ ਅੱਖਾਂ ਅੱਗੇ ਘੁੰਮ ਗਿਆ। ਦਿਲ ਮੁਹੰਮਦ ਦੀ ਚਿੱਠੀ ਤੋਂ ਇਹ ਵੀ ਪਤਾ ਲਗਿਆ ਕਿ ਉਹ ਗੁਰਮੁਖੀ ਜਾਣਦੈ । ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚ ਪੰਜਾਬੀ ਬੋਲੀ ਲਿਖਣ ਵਿਚ ਸੱਭ ਤੋਂ ਵੱਡਾ ਫਰਕ ਲਿੱਪੀ ਦਾ ਹੀ ਹੈ। ਉਹ ਸ਼ਾਹਮੁਖੀ ਲਿਪੀ ਵਿਚ ਲਿਖਦੇ ਹਨ ਤੇ ਅਸੀਂ ਗੁਰਮੁਖੀ ਵਿਚ। ਲਹਿੰਦੇ ਪੰਜਾਬ ਨਾਲ ਤਾਲਮੇਲ ਕਰਨ ਦੀ ਇੱਛਾ ਨੂੰ ਪੂਰਾ ਕਰਨ ਲਈ ਮੈਂ ਦਿਲ ਮੁਹੰਮਦ ਨੂੰ ਉਸ ਦੇ ਸਿਰਨਾਵੇਂ 'ਤੇ ਚਿੱਠੀ ਲਿਖ ਦਿਤੀ ਤੇ ਬੜੀ ਬੇਸਬਰੀ ਨਾਲ ਉਸ ਦਾ ਜਵਾਬ ਉਡੀਕਣ ਲੱਗ ਪਿਆ। ਵੀਹ ਕੁ ਦਿਨ ਲੰਘੇ ਸਨ ਜਦੋਂ ਦਿਲ ਮਹੰਮਦ ਦੇ ਖ਼ਤ ਨੇ ਜ਼ਿੰਦਗੀ ਦੇ ਬੂਹੇ 'ਤੇ

ਆ ਦਸਤਕ ਦਿਤੀ।

*ਅੱਖਰ ਜਾਦੂਆਂ ਵਿਚ ਲਬੇੜ ਕੇ ਤੇ,*
*ਪਾਲਾਂ ਬੰਨ੍ਹ ਕੇ ਅਪਣੇ ਨਾਲ ਲਿਆਇਆ*
*ਸਾਡੀ ਜਿੰਦ ਨੂੰ ਆਣ ਕੇ ਕੀਲ ਬੈਠਾ,*
*ਟੂਣੇਹਾਰਿਆ ਵੇ ਕੇਹਾ ਖ਼ਤ ਪਾਇਆ*

*(ਅੰਮ੍ਰਿਤਾ ਪ੍ਰੀਤਮ)*

ਚਿੱਠੀ ਬਹੁਤ ਹੀ ਸੋਹਣੀ ਤੇ ਮਿੱਠੀ ਗੁਰਮੁਖੀ ਵਿਚ ਲਿਖੀ ਹੋਈ ਸੀ। ਲਿਖਾਈ ਇੰਨੀ ਸੋਹਣੀ ਸੀ ਕਿ ਇਸ ਤਰ੍ਹਾਂ ਲਗਦਾ ਸੀ ਜਿਵੇਂ ਚਿੱਠੀ ਚੋਂ ਦਿਲ ਮੁਹੰਮਦ ਆਪ ਗੱਲਾਂ ਕਰ ਰਿਹਾ ਹੋਵੇ। ਫਿਰ ਸਾਡੀਆਂ ਚਿੱਠੀਆਂ ਦਾ ਵਟਾਂਦਰਾ ਹੋਣ ਲੱਗ ਪਿਆ। ਦਿਲ ਮੁਹੰਮਦ ਨੇ ਮੈਨੂੰ ਦਸਿਆ ਕਿ ਉਸ ਨੇ ਗੁਰਮੁਖੀ ਆਬੂਧਾਬੀ ਵਿਚ ਰਹਿਣ ਵਾਲੇ ਚੜ੍ਹਦੇ ਪੰਜਾਬ ਦੇ ਇਕ ਬੰਦੇ ਤੋਂ ਸਿੱਖੀ ਹੈ। ਉਸ ਨੇ ਇਹ ਵੀ ਦਸਿਆ ਕਿ ਉਹ ਕਸੂਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਚੱਕ ਨੰਬਰ 17 ਦਾ ਰਹਿਣ ਵਾਲਾ ਹੈ। ਕਸੂਰ ਦਾ ਜ਼ਿਕਰ ਪੜ੍ਹਦਿਆਂ ਹੀ ਮੇਰੇ ਦਿਮਾਗ ਵਿਚ ਦਸਵੀਂ ਜਮਾਤ ਵਿਚ ਪੜ੍ਹਿਆ ਸੋਹਣ ਸਿੰਘ ਸੀਤਲ ਦਾ ਨਾਵਲ ‘ਤੂਤਾਂ ਵਾਲਾ ਖੂਹ’ ਘੁੰਮ ਗਿਆ। ਪਾਠਕਾਂ ਦੀ ਜਾਣਕਾਰੀ ਲਈ ਦੱਸ ਦਿਆਂ ਕਿ ‘ਤੂਤਾਂ ਵਾਲਾ ਖੂਹ’ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਪੰਜਾਬ ’ਤੇ ਲਿਖਿਆ ਸੋਹਣ ਸਿੰਘ ਸੀਤਲ ਦਾ ਇਤਹਾਸਕ ਨਾਵਲ ਹੈ। ਇਸ ਦੀ ਕਹਾਣੀ ਕਸੂਰ ਨੇੜੇ ਪਿੰਡ ਪੀਰੂਵਾਲਾ ਵਿਚ ਵਾਪਰਦੀ ਹੈ। ਸੱਜਣ ਸਿੰਘ , ਇਲਮਦੀਨ ਤੇ ਬਾਬਾ ’ਕਾਲੀ ਇਸ ਦੇ ਮੋਹਰੀ ਕਿਰਦਾਰ ਹਨ, ਜਿਹੜੇ ਕਿ ਭਰਾਵਾਂ ਵਾਂਗ ਰਹਿੰਦੇ ਹਨ। ਨਾਵਲ ਵਿਚ ਧਰਮ ਦੇ ਠੇਕੇਦਾਰ ਕਿਸ ਤਰ੍ਹਾਂ ਸਦੀਆਂ ਤੋਂ ਭਰਾਵਾਂ ਵਾਂਗ ਰਹਿੰਦੇ ਆ ਰਹੇ ਲੋਕਾਂ ਨੂੰ, ਅਪਣੀਆਂ ਚਾਲਾਂ ਨਾਲ ਇਕ ਦੂਜੇ ਵਿਰੁਧ ਖੜਾ ਕਰ ਦਿੰਦੇ ਹਨ, ਇਸ ਦਾ ਜ਼ਿਕਰ ਪੜ੍ਹ ਕੇ ਤਾਰੀਖ਼ ਵੀ ਰੋਂਦੀ ਹੈ। ਦੇਸ਼ ਦੀ ਵੰਡ ਦੇ ਸੰਤਾਪ ਨੂੰ ਬਿਆਨ ਕਰਨ ਵਾਲੀਆਂ ਲਿਖਤਾਂ ਵਿਚ ‘ਤੂਤਾਂ ਵਾਲਾ ਖੂਹ’ ਦੀ ਇੱਕ ਵਿਲੱਖਣ ਥਾਂ ਹੈ। ਮੈਂ ਸੋਚਿਆ ਕਿ ਇਸ ਨਾਵਲ ਦੀ ਕਹਾਣੀ ਵੀ ਦਿਲ ਮੁਹੰਮਦ ਦੇ ਇਲਾਕੇ ਦੀ ਹੈ, ਤੇ ਉਹ ਨਾਵਲ ਦਿਲ ਮੁਹੰਮਦ ਨੂੰ ਭੇਜ ਦਿਤਾ। ਦਿਲ ਮੁਹੰਮਦ ਨੇ ਉਹ ਨਾਵਲ ਪੜ੍ਹਿਆ ਤੇ ਬਹੁਤ ਹੀ ਭਾਵੁਕ ਖ਼ਤ ਮੈਨੂੰ ਲਿਖਿਆ। ਉਸ ਨੇ ਲਿਖਿਆ ਕਿ ਸਾਰਾ ਨਾਵਲ ਸਾਡੇ ਇਲਾਕੇ ਦੀ ਹੀ ਬੋਲੀ ਵਿਚ ਲਿਖਿਆ ਹੋਇਆ ਹੈ। ਉਸ ਨੇ ਦਸਿਆ ਕਿ ਉਹ ਜਦੋਂ ਵੀ ਕੰਮ ਤੋਂ ਵਾਪਸ ਆਉਂਦਾ ਹੈ ਤਾਂ ਸੱਭ ਤੋਂ ਪਹਿਲਾਂ ‘ਤੂਤਾਂ ਵਾਲਾ ਖੂਹ’ ਪੜ੍ਹਦੈ। ਉਹ ਬਹੁਤ ਹੈਰਾਨ ਹੋਇਆ ਕਿ ਉਸ ਦੇ ਇਲਾਕੇ ’ਤੇ ਕਿੰਨਾ ਵੱਡਾ ਨਾਵਲ ਲਿਖਿਆ ਗਿਐ। ਉਸ ਤੋਂ ਕੁੱਝ ਸਮਾਂ ਬਾਅਦ ਉਹ ਪਾਕਿਸਤਾਨ ਅਪਣੇ ਪਿੰਡ ਛੁੱਟੀ ਚਲਾ ਗਿਆ। ਉਸ ਨੇ ਆਬੂਧਾਬੀ ਪਰਤ ਕੇ ਮੈਨੂੰ ਦਸਿਆ ਕਿ ਨਾਵਲ ਦੀ ਸਾਰੀ ਕਹਾਣੀ ਅਸਲੀਅਤ ਵਿਚ ਵਾਪਰੀ ਸੀ। ਉਸ ਨੇ ਨਾਵਲ ‘ਪੀਰੂਵਾਲੇ’ ਦੀ ਸੱਥ ਵਿਚ ਜਾ ਕੇ, ਨਾਵਲ ਦੇ ਕਿਰਦਾਰਾਂ ਸੱਜਣ ਸਿੰਘ ਤੇ ਇਲਮਦੀਨ ਦੇ ਦੋਸਤਾਂ ਨੂੰ ਸੁਣਾਇਆ ਤਾਂ ਉਨ੍ਹਾਂ ਦੀਆਂ ਅੱਖਾਂ ’ਚੋਂ ਅੱਥਰੂ ਵਹਿ ਤੁਰੇ। ਉਸ ਨੇ ਦਸਿਆ ਕਿ ਉਹ ਆਪ ਵੀ ਬਹੁਤ ਭਾਵੁਕ ਹੋ ਗਿਆ ਤੇ ਹੰਝੂਆਂ ਨੇ ਮਨ ਦਾ





ਕਹਿਣਾ ਮੰਨਣ ਤੋਂ ਇਨਕਾਰ ਕਰ ਦਿਤਾ। ਉਸ ਨੇ ਮੈਨੂੰ ਨਾਵਲ ਵਿਚ ਜ਼ਿਕਰ ਕੀਤੇ ‘ਤੂਤਾਂ ਵਾਲੇ ਖੂਹ’ ਤੇ ‘ਪੀਰੂਵਾਲੇ’ ਦੀਆਂ ਤਸਵੀਰਾਂ ਭੇਜੀਆਂ। ਚੇਤ ਸਿੰਘ ਦੀ ਹਵੇਲੀ, ਤੂਤਾਂ ਵਾਲਾ ਖੂਹ, ਸੱਜਣ ਸਿੰਘ ਦੇ ਘਰ ਦੀਆਂ ਤਸਵੀਰਾਂ ਵੇਖ ਕੇ ਮੇਰਾ ਮਨ ਵੀ ਤੂਤਾਂ ਵਾਲੇ ਖੂਹ ’ਤੇ ਜਾ ਪੁਜਿਆ, ਜਿਥੇ ਕਦੇ ਬਾਬਾ ’ਕਾਲੀ ਤੂਤਾਂ ਦੀ ਛਾਵੇਂ ਬਹਿ ਕੇ ਤਾਸ਼ ਖੇਡਣ ਵਾਲਿਆਂ ਨੂੰ, ਉਸ ਦੇ ਅਸਲੀ ਅਰਥ ਸਮਝਾਉਂਦਾ ਸੀ। ਦਿਲ ਮੁਹੰਮਦ ਨੇ ਲਿਖਿਆ,‘ ਜੇ ਕਿਤੇ ਨਾਵਲ ਦਾ ਮੋਹਰੀ ਸੱਜਣ ਸਿੰਘ ਮਿਲ ਜਾਵੇ ਤਾਂ ਉਸ ਨੂੰ ਕਹਾਂ, ਭਰਾਵਾ ਅਪਣੇ ਪਿੰਡ ਆ ਕੇ ਅਪਣਾ ਘਰ-ਬਾਰ ਜ਼ਮੀਨ ਸਾਂਭ। ਕਿਹੜਾ ਜੰਮਿਐ ਤੈਨੂੰ ਰੋਕਣ ਵਾਲਾ।’

ਉਸ ਤੋਂ ਬਾਅਦ ਦਿਲ ਮੁਹੰਮਦ ਦੀ ਹਰ ਚਿੱਠੀ ਵਿਚ ‘ਤੂਤਾਂ ਵਾਲੇ ਖੂਹ’ ਦਾ ਜ਼ਿਕਰ ਹੋਣ ਲੱਗ ਪਿਆ। ਉਸ ਨੇ ‘ਤੂਤਾਂ ਵਾਲੇ ਖੂਹ’ ਨਾਵਲ ਦੇ ਲੇਖਕ ਸੋਹਣ ਸਿੰਘ ਸੀਤਲ ਨੂੰ ਵੀ ਚਿੱਠੀ ਪਾਈ ਜਿਥੋਂ ਉਸ ਦਾ ਰਿਸ਼ਤਾ ਸੋਹਣ ਸਿੰਘ ਸੀਤਲ ਨਾਲ ਵੀ ਜੁੜ ਗਿਆ। ਉਸ ਨੂੰ ਇਹ ਜਾਣ ਕੇ ਹੋਰ ਵੀ ਹੈਰਾਨੀ ਹੋਈ ਕਿ ਕਸੂਰ ਦੇ ਜਿਸ ਸਕੂਲ ਵਿਚ ਸੋਹਣ ਸਿੰਘ ਸੀਤਲ ਪੜ੍ਹੇ ਸਨ, ਦਿਲ ਮੁਹੰਮਦ ਨੇ ਵੀ ਅਪਣੀ ਪੜ੍ਹਾਈ ਉਥੋਂ ਹੀ ਕੀਤੀ ਸੀ। ਇਸ ਤੋਂ ਬਾਅਦ ਤਾਂ ਦਿਲ ਮੁਹੰਮਦ ਨੇ ਸੋਹਣ ਸਿੰਘ ਸੀਤਲ ਨੂੰ ਅਪਣਾ ਧਰਮ ਦਾ ਪਿਉ ਹੀ ਬਣਾ ਲਿਆ।

ਮੈਨੂੰ ਲਿਖੀਆਂ ਉਸ ਦੀਆਂ ਚਿੱਠੀਆਂ ਵਿਚ ਮਨੁੱਖਤਾ ਨਾਲ ਭਰਿਆ ਹੋਇਆ ਦਿਲ ਝਲਕਦਾ। ਉਹ ਲਿਖਦਾ, “ਪਿਆਰੇ ਵੀਰ ਜੀ, ਦੁਆ ਕਰਦੇ ਰਿਹਾ ਕਰੋ ਕਿ ਸਾਡੇ ਵਿਚਕਾਰ ਕੀਤੀ ਹੋਈ ਕੰਡਿਆਲੀ ਵਾੜ ਛੇਤੀ ਤੋਂ ਛੇਤੀ ਕਬਾੜੀਏ ਖ਼ਰੀਦ ਕੇ ਲੈ ਜਾਣ। ਇਹ ਹੱਦਬੰਦੀਆਂ ਖ਼ਤਮ ਹੋਣ ਤੇ ਫਿਰ ਸਾਡੀਆਂ ਮਹਿਫ਼ਲਾਂ ਪੀਰੂਵਾਲੇ ’ਚ ‘ਤੂਤਾਂ ਵਾਲੇ ਖੂਹ’ ’ਤੇ ਸਾਂਝੀਆਂ ਹੋਇਆ ਕਰਨ।”

ਅਪਣੀ ਮਾਂ ਬੋਲੀ ਦਾ ਤ੍ਰਿਸਕਾਰ ਵੇਖ ਕੇ ਉਸ ਦੀ ਰੂਹ ਚੋਂ ਹਉਕੇ ਨਿਕਲਦੇ ਹਨ। ਇਕ ਚਿੱਠੀ ਵਿਚ ਉਸ ਨੇ ਮੈਨੂੰ ਲਿਖਿਆ, “ਲਹਿੰਦੇ ਪੰਜਾਬ ਵਿਚ ਪੰਜਾਬੀ ਜ਼ਬਾਨ ਨੂੰ ਗੁਰਮੁਖੀ ਲਿੱਪੀ ਵਿਚ ਕੋਈ ਨਹੀਂ ਜਾਣਦਾ। ਕੁੱਝ ਪੁਰਾਣੇ ਲੋਕ ੳ, ਅ ਜਾਣਦੇ ਹਨ, ਪਰ ਉਹ ਵੀ ਲਿਖਣਾ ਭੁੱਲ ਗਏ ਹਨ। ਇਕ ਲੱਖ ’ਚੋਂ ਸ਼ਾਇਦ ਇਕ ਅੱਧਾ ਬੰਦਾ ਗੁਰਮੁਖੀ ਜਾਣਦਾ ਹੋਵੇ। ਪਰ ਇਹ ਵੀ ਮੁਸ਼ਕਲ ਹੈ ਕਿਉਂਕਿ ਮੈਂ ਅੱਜ ਤਕ ਕੋਈ ਅਜਿਹਾ ਬੰਦਾ ਨਹੀਂ ਵੇਖਿਆ। ਲਹਿੰਦੇ ਪੰਜਾਬ ਵਿਚ ਪੰਜਾਬੀ ਉਰਦੂ ਅੱਖਰਾਂ ਵਿਚ ਪੜ੍ਹਾਈ ਜਾਂਦੀ ਹੈ। ਪੰਜਾਬੀ ਪੜ੍ਹਾਈ ਦਾ ਕੋਈ ਬਾਕਾਇਦਾ ਤੇ ਸੁਚੱਜਾ ਇੰਤਜ਼ਾਮ ਨਹੀਂ। ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪੰਜਾਬੀ ਐਮ.ਏ. ਦੀਆਂ ਜਮਾਤਾਂ ਲਗਦੀਆਂ ਹਨ ਪਰ ਉਥੇ ਵੀ ਉਰਦੂ ’ਚ ਲਿਖੀਆਂ ਕਿਤਾਬਾਂ ਪੜ੍ਹਾਈਆਂ ਜਾਂਦੀਆਂ ਹਨ। ਇਹ ਦੇਖ ਕੇ ਮਨ ਨੂੰ ਬਹੁਤ ਦੁਖ ਹੁੰਦਾ ਹੈ।”

*ਜੋਗ ਦੇ ਕੇ ਵਾਰਸਾ ਸੌਂ ਗਿਆ ਤੂੰ,*
*ਸਾਨੂੰ ਦੱਸ ਜਾ ਕਿਹੜੀ ਸਾਂਦਲ ਬਾਰ ਦੇ ਹਾਂ*
*ਗਿਆ ਟੁੱਟ ਪੰਜਾਬੀ ਦਾ ਅੱਜ ਰੁਠਾ,*
*ਮੁੱਲ ਮੱਟਾਂ ਦੇ ਪਏ ਅੱਜ ਤਾਰਦੇ ਹਾਂ*

*(ਰਾਣੀ ਮਲਿਕ)*

ਫਿਰ ਤਾਂ ਦਿਲ ਮੁਹੰਮਦ ਹਰ ਚਿੱਠੀ ਵਿਚ ਮੈਨੂੰ ਲਿਖਦਾ ਕਿ ਸੋਹਣ ਸਿੰਘ ਸੀਤਲ ਦਾ ਕੋਈ ਨਾ ਕੋਈ ਨਾਵਲ ਭੇਜੋ। ਮੈਂ ਉਸ ਨੂੰ ਸੋਹਣ ਸਿੰਘ ਸੀਤਲ ਦੇ ਕਈ ਨਾਵਲ ਭੇਜੇ। ਮੇਰੇ ਕੁੱਝ ਰਿਸ਼ਤੇਦਾਰ ਵੀ ਆਬੂਧਾਬੀ ਗਏ ਹੋਏ ਸਨ। ਮੈਂ ਉਨ੍ਹਾਂ ਨੂੰ ਦਿਲ ਮੁਹੰਮਦ ਬਾਰੇ ਦਸਿਆ। ਉਹ ਉਸ ਨੂੰ ਮਿਲਣ ਗਏ। ਉਨ੍ਹਾਂ ਨੇ ਦਿਲ ਮੁਹੰਮਦ ਦੀ ਮਿਲਣੀ ਦਾ ਜ਼ਿਕਰ ਕਰਦਿਆਂ ਮੈਨੂੰ ਲਿਖਿਆ ਕਿ ਉਹ ਤਾਂ ਬੰਦਾ ਹੀ ਕਮਾਲ ਦਾ ਹੈ। ਜਦੋਂ ਅਸੀਂ ਕੋਲ ਜਾਂਦੇ ਹਾਂ ਉਹ ਸਾਨੂੰ ਵਾਪਸੀ ’ਤੇ ਕਿਰਾਇਆ ਦੇ ਕੇ ਕਹਿੰਦੈ,‘ ਤੁਸੀਂ ਮੇਰੇ ਭਰਾ ਦੇ ਰਿਸ਼ਤੇਦਾਰ ਹੋ, ਮੇਰਾ ਮਾਣ ਰੱਖ ਲਉ।’ ਜਦੋਂ ਉਹ ਸਾਡੇ ਕੋਲ ਆਉਂਦੈ ਤਾਂ ਖਜੂਰਾਂ ਦੀਆਂ ਪੇਟੀਆਂ ਭਰ ਕੇ ਲਿਆਉਂਦੈ। ਅਪਣੇ ਰਿਸ਼ਤੇਦਾਰਾਂ ਮੂੰਹੋਂ ਦਿਲ ਮੁਹੰਮਦ ਦੀਆਂ ਸਿਫ਼ਤਾਂ ਸੁਣ ਕੇ ਮੇਰੀਆਂ ਨਜ਼ਰਾਂ ਵਿਚ ਉਸ ਦਾ ਕੱਦ ਹੋਰ ਵੀ ਉਚਾ ਹੋ ਗਿਆ। ਕੋਈ ਚਾਰ ਕੁ ਸਾਲ ਪਹਿਲਾਂ ਦਿਲ ਮੁਹੰਮਦ ਆਬੂਧਾਬੀ ਛੱਡ ਕੇ ਪਾਕਿਸਤਾਨ ਚਲਾ ਗਿਆ। ਉਸ ਤੋਂ ਬਾਅਦ ਸਾਡਾ ਤਾਲਮੇਲ ਬਿਲਕੁਲ ਟੁੱਟ ਗਿਆ। ਮੈਂ ਉਸ ਨੂੰ ਉਸ ਦੇ ਪਤੇ ’ਤੇ ਬਹੁਤ ਸਾਰੀਆਂ ਚਿੱਠੀਆਂ ਪਾਈਆਂ ਪਰ ਕੋਈ ਵੀ ਟਿਕਾਣੇ ’ਤੇ ਨਾ ਪੁੱਜੀ। ਕੁੱਝ ਸਮਾਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਦੋਵੇਂ ਪੰਜਾਬਾਂ ਦੀਆਂ ਖੇਡਾਂ ਪਟਿਆਲੇ ਕਰਵਾਈਆਂ ਸਨ। ਉਸ ਸਮੇਂ ਲੰਮੀਆਂ ਸਾਈਕਲ ਦੌੜਾਂ ਦੇ ਮੁਕਾਬਲੇ ਰਾਜਪੁਰੇ ਤੋਂ ਸਰਹਿੰਦ ਤਕ ਕਰਵਾਏ ਗਏ ਸਨ। ਮੈਂ ਉਥੇ ਲਹਿੰਦੇ ਪੰਜਾਬ ਤੋਂ ਆਏ ਇਕ ਖਿਡਾਰੀ ਨੂੰ ਦਿਲ ਮੁਹੰਮਦ ਦੇ ਨਾਂ ਇਕ ਖ਼ਤ ਦਿਤਾ ਪਰ ਉਸ ਦੀ ਹੋਣੀ ਦਾ ਵੀ ਪਤਾ ਨਾ ਲਗਿਆ। ਦਿਲ ਮੁਹੰਮਦ ਦਾ ਪਾਕਿਸਤਾਨ ਦਾ ਕੋਈ ਵੀ ਫ਼ੋਨ ਨੰਬਰ ਮੇਰੇ ਕੋਲ ਨਹੀਂ ਸੀ। ਉਸ ਸਮੇਂ ਮੇਰਾ ਹਾਲ ਜੋਗੀ ਬਣੇ ਰਾਂਝੇ ਨੂੰ ਕਹੇ, ਹੀਰ ਦੇ ਇਨ੍ਹਾਂ ਬੋਲਾਂ ਵਰਗਾ ਹੋ ਗਿਆ ਸੀ

*ਭਲਾ ਦੱਸ ਖਾਂ ਚਿਰੀਂ ਵਿਛੁੰਨਿਆਂ ਨੂੰ,*
*ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ ।*

(ਵਾਰਸ ਸ਼ਾਹ)

ਪਰ ਜਿਨ੍ਹਾਂ ਦਾ ਮੇਲ ਹੋਣਾ ਰੱਬ ਨੇ ਆਪ ਲਿਖਿਆ ਹੋਵੇ, ਉਸ ਨੂੰ ਕੌਣ ਟਾਲ ਸਕਦਾ ਹੈ। ਸਾਲ ਕੁ ਪਹਿਲਾਂ ਪਿੰਜੌਰ ਨੇੜੇ ਪਿੰਡ ਟਪਰੀਆਂ ਵਿਚ, ਚੱਕ ਨੰਬਰ 17 ਤੋਂ ਖਾਦਮ ਹੁਸੈਨ ਨਾਂ ਦਾ ਇਕ ਬੰਦਾ ਅਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਇਆ। ਦਿਲ ਮੁਹੰਮਦ ਨੇ ਉਸ ਕੋਲ ਮੇਰੇ ਨਾਂ ਇਕ ਖ਼ਤ ਭੇਜਿਆ। ਖਾਦਮ ਹੁਸੈਨ ਦਾ ਵੀਜ਼ਾ ਸਿਰਫ ਹਰਿਆਣੇ ਦਾ ਸੀ , ਇਸ ਲਈ ਉਹ ਆਪ ਤਾਂ ਪੰਜਾਬ ਨਹੀਂ ਆ ਸਕਦਾ ਸੀ। ਉਸ ਦੇ ਰਿਸ਼ਤੇਦਾਰਾਂ ਨੂੰ ਰਾਜਪੁਰੇ ਟਰੈਕਟਰਾਂ ਦੀ ਏਜੰਸੀ ਵਿਚ ਕੋਈ ਕੰਮ ਸੀ। ਉਹ ਰਾਜਪੁਰੇ ਏਜੰਸੀ ਵਿਚ ਪਹੁੰਚੇ । ਉਥੋਂ ਉਨ੍ਹਾਂ ਨੇ ਇਕ ਬੰਦੇ ਨੂੰ ਨਾਲ ਲਿਆ ਤੇ ਉਹ ਮੇਰੇ ਘਰ ਪੁੱਜ ਗਏ। ਮੈਂ ਉਸ ਸਮੇਂ ਘਰ ਨਹੀਂ ਸੀ। ਮੇਰੇ ਘਰ ਚਿੱਠੀ ਦੇ ਕੇ ਉਨ੍ਹਾਂ ਨੇ ਦਿਲ ਮੁਹੰਮਦ ਨੂੰ ਫ਼ੋਨ ਕਰ ਦਿਤਾ ਕਿ ਚਿੱਠੀ ਟਿਕਾਣੇ ’ਤੇ ਪੁੱਜ ਗਈ ਹੈ। ਉਸ ਰੱਬ ਦੇ ਬੰਦੇ ਨੇ ਤੁਰਤ ਫ਼ੋਨ ਘੁਮਾਇਆ। ਮੇਰੇ ਘਰ ਦਿਆਂ ਨੇ ਉਸ ਨੂੰ ਦਸਿਆ ਕਿ ਮੈਂ ਸ਼ਾਮ ਨੂੰ ਘਰ ਆਵਾਂਗਾ। ਜਦੋਂ ਮੈਂ ਰਾਤ ਨੂੰ ਦਸ ਵਜੇ ਘਰ ਪੁੱਜਾ ਤਾਂ ਮੇਰੇ ਘਰ ਦਿਆਂ ਨੇ ਮੈਨੂੰ ਦਿਲ ਮੁਹੰਮਦ ਦੇ ਸੁਨੇਹੇ ਬਾਰੇ ਦਸਿਆ।





ਹਾਲੇ ਮੈਨੂੰ ਘਰ ਪਹੁੰਚੇ ਨੂੰ ਪੰਜ ਮਿੰਟ ਹੀ ਹੋਏ ਸਨ ਕਿ ਫ਼ੋਨ ਦੀ ਘੰਟੀ ਖੜਕ ਉਠੀ। ਫ਼ੋਨ ਕੰਨ ਨੂੰ ਲਾਉਂਦਿਆਂ ਹੀ ਦਿਲਾਂ ਦੀਆਂ ਤਾਰਾਂ ਨੇ ਪਿਆਰ ਦੇ ਗੀਤ ਛੇੜ ਦਿਤੇ। ਮੁੱਦਤਾਂ ਤੋਂ ਬੰਦ ਪਏ ਦਿਲ ਦੇ ਬੂਹੇ ਜਿਵੇਂ ਇਕਦਮ ਹੀ ਖੁਲ੍ਹ ਗਏ । ਦਿਲ ਮੁਹੰਮਦ ਨੇ ਮੈਨੂੰ ਦਸਿਆ ਕਿ ਉਸ ਨੇ ਪਾਕਿਸਤਾਨ ਤੋਂ ਭਾਰਤ ਅਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਉਣ ਵਾਲੇ ਬੰਦਿਆਂ ਨੂੰ, ਮੇਰੇ ਨਾਂ ਕਈ ਚਿੱਠੀਆਂ ਦਿਤੀਆਂ ਪਰ ਕਿਸੇ ਦੇ ਵੀ ਟਿਕਾਣੇ ਪੁੱਜਣ ਦਾ ਸਬੱਬ ਨਾ ਬਣਿਆ। ਪਰ ਉਸ ਨੇ ਆਸ ਨਹੀਂ ਛੱਡੀ ਤੇ ਆਖਰ ਵਾਰਸ ਸ਼ਾਹ ਦੇ ਬੋਲ ਸੱਚ ਹੋ ਗਏ ਕਿ

*ਵਾਰਸ ਸ਼ਾਹ ਸ਼ਰੀਕ ਹੈ ਕੌਣ ਉਸ ਦਾ,*
*ਜਿਸ ਦਾ ਆਪ ਰੱਬ ਨੇ ਕੰਮ ਸਵਾਰਿਆ ਈ*

ਦਿਲ ਮੁਹੰਮਦ ਨੇ ਆਬੂਧਾਬੀ ਤੋਂ ਵਾਪਸ ਪਰਤ ਕੇ ਚੱਕ ਨੰਬਰ 17 ਵਿਚ ਕੁੜੀਆਂ ਦਾ ਸਕੂਲ ਖੋਲ੍ਹ ਲਿਆ। ਉਹ ਆਪ ਸੱਤ ਜ਼ੁਬਾਨਾਂ ਜਾਣਦਾ ਹੈ। ਉਸ ਨੇ ਮਕੈਨੀਕਲ ਇੰਜੀਨੀਅਰ ਦਾ ਕੋਰਸ ਕੀਤਾ ਹੋਇਐ ਹੈ।

ਪਿਆਰ ਦੇ ਪਾਣੀ ਜਦੋਂ ਵਗਦੇ ਹਨ ਤਾਂ ਫਿਰ ਅਪਣਾ ਰਾਹ ਆਪ ਬਣਾਉਂਦੇ ਜਾਂਦੇ ਹਨ। ਦਿਲ ਮੁਹੰਮਦ ਦਾ ਭਤੀਜਾ ਅਸਗ਼ਰ ਭੱਟੀ ਵੀ ਮੁਹੱਬਤਾਂ ਦੀ ਚਾਸ਼ਨੀ ’ਚੋਂ ਉਠ ਰਹੀ ਖ਼ੁਸ਼ਬੂ ਤੋਂ ਅਪਣੇ ਆਪ ਨੂੰ ਦੂਰ ਨਹੀਂ ਰੱਖ ਸਕਿਆ। ਉਹ ਫ਼ੋਨ ਤੇ ਇੰਟਰਨੈਟ ’ਤੇ ਮੇਲ ਰਾਹੀਂ, ਮੈਨੂੰ ਲਗਭਗ ਰੋਜ਼ਾਨਾ ਹੀ ਅਪਣੀਆਂ ਗਲਵੱਕੜੀਆਂ ਭੇਜਦੈ। ਉਹ ਲਾਹੌਰ ਵਿਖੇ ਇਕ ਪ੍ਰਾਈਵੇਟ ਕੰਪਨੀ ਵਿਚ ਮੈਨੇਜਰ ਹੈ। ਜਦੋਂ ਉਹ ਫ਼ੋਨ ’ਤੇ ਮੇਰੇ ਨਾਲ ਗੱਲ ਕਰਦੈ ਤਾਂ ਇੰਜ ਲਗਦੈ ਜਿਵੇਂ ਘੁਲਾੜੀ ਦੇ ਤੱਤੇ ਗੁੜ ਦੀ ਮਹਿਕ ਨੇ ਆਲਾ ਦੁਆਲਾ ਮੱਲ ਲਿਆ ਹੋਵੇ। ਮੁਹੱਬਤਾਂ ਦੇ ਅਜਿਹੇ ਰਾਣਿਆਂ ਨੂੰ ਮਿਲ ਕੇ ਜ਼ਿੰਦਗੀ ਦੇ ਵਿਹੜੇ ਵਿਚ ਸੱਧਰਾਂ ਦੇ ਕਿੰਨੇ ਫੁੱਲ ਖਿੜਨਗੇ, ਇਸ ਦੀ ਕਪਲਨਾ ਹੀ ਕੀਤੀ ਜਾ ਸਕਦੀ ਹੈ।

ਦਿਲ ਮੁਹੰਮਦ ਨੇ ਇਕ ਦਿਲਚਸਪ ਭੇਦ ਖੋਲ੍ਹਦਿਆਂ ਦਸਿਆ ਕਿ ਗੁਰਮੁਖੀ ਸਿਖਣੀ ਸੱਭ ਤੋਂ ਸੌਖੀ ਹੈ। ਉਸ ਦਾ ਕਹਿਣਾ ਹੈ ਕਿ ਸ਼ਾਹਮੁਖੀ ਲਿਪੀ ਜਾਣਨ ਵਾਲਾ ਬੰਦਾ ਜੇ ਗੁਰਮੁਖੀ ਲਿੱਪੀ ਸਿਖਣਾ ਚਾਹੇ ਤਾਂ ਉਹ ਚਾਰ ਦਿਨਾਂ ਵਿਚ ਉਸ ਨੂੰ ਗੁਰਮੁਖੀ ਸਿਖਾ ਕੇ, ਅਖ਼ਬਾਰ ਪੜ੍ਹਨ ਦੇ ਕਾਬਲ ਬਣਾ ਸਕਦਾ ਹੈ। ਉਸ ਨੇ ਅਪਣੇ ਬੱਚਿਆਂ ਤੇ ਅਪਣੇ ਬਹੁਤ ਸਾਰੇ ਦੋਸਤਾਂ ਨੂੰ ਵੀ ਗੁਰਮੁਖੀ ਸਿਖਾਈ ਹੈ। ਉਹ ਅਪਣੇ ਸਕੂਲ ਵਿਚ ਵੀ ਸ਼ੌਕ ਰੱਖਣ ਵਾਲੇ ਵਿਦਿਆਰਥੀਆਂ ਨੂੰ ਗੁਰਮੁਖੀ ਸਿਖਾਉਂਦਾ ਹੈ। ਉਹ ਆਪ ਕਹਿਦੈ, “ਪੰਜਾਬੀ ਬੋਲੀ ਦੇ ਪ੍ਰਗਟਾਵੇ ਲਈ ਗੁਰਮੁਖੀ ਸੱਭ ਤੋਂ ਢੁਕਵੀਂ ਹੈ। ਸ਼ਾਹਮੁਖੀ ਵਿਚ ਪੰਜਾਬੀ ਦੇ ਬਹੁਤੇ ਸ਼ਬਦਾਂ ਦਾ ਸਹੀ ਪ੍ਰਗਟਾਅ ਨਹੀਂ ਹੁੰਦਾ।” ਅਪਣੀ ਮਾਂ ਬੋਲੀ ਦੇ ਦੀਵੇ ਨੂੰ ਉਹ ਹਰ ਹਾਲਤ ਵਿਚ ਬਲਦਾ ਰਖਣਾ ਚਾਹੁੰਦੈ।

*ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ*
*ਝੱਖੜਾਂ ਦੇ ਵਿਚ ਰੱਖ ਦਿਤਾ ਏ , ਦੀਵਾ ਬਾਲ ਪੰਜਾਬੀ ਦਾ*
*(ਬਾਬਾ ਨਜਮੀ ਲਾਹੌਰ)*

ਭਾਵੇਂ ਸਾਡੀ 15 ਸਾਲੀ ਦੋਸਤੀ ਨੂੰ ਹੁਣ ਤਕ ਮੇਲ ਦਾ ਇਕ ਪਲ ਵੀ ਨਸੀਬ ਨਹੀਂ ਹੋਇਆ ਪਰ ਜਦੋਂ ਵੀ ਮੈਂ ਉਸ ਦੇ ਫ਼ੋਨ ਨੰ. : 00923464346401 'ਤੇ ਘੰਟੀ ਮਾਰਦਾ ਹਾਂ ਤਾਂ ਪੰਜ ਪਾਣੀਆਂ ਦੀ ਚਾਸ਼ਨੀ ਵਿਚ ਭਿੱਜੇ ਉਸ ਦੇ ਬੋਲ ਰੂਹ ਨੂੰ, ਇਸ਼ਕ ਦੇ ਉਸ ਬੇਲੇ ਵਿਚ ਲੈ ਜਾਂਦੇ ਹਨ, ਜਿਥੇ ਅਜਿਹੇ ਰੁੱਖ ਉਗਦੇ ਹਨ ਜਿਨ੍ਹਾਂ ਦੀ ਹਰ ਟਾਹਣੀ 'ਤੇ ਮੁਹੱਬਤਾਂ ਦੇ ਫੁੱਲ ਲਗਦੇ ਹਨ।

ਦੋ ਭਰਾਵਾਂ ਨੂੰ ਮਿਲਣ ਤੋਂ ਰੋਕਣ ਲਈ ਸਮੇਂ ਦੇ ਠੱਗਾਂ ਨੇ ਦੇਖੋ ਕਿਹੋ ਜਿਹੀ ਖੇਡ ਖੇਡੀ ਹੈ। ਅਪਣੀ ਕੁਰਸੀ ਦੀ ਖ਼ਾਤਰ ਚਲਾਕ ਲੋਕਾਂ ਨੇ ਸਾਡੇ ਪਾਣੀਆਂ ਵਿਚ ਅਜਿਹਾ ਜ਼ਹਿਰ ਘੋਲਿਆ ਕਿ ਅੱਜ ਅਸੀਂ ਰਿਸ਼ਤਿਆਂ ਦੇ ਸੁੱਚੇ ਪਾਣੀ ਨੂੰ ਤਰਸੇ ਪਏ ਹਾਂ। ਦਿਲ ਮੁਹੰਮਦ ਅਕਸਰ ਕਹਿੰਦੈ, "ਬਾਈ ਜੀ, ਜ਼ਿੰਦਗੀ ਦਾ ਕੋਈ ਭਰੋਸਾ ਨਹੀਂ, ਦੁਆ ਕਰਿਆ ਕਰੋ ਕਿ ਰੱਬ ਸੱਚੇ ਦਾ ਸੱਦਾ ਆਉਣ ਤੋਂ ਪਹਿਲਾਂ ਸਾਡਾ ਮੇਲ ਹੋ ਜਾਵੇ।"

*ਵਾਰਸ ਸ਼ਾਹ ਵਸਾਹ ਕੀ ਜ਼ਿੰਦਗੀ ਦਾ,*
*ਸਾਡੀ ਉਮਰ ਹੈ ਨਕਸ਼ ਪਤਾਸਿਆਂ 'ਤੇ*

ਧਰਮ ਤੇ ਸਿਆਸਤ ਦੇ ਠੇਕੇਦਾਰਾਂ ਨੇ ਭਾਵੇਂ ਸਾਡੇ ਵਿਚਕਾਰ ਲੀਕ ਖਿੱਚ ਦਿਤੀ ਹੈ ਪਰ ਕੰਡਿਆਲੀ ਤਾਰ ਤੋਂ ਪਰਲੇ ਪਾਸੇ ਹਾਲੇ ਵੀ ਬਹੁਤ ਦਿਲ ਮੁਹੰਮਦ ਬੈਠੇ ਨੇ, ਜਿਨ੍ਹਾਂ ਦੇ ਸੁਪਨਿਆਂ ਵਿਚ ਉਹ ਚੰਨ ਚੜ੍ਹਦੈ ਜਿਸ ਦੀ ਲੋਅ ਅੰਮ੍ਰਿਤਸਰ ਤੇ ਲਾਹੌਰ 'ਤੇ ਇਕੋ ਤਰ੍ਹਾਂ ਪੈਂਦੀ ਹੈ। ਚੱਕ ਨੰਬਰ 17 ਪਹੁੰਚਣਾ, ਹੁਣ ਮੇਰੀ ਜ਼ਿੰਦਗੀ ਦਾ ਸੱਭ ਤੋਂ ਵੱਡਾ ਸੁਪਨਾ ਬਣ ਗਿਆ ਹੈ।

*ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖ਼ਤ ਹਜ਼ਾਰੇ*
*ਜਿਤ ਵਲ ਯਾਰ ਉਤੇ ਵਲ ਕਾਅਬਾ, ਭਾਵੇਂ ਦੇਖ ਕਿਤਾਬਾਂ ਚਾਰੇ*
*(ਬੁੱਲ੍ਹੇ ਸ਼ਾਹ)*

ਜਦੋਂ ਚੜ੍ਹਦੇ ਪੰਜਾਬ ਦਾ ਇਕ ਪੰਜਾਬੀ, ਲਹਿੰਦੇ ਪੰਜਾਬ ਵਿਚ ਅਪਣੇ ਵੱਡੇ ਭਰਾ ਦੇ ਬੂਹੇ 'ਤੇ ਜਾ ਕੇ ਸਿਜਦਾ ਕਰੇਗਾ ਤੇ ਅਪਣੇ ਛੋਟੇ ਭਰਾ ਅਸਗ਼ਰ ਭੱਟੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਗਾ ਤਾਂ ਉਹ ਪਲ ਸਚਮੁੱਚ ਹੀ ਇਲਾਹੀ ਹੋਣਗੇ।





# ਅੱਖੀਆਂ ਉਡੀਕਦੀਆਂ ਦਿਲ ਵਾਜਾਂ ਮਾਰਦਾ

ਜਦੋਂ ਵੀ ਕਦੇ ਵਾਘੇ ਤੋਂ ਪਾਰ ਦੀ ਗੱਲ ਛਿੜਦੀ ਹੈ ਤਾਂ ਇੰਜ ਲਗਦਾ ਹੈ ਜਿਵੇਂ ਜੁਗਾਂ ਤੋਂ ਵਿਛੜੇ ਅਪਣੇ ਪਿਆਰਿਆਂ ਨੇ ਰੂਹ ਦੀ ਬੈਠਕ ਦਾ ਦਰਵਾਜ਼ਾ ਆ ਖੜਕਾਇਆ ਹੋਵੇ ਜਾਂ ਜਿਵੇਂ ਉਨ੍ਹਾਂ ਪਲਾਂ ਨੇ ਆ ਗਲਵੱਕੜੀ ਪਾਈ ਹੋਵੇ ਜਿਹੜੇ ਕਦੇ ਜ਼ਿੰਦਗੀ ਦੀਆਂ ਉਦਾਸ ਰਾਤਾਂ ਵਿਚ ਵਗਦੀਆਂ ਹਵਾਵਾਂ ਦਾ ਗੀਤ ਛੇੜਦੇ ਸਨ। ਸਾਨੂੰ ਭਾਵੇਂ ਸਮੇਂ ਦੇ ਹਾਕਮਾਂ ਨੇ ਵਾਘੇ ਪਾਰ ਰਹਿੰਦੇ ਅਪਣੇ ਭਰਾਵਾਂ ਤੋਂ ਜੁਦਾ ਕਰ ਦਿਤੈ ਪਰ ਸਾਡੀ ਛਾਤੀ ਵਿਚ ਹਾਲੇ ਵੀ ਇਕ-ਦੂਜੇ ਦੇ ਸਾਹਾਂ ਦੀ ਆਵਾਜ਼ ਸੁਣਾਈ ਦਿੰਦੀ ਹੈ। ਅੱਜ ਵੀ ਜਦੋਂ ਕੋਈ ਲਾਹੌਰ ਦਾ ਜ਼ਿਕਰ ਛੇੜਦਾ ਤਾਂ ਇੰਜ ਲਗਦੈ ਜਿਵੇਂ ਜ਼ਿੰਦਗੀ ਦੀਆਂ ਕਾਲੀਆਂ ਰਾਤਾਂ 'ਚ ਸਾਡੇ ਸੁਪਨਿਆਂ ਦਾ ਚੰਨ ਚੜ੍ਹ ਆਇਆ ਹੋਵੇ।

ਮੈਨੂੰ ਤਾਂ ਉਂਜ ਵੀ ਲਹਿੰਦਾ ਪੰਜਾਬ ਹਮੇਸ਼ਾ ਅਪਣੀ ਰੂਹ ਵਿਚ ਬੋਲਦਾ ਸੁਣਾਈ ਦਿੰਦੈ, ਕਿਉਂਕਿ ਉਥੇ ਮੇਰਾ ਦੋਸਤ ਦਿਲ ਮੁਹੰਮਦ ਬੈਠੈ। ਉਸ ਦੇ ਪਿੰਡ ਚੱਕ ਨੰਬਰ ਸਤਾਰਾਂ ਪਹੁੰਚਣਾ ਵੀ ਮੇਰਾ ਸੁਪਨਾ ਬਣ ਗਿਆ ਸੀ। ਇਸ ਤੋਂ ਇਲਾਵਾ ਮੇਰਾ ਛੋਟਾ ਭਰਾ ਮੁਹੰਮਦ ਅਸਗਰ ਭੱਟੀ, ਮੈਨੂੰ ਅਪਣੀ ਗਲਵੱਕੜੀ ਵਿਚ ਵੇਖਣ ਲਈ ਬਿਹਬਲ ਹੋਇਆ ਪਿਆ ਸੀ। ਜਦੋਂ ਵਿਸਾਖੀ ਮੌਕੇ ਫ਼ਿਰੋਜ਼ਪੁਰ ਤੋਂ ਭਾਈ ਮਰਦਾਨਾ ਕੀਰਤਨ ਯਾਦਗਾਰੀ ਸੁਸਾਇਟੀ ਵਲੋਂ ਸ਼ਰਧਾਲੂਆਂ ਦਾ ਜਥਾ, ਲਹਿੰਦੇ ਪੰਜਾਬ ਲੈ ਕੇ ਜਾਣ ਦਾ ਐਲਾਨ ਕੀਤਾ ਗਿਆ ਤਾਂ ਮੈਨੂੰ ਲੱਗਾ ਜਿਵੇਂ ਉਹ ਘੜੀ ਆ ਪਹੁੰਚੀ ਹੈ, ਜਿਸ ਦੀ ਉਡੀਕ ਵਿਚ ਮੇਰੀਆਂ ਅੱਖਾਂ ਪੱਕ ਗਈਆਂ ਸਨ।

ਮੈਂ ਵੀ ਅਪਣੇ ਪਰਵਾਰ ਦੇ ਪਾਸਪੋਰਟ ਭਾਈ ਮਰਦਾਨਾ ਕੀਰਤਨ ਯਾਦਗਾਰੀ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ ਨੂੰ ਦੇ ਆਇਆ। ਮੇਰੀ ਘਰ ਵਾਲੀ ਜਸਬੀਰ ਅਕਸਰ ਕਹਿੰਦੀ ਰਹਿੰਦੀ, "ਆਪ ਤਾਂ ਤੂੰ ਸਾਰਾ ਹਿੰਦੁਸਤਾਨ ਛਾਣ ਮਾਰਿਐ, ਮੈਂ ਇਥੇ ਮੁਰਗੀਖਾਨੇ ਵਿਚ ਕੈਦ ਕੱਟ ਰਹੀ ਹਾਂ, ਕਦੇ ਮੈਨੂੰ ਵੀ ਵਿਖਾ ਲਿਆ, ਦੁਨੀਆਂ ਕਿਥੇ ਵਸਦੀ ਐ।" ਉਸ ਦਾ ਉਲਾਂਭਾ ਉਤਾਰਨ ਦਾ ਮੈਨੂੰ ਇਹ ਚੰਗਾ ਮੌਕਾ ਲੱਗਾ। ਮੈਂ ਦਿਲ ਮੁਹੰਮਦ ਤੇ ਅਸਗਰ ਭੱਟੀ ਨੂੰ ਵੀ ਦੱਸ ਦਿਤਾ ਕਿ ਮੈਂ ਵੀਜ਼ੇ ਲਈ ਪਾਸਪੋਰਟ ਦੇ ਦਿਤੇ ਹਨ। ਛੇ ਅਪ੍ਰੈਲ ਨੂੰ ਸਾਨੂੰ ਅਪਣਾ ਵੀਜ਼ਾ ਲੱਗਣ ਦੀ ਸੂਚਨਾ ਮਿਲ ਗਈ। ਜਦੋਂ ਮੈਂ ਵੀਜ਼ਾ ਲੱਗਣ ਲਈ ਪਾਸਪੋਰਟ ਦਿਤੇ ਹੋਏ ਸਨ ਤਾਂ ਮੈਨੂੰ ਬਹੁਤ ਬੰਦਿਆਂ ਨੇ ਕਿਹਾ, "ਜਿਸ ਦਾ ਪਾਕਿ ਦਾ ਵੀਜ਼ਾ ਲੱਗ ਜਾਵੇ, ਫਿਰ ਉਸ ਦਾ ਕੈਨੇਡਾ, ਅਮਰੀਕਾ ਦਾ ਵੀਜ਼ਾ ਨਹੀਂ ਲਗਦਾ।" ਮੈਨੂੰ ਇਹ ਸੁਣ ਕੇ ਬਹੁਤ ਹਾਸੀ ਆਉਂਦੀ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਪਾਕਿ

ਵਿਚ ਜਿਹੜੇ 20-25 ਕਰੋੜ ਬੰਦੇ ਰਹਿੰਦੇ ਹਨ, ਉਹ ਤਾਂ ਫਿਰ ਕਿਤੇ ਜਾ ਹੀ ਨਹੀਂ ਸਕਦੇ। ਇਸ ਦੇ ਨਾਲ ਹੀ ਮੈਨੂੰ ਪਿਛਲੇ ਸੱਤ ਸਾਲ ਤੋਂ ਮੇਰੀ ਭੈਣ ਕੋਲ ਕੈਨੇਡਾ ਰਹਿ ਰਹੀ ਅਪਣੀ ਬੀਬੀ ਦੇ ਬੋਲ ਯਾਦ ਆ ਜਾਂਦੇ, "ਪੁੱਤਰ, ਕੈਨੇਡਾ ਤੋਂ ਵੱਡਾ ਨਰਕ ਹੋਰ ਕਿਤੇ ਨਹੀਂ, ਜਿਥੇ ਲੋਕ ਅਪਣੀ ਔਲਾਦ ਗੁਆਉਣ ਲਈ ਜਾਂਦੇ ਨੇ। ਅਪਣੀ ਸਾਰੀ ਕੌਮ ਖ਼ੁਦਕੁਸ਼ੀ ਕਰਨ ਲਈ ਇਥੇ ਪੁੱਜ ਰਹੀ ਹੈ।" ਮੈਂ ਸੋਚਿਆ, 'ਅਸੀ ਕੀ ਕਰਨੈ ਨਰਕਾਂ ਵਿਚ ਜਾ ਕੇ, ਜਦੋਂ ਸਾਨੂੰ ਅਪਣੇ ਮਿਤਰਾਂ ਦੀਆਂ ਗਲਵਕੜੀਆਂ ਆਵਾਜ਼ਾਂ ਮਾਰ ਰਹੀਆਂ ਹਨ।'

*ਤੇਰੇ ਪਿੰਡ ਸੱਭ ਸਾਡੇ ਅਪਣੇ ਹੀ ਵਸਦੇ ਨੇ,*
*ਸਾਡੇ ਪਿੰਡ ਵਸਦੇ ਨੇ ਗ਼ੈਰ ।*

*ਚਿੱਤ ਕਰੇ ਕੱਕੇ-ਕੱਕੇ ਰੇਤਿਆਂ ਨੂੰ ਚੁੰਮ ਲਵਾਂ,*
*ਲੱਭ ਕਿਤੋਂ ਸੱਜਣਾਂ ਦੀ ਪੈੜ ।*

*– ਗੁਰਦਾਸ ਮਾਨ*

ਚੱਕ ਸਤਾਰਾਂ ਵਿਚ ਬੈਠਾ ਦਿਲ ਮੁਹੰਮਦ ਮੈਨੂੰ ਫ਼ੋਨ 'ਤੇ ਅਕਸਰ ਕਹਿੰਦਾ, "ਭਰਾਵਾ ਆ ਜਾ ਹੁਣ। ਹੋਰ ਵਿਛੋੜਾ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਰਹੀ। ਬਸ, ਇਕ ਵਾਰ ਤੇਰੇ ਨਾਲ ਮੇਲ ਹੋ ਜਾਵੇ ਫਿਰ ਸਾਨੂੰ ਰੱਬ ਨਾਲ ਕੋਈ ਉਲਾਂਭਾ ਨਹੀਂ ਰਹੇਗਾ।"

*ਅੱਖੀਆਂ ਉਡੀਕਦੀਆਂ ਦਿਲ 'ਵਾਜਾਂ ਮਾਰਦਾ,*
*ਆ ਜਾ ਵੇ ਸੋਹਣਿਆ ਤੈਨੂੰ ਵਾਸਤਾ ਈ ਪਿਆਰ ਦਾ ।*

ਉਸ ਦਾ ਫ਼ੋਨ ਸੁਣਨ ਤੋਂ ਬਾਅਦ ਵਾਘਾ ਟੱਪਣ ਦੀ ਮੇਰੀ ਬੇਕਰਾਰੀ ਹੋਰ ਵੀ ਵੱਧ ਜਾਂਦੀ। ਉਧਰ ਮੇਰਾ ਛੋਟਾ ਵੀਰ ਅਸਗਰ ਭੱਟੀ, ਮੁਹੱਬਤਾਂ ਦੇ ਤੀਰ ਛੱਡ ਰਿਹਾ ਸੀ। ਉਹ ਅਕਸਰ ਕਹਿੰਦਾ, "ਬਾਈ ਜੀ, ਆ ਜਾਉ ਹੁਣ, ਸਾਡੇ ਸੱਖਣੇ ਸੁਪਨਿਆਂ ਵਿਚ ਵੀ ਰੰਗ ਭਰ ਜਾਏਗਾ।"

7 ਅਪ੍ਰੈਲ ਨੂੰ ਫ਼ਿਰੋਜ਼ਪੁਰ ਫ਼ੋਨ ਕਰ ਕੇ ਪਤਾ ਲੱਗਾ ਕਿ ਜਥਾ 11 ਅਪ੍ਰੈਲ ਨੂੰ ਅਟਾਰੀ ਤੋਂ ਰਵਾਨਾ ਹੋਵੇਗਾ। ਅਪਣੇ ਪਿਆਰਿਆਂ ਦੇ ਗਲ ਲੱਗ ਕੇ ਮਿਲਣ ਦੇ ਅਹਿਸਾਸ ਨੇ ਆਲਾ-ਦੁਆਲਾ ਮੱਲ ਲਿਆ। ਇਸ ਦੌਰਾਨ ਪਾਕਿ 'ਚ ਹਾਲਾਤ ਖ਼ਰਾਬ ਹੋਣ ਦੀਆਂ ਖਬਰਾਂ ਆਉਣ ਲੱਗ ਪਈਆਂ। ਮੈਂ ਜਿਸ ਨੂੰ ਵੀ ਪਾਕਿਸਤਾਨ ਜਾਣ ਬਾਰੇ ਦਸਦਾ, ਉਹ ਕਹਿੰਦਾ, "ਕੀ ਗੱਲ ਜੀਣ ਤੋਂ ਦਿਲ ਅੱਕ ਗਿਐ, ਮੌਤ ਦੇ ਮੂੰਹ ਵਿਚ ਛਾਲ ਮਾਰਨ ਚਲਿਐਂ ?"

ਕੋਈ ਕਹਿੰਦਾ, "ਉਥੇ ਤਾਂ ਤਾਲਿਬਾਨ ਦਾ ਕਬਜ਼ਾ ਹੋ ਗਿਐ, ਘਰੇ ਬੈਠ ਕੇ ਰੱਬ ਦਾ ਨਾਂ ਜਪ ਲੈ।"

ਇਸ ਦੌਰਾਨ ਕੈਨੇਡਾ ਤੋਂ ਮੇਰੀ ਬੀਬੀ ਦਾ ਫ਼ੋਨ ਆ ਗਿਆ ਕਿ ਕਿਸੇ ਵੀ ਹਾਲਤ





ਵਿਚ ਪਾਕਿਸਤਾਨ ਨਾ ਜਾਇਉ, ਉਥੇ ਹਾਲਾਤ ਬਹੁਤ ਖ਼ਰਾਬ ਹਨ। ਬਾਪੂ ਨੇ ਵੀ ਇਹੀ ਤਾਕੀਦ ਕੀਤੀ।

*ਮਾਂ ਨੇ ਵੀ ਰੋਕਿਆ ਬਾਪੂ ਨੇ ਵੀ ਰੋਕਿਆ*
*ਨਾ ਜਾਈਂ ਮਿਤਰਾਂ ਦੇ ਸ਼ਹਿਰ*
*ਪਰ ਸਾਡੀ ਭੁੱਖ ਸਗੋਂ ਦੂਣੀ ਚੌਣੀ ਹੋਈ ਜਾਵੇ*
*ਹੌਲ ਪੈਂਦੇ ਰਹਿਣ ਚੱਤੋ ਪਹਿਰ*

*– ਗੁਰਦਾਸ ਮਾਨ*

ਬੀਬੀ ਦੇ ਫ਼ੋਨ ਤੋਂ ਬਾਅਦ ਇੰਜ ਲੱਗਾ ਜਿਵੇਂ ਸੁਪਨਿਆਂ ਦਾ ਸ਼ੀਸ਼ਾ ਤਿੜਕ ਗਿਆ ਹੋਵੇ ਪਰ ਸੁਪਨਿਆਂ ਦੇ ਜਿਹੜੇ ਰੁਖ ਰੂਹ ਅੰਦਰ ਉਗਦੇ ਹਨ, ਕੁਦਰਤ ਉਨ੍ਹਾਂ ਨੂੰ ਆਪ ਫੱਲ ਲਗਾਉਣ ਲਈ ਆ ਪਹੁੰਚਦੀ ਹੈ। ਨੌਂ ਤਾਰੀਖ਼ ਨੂੰ ਫਿਰ ਬੀਬੀ ਦਾ ਫ਼ੋਨ ਆਇਆ। ਕਹਿੰਦੇ, "ਜਾਉ, ਜੇ ਤੁਹਾਡਾ ਜੀਅ ਕਰਦੈ, ਪਰ ਅਪਣਾ ਖ਼ਿਆਲ ਰਖਿਉ।" ਫ਼ੋਨ ਸੁਣ ਕੇ ਦਿਲ ਦੇ ਘੋੜੇ ਨੇ ਲੱਤਾਂ ਚੁੱਕ ਲਈਆਂ। ਮੈਂ ਦਿਲ ਮੁਹੰਮਦ ਨੂੰ ਫ਼ੋਨ ਕੀਤਾ, "ਬਾਈ ਜੀ, ਤਿਆਰੀ ਕਰ ਲਉ, ਮਿਲਣ ਦੀਆਂ ਘੜੀਆਂ ਦਿਲ ਦੇ ਬੂਹੇ 'ਤੇ ਦਸਤਕ ਦੇਣ ਜਾ ਰਹੀਆਂ ਨੇ।"

ਅਸੀ 10 ਅਪ੍ਰੈਲ ਨੂੰ ਘਰ ਤੋਂ ਚਾਲੇ ਪਾ ਦਿਤੇ। ਮੇਰੇ ਨਾਲ ਪਹਿਲੀ ਵਾਰ ਕਿਸੇ ਸਫ਼ਰ 'ਤੇ ਜਾ ਰਹੀ ਮੇਰੀ ਸਾਥਣ ਜਸਬੀਰ ਕੌਰ ਨੇ ਕਈ ਬੈਗ ਤਾਂ ਕਪੜਿਆਂ ਨਾਲ ਹੀ ਭਰ ਲਏ। ਉਹ ਵਿਚਾਰੀ ਕਦੇ ਸਫ਼ਰ 'ਤੇ ਨਾ ਗਈ ਹੋਣ ਕਰ ਕੇ ਉਸ ਦੀ ਹਾਲਤ ਉਸ ਛੜੇ ਬੰਦੇ ਵਰਗੀ ਸੀ ਜਿਸ ਦਾ ਪਿਛਲੇ ਉਮਰੇ ਆ ਕੇ ਕਿਸੇ ਨੇ ਰਿਸ਼ਤਾ ਕਰਵਾ ਦਿਤਾ ਤੇ ਇਸ ਮੌਕੇ ਉਹ ਅਪਣੀ ਤਿਆਰੀ ਵਿਚ ਕਿਸੇ ਤਰ੍ਹਾਂ ਦੀ ਕਸਰ ਨਹੀਂ ਛਡਣਾ ਚਾਹੁੰਦਾ। ਮੈਂ ਉਸ ਨੂੰ ਦਸਿਆ, "ਇਕ ਵਾਰ ਮੈਂ ਗੋਆ ਟਰੈਕਿੰਗ ਕੈਂਪ ਲਾਉਣ ਗਿਆ ਸੀ ਤੇ ਜਿਹੜੀ ਪੈਂਟ ਘਰੋਂ ਪਾ ਕੇ ਗਿਆ ਸੀ ਉਹੀ ਚੌਥੀ ਦਿਨਾਂ ਬਾਅਦ ਘਰ ਆ ਕੇ ਕੱਢੀ। ਸਮੁੰਦਰ ਵਿਚ ਨਹਾਉਣ ਲਗਿਆਂ ਵੀ ਮੈਂ ਕਪੜੇ ਨਹੀਂ ਸੀ ਉਤਾਰਦਾ ਕਿਉਂਕਿ ਮੈਨੂੰ ਡਰ ਸੀ ਕਿ ਰੋਹੀ ਦੀ ਕਿੱਕਰ ਦੇ ਸੁੱਕੇ ਟਾਹਣੇ ਵਰਗਾ ਮੇਰਾ ਸਰੀਰ ਵੇਖ ਕੇ ਕਿਤੇ ਸਮੁੰਦਰ ਦਾ ਪਾਣੀ ਪਿੱਛੇ ਹੀ ਨਾ ਮੁੜ ਜਾਵੇ। ਘਰ ਆ ਕੇ ਪੈਂਟ ਦੀਆਂ ਮੂਹਰੀਆਂ 'ਚੋਂ ਪਾਈਆ-ਪਾਈਆ ਰੇਤਾ ਨਿਕਲਿਆ।" ਪਰ ਜਸਬੀਰ ਨੇ ਹਰ ਸੂਟ 'ਤੇ ਨਿਸ਼ਾਨੀ ਲਾ ਲਈ ਜਿਵੇਂ ਵਿਆਹ 'ਚ ਵਰੀ ਦੇ ਸੂਟਾਂ 'ਤੇ ਲਿਖਿਆ ਹੁੰਦੈ। ਉਸ ਨੇ ਲਿਖਿਆ, ਇਹ ਮੈਂ ਪੰਜਾ ਸਾਹਿਬ ਪਾਵਾਂਗੀ, ਇਹ ਨਨਕਾਣਾ ਸਾਹਿਬ ਤੇ ਇਹ ਪਾ ਕੇ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚ ਗੇੜਾ ਕੱਢਾਂਗੀ।

# ਆਜਾ ਵੇ ਸੋਹਣਿਆ ਤੈਨੂੰ ਵਾਸਤਾ ਈ ਪਿਆਰ ਦਾ

ਅਸੀ ਦਸ ਤਰੀਕ ਦੀ ਰਾਤ ਲੁਧਿਆਣੇ ਰਿਸ਼ਤੇਦਾਰਾਂ ਦੇ ਘਰ ਕੱਟੀ ਤੇ ਸਵੇਰੇ ਪੰਜ ਵਜੇ ਅੰਮ੍ਰਿਤਸਰ ਜਾਣ ਵਾਲੀ ਬੱਸ ਵਿਚ ਸਵਾਰ ਹੋ ਗਏ। ਜਲੰਧਰ ਪੁੱਜ ਕੇ ਮੈਂ ਪੰਜਾਬੀ ਦੀਆਂ ਦੋ ਤਿੰਨ ਅਖ਼ਬਾਰਾਂ ਲੈ ਲਈਆਂ। ਅਖ਼ਬਾਰਾਂ ਪੜ੍ਹ ਕੇ ਦਿਲ ਦਾ ਘੋੜਾ ਥਾਂ 'ਤੇ ਹੀ ਬੈਠ ਗਿਆ। ਭਾਰਤ ਸਰਕਾਰ ਨੇ ਪਾਕਿ ਜਾਣ ਵਾਲੇ ਜੱਥੇ ਦੀ ਕਿਸੇ ਵੀ ਤਰ੍ਹਾਂ ਦੀ ਜ਼ੁੰਮੇਵਾਰੀ ਲੈਣ ਤੋਂ ਇਨਕਾਰ ਕਰ ਦਿਤਾ ਸੀ। ਸ਼੍ਰੋਮਣੀ ਕਮੇਟੀ ਨੇ ਵੀ ਅਪਣਾ ਜੱਥਾ ਭੇਜਣ ਤੋਂ ਹੱਥ ਪਿੱਛੇ ਖਿੱਚ ਲਏ ਸਨ। ਇਸਲਾਮਾਬਾਦ ਤੋਂ ਆਈਆਂ ਖ਼ਬਰਾਂ ਵਿਚ ਕਿਹਾ ਗਿਆ ਸੀ ਕਿ ਤਾਲਿਬਾਨ ਦੀ ਧਮਕੀ ਕਾਰਨ ਸਕੂਲ ਬੰਦ ਕਰ ਦਿਤੇ ਗਏ ਹਨ। ਤਾਲਿਬਾਨ ਨੇ ਹਫ਼ਤੇ ਵਿਚ ਦੋ ਆਪਾਮਾਰੂ ਹਮਲੇ ਕਰਨ ਦੀ ਧਮਕੀ ਦਿਤੀ ਸੀ। ਖ਼ਬਰਾਂ ਪੜ੍ਹਨ ਤੋਂ ਬਾਅਦ ਇਕਦਮ ਮੌਤ ਦੇ ਡਰ ਨੇ ਆਲਾ ਦੁਆਲਾ ਮੱਲ ਲਿਆ। ਮੈਂ ਉਂਜ ਵੀ ਬਹਾਦਰ ਹੋਣਾ ਤਾਂ ਕਿਤੇ ਰਿਹਾ ਸਗੋਂ ਉਹ ਬੰਦਾ ਹਾਂ ਜਿਸ ਨੂੰ ਜੇ ਰਾਤ ਨੂੰ ਰਸਤੇ ਵਿਚ ਪਈ ਰੱਸੀ ਨਜ਼ਰ ਆ ਜਾਵੇ ਤਾਂ ਹਫ਼ਤਾ ਹਫ਼ਤਾ ਫ਼ਨੀਅਰ ਸੱਪਾਂ ਦੇ ਸੁਪਨੇ ਆਉਂਦੇ ਰਹਿੰਦੇ ਨੇ। ਕਦੇ ਕਦੇ ਮੈਨੂੰ ਲਗਦੈ ਕਿ ਉਸ ਦਿਨ ਜ਼ਰੂਰ ਸੌ ਗਿੱਦੜ ਮਰੇ ਹੋਣਗੇ ਜਿਸ ਦਿਨ ਮੈਂ ਜੰਮਿਆ ਹੋਵਾਂਗਾ। ਬੱਸ







ਵਿਚ ਬੈਠਿਆਂ ਹੀ ਮੇਰੇ ਮੋਬਾਈਲ 'ਤੇ ਕੈਨੇਡਾ ਤੋਂ ਬੀਬੀ ਦਾ ਫ਼ੋਨ ਆ ਗਿਆ, "ਪੁੱਤਰ ਬਹੁਤ ਮਾੜੀਆਂ ਖ਼ਬਰਾਂ ਆ ਰਹੀਆਂ ਨੇ, ਤੁਸੀ ਨਾ ਜਾਉ ਤਾਂ ਚੰਗੈ।" ਉਧਰ ਹਰ ਦਸ ਮਿੰਟ ਬਾਅਦ ਦਿਲ ਮੁਹੰਮਦ ਤੇ ਅਸਗਰ ਭੱਟੀ ਦਾ ਫ਼ੋਨ ਆ ਰਿਹਾ ਸੀ ਕਿ ਕਿਥੇ ਪੁੱਜ ਗਏ ਹੋ। ਜਦੋਂ ਮੈਂ ਉਨ੍ਹਾਂ ਨਾਲ ਹਾਲਾਤ ਖ਼ਰਾਬ ਹੋਣ ਬਾਰੇ ਗੱਲ ਕੀਤੀ ਤਾਂ ਉਹ ਕਹਿਣ ਲੱਗੇ, "ਬਸ ਤੂੰ ਇਕ ਵਾਰੀ ਵਾਘਾ ਟੱਪ ਜਾ, ਕਿਸੇ ਵੀ ਤੱਤੀ ਵਾਅ ਨੂੰ ਤੇਰੇ ਤਕ ਪੁੱਜਣ ਤੋਂ ਪਹਿਲਾਂ ਸਾਡੇ ਉਪਰੋਂ ਗੁਜ਼ਰਨਾ ਪਵੇਗਾ।" ਮੌਤ ਦੇ ਆਸਮਾਨ ਹੇਠ ਦਿਲ ਮੁਹੰਮਦ ਤੇ ਅਸਗਰ ਭੱਟੀ ਨੇ ਮੁਹੱਬਤਾਂ ਦੀ ਛਤਰੀ ਤਾਣ ਲਈ ਤੇ ਮੇਰਾ ਗੋਤੇ ਖਾਂਦਾ ਦਿਲ ਅਪਣੇ ਭਰਾਵਾਂ ਦੇ ਕਲਾਵੇ ਨੂੰ ਤੜਫ ਉਠਿਆ।

ਅੰਮ੍ਰਿਤਸਰ ਪੁੱਜ ਕੇ ਬੱਸ ਬਦਲੀ ਤੇ ਅਟਾਰੀ ਜਾਣ ਵਾਲੀ ਬੱਸ ਵਿਚ ਸਵਾਰ ਹੋ ਗਏ। ਪੰਜਾਬ ਰੋਡਵੇਜ਼ ਦੀ ਬੱਸ ਦੀ ਹਾਲਤ ਮਰਾਸੀ ਦੇ ਪੀਪੇ ਵਰਗੀ ਸੀ। ਬੱਸ ਥਾਂ ਥਾਂ ਤੋਂ ਇੰਜ ਖੜਕ ਰਹੀ ਸੀ ਜਿਵੇਂ ਕਰਜ਼ੇ 'ਚ ਫਸੇ ਜੱਟ ਦੇ ਭਾਂਡੇ ਖੜਕਦੇ ਹਨ। ਅਟਾਰੀ ਪੁੱਜ ਕੇ ਪਹਿਲਾਂ ਤਾਂ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਤੋਂ ਅਪਣੇ ਪਾਸਪੋਰਟ ਪ੍ਰਾਪਤ ਕੀਤੇ। ਉਥੇ ਹੀ ਭਾਰਤੀ ਕਰੰਸੀ ਵਟਾਈ। ਭਾਰਤ ਦੇ 1000 ਰੁਪਏ ਬਦਲੇ ਪਾਕਿਸਤਾਨ ਦੇ 1600 ਰੁਪਏ ਪ੍ਰਾਪਤ ਕਰ ਕੇ ਮੈਨੂੰ ਇੰਜ ਲੱਗਾ ਜਿਵੇਂ ਘੁਮਿਆਰ ਦੇ ਗਧੇ ਦਾ ਘੋੜਿਆਂ ਦੀ ਮੰਡੀ ਵਿਚ ਮੁੱਲ ਪੈ ਗਿਆ ਹੋਵੇ। ਸਮਾਨ ਚੁੱਕ ਕੇ ਅਟਾਰੀ ਸਟੇਸ਼ਨ 'ਤੇ ਪੁੱਜੇ। ਅਟਾਰੀ ਉਂਜ ਤਾਂ ਕੌਮਾਂਤਰੀ ਸਟੇਸ਼ਨ ਹੈ ਪਰ ਇਸ ਦੀ ਇਮਾਰਤ ਦੀ ਹਾਲਤ ਉਸ ਜ਼ਨਾਨੀ ਦੇ ਮੂੰਹ ਵਰਗੀ ਹੈ, ਜਿਸ ਦਾ ਘਰ ਵਾਲਾ ਕਿਸੇ ਹੋਰ ਦੀ ਜ਼ਨਾਨੀ ਲੈ ਕੇ ਦੌੜ ਗਿਆ ਹੋਵੇ। ਸਟੇਸ਼ਨ 'ਤੇ ਗੁਸਲਖ਼ਾਨੇ ਦਾ ਵੀ ਕੋਈ ਇੰਤਜ਼ਾਮ ਨਹੀਂ ਸੀ। ਬਾਕੀ ਰਹਿੰਦੀ ਕਸਰ ਕਸਟਮ ਵਾਲਿਆਂ ਨੇ ਪੂਰੀ ਕਰ ਦਿਤੀ। ਉਹ ਕਹਿਣ ਲੱਗੇ, "ਕਿਉਂ ਅਪਣੀ ਜਾਨ 'ਤੇ ਖੇਡਣ ਚੱਲੇ ਓ?" ਕਸਟਮ ਵਾਲੇ ਮੈਨੂੰ ਉਸ ਬੰਦੇ ਵਰਗੇ ਲੱਗੇ ਜਿਹੜਾ ਪਿੰਡ 'ਚ ਕਿਸੇ ਦਾ ਵੀ ਰਿਸ਼ਤਾ ਹੋਵੇ ਤਾਂ ਭਾਨੀ ਮਾਰਨ 'ਚ ਸੱਭ ਤੋਂ ਮੂਹਰੇ ਹੁੰਦੈ। ਅਟਾਰੀ ਸਟੇਸ਼ਨ ਦੇ ਇੰਤਜ਼ਾਮਾਂ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦੈ ਕਿ ਸਟੇਸ਼ਨ 'ਤੇ ਕੋਈ ਗੁਸਲਖ਼ਾਨਾ ਨਾ ਹੋਣ ਕਰ ਕੇ ਇਕ ਬੀਬੀ ਖੜੀ ਗੱਡੀ ਵਿਚ ਹੀ ਗੁਸਲਖ਼ਾਨੇ ਚਲੀ ਗਈ। ਉਸ ਦਾ ਘਰ ਵਾਲਾ ਕਸਟਮ ਦੇ ਫ਼ਾਰਮ ਭਰ ਰਿਹਾ ਸੀ ਤੇ ਬੱਚੇ ਸਮਾਨ ਕੋਲ ਖੜੇ ਸਨ। ਅਚਾਨਕ ਉਹ ਗੱਡੀ ਚਲ ਪਈ। ਸਟੇਸ਼ਨ 'ਤੇ ਖੜੇ ਬੱਚਿਆਂ ਨੇ ਚੀਕ ਚਿਹਾੜਾ ਪਾ ਦਿਤਾ। ਉਸ ਦੇ ਘਰ ਵਾਲੇ ਨੇ ਉਸ ਨੂੰ ਦੌੜ ਕੇ ਗੱਡੀ 'ਚੋਂ ਉਤਾਰਿਆ। ਇਕ ਵੱਡੀ ਅਣਹੋਣੀ ਹੋਣ ਤੋਂ ਬਚਾਅ ਹੋ ਗਿਆ।

ਅਸੀ ਕਸਟਮ ਤੋਂ ਵਿਹਲੇ ਹੋ ਕੇ ਵਾਘਾ ਜਾਣ ਵਾਲੀ ਗੱਡੀ ਵਿਚ ਸਵਾਰ ਹੋ ਗਏ। ਥੋੜੀ ਦੇਰ ਬਾਅਦ ਗੱਡੀ ਚਲ ਪਈ। ਜਿਸ ਧਰਤੀ 'ਤੇ ਕਦੇ ਬਾਬੇ ਫ਼ਰੀਦ ਨੇ ਮੁਹੱਬਤ ਦਾ ਪੈਗਾਮ ਦਿਤਾ, ਜਿਥੇ ਕਦੇ ਬਾਬੇ ਨਾਨਕ ਨੇ ਸੱਚ ਦਾ ਸੂਰਜ ਚੜ੍ਹਾ ਕੇ ਮਨੁੱਖਤਾ ਦੀਆਂ ਹਨੇਰੀਆਂ ਗਲੀਆਂ ਵਿਚ ਚਾਨਣ ਦਾ ਛੱਟਾ ਦਿਤਾ, ਉਸ ਅਪਣੀ ਹੀ ਮਿੱਟੀ ਨੂੰ ਸਲਾਮ ਕਰਨ ਲਈ ਸਾਨੂੰ ਕਿੰਨੇ ਜਫ਼ਰ ਜਾਲਣੇ ਪੈ ਰਹੇ ਸਨ। ਗੱਡੀ ਛੇਤੀ ਹੀ ਧਰਮ ਦੇ ਠੇਕੇਦਾਰਾਂ ਤੇ ਸਿਆਸਤਦਾਨਾਂ ਵਲੋਂ ਖਿੱਚੀ ਲਕੀਰ ਕੋਲ ਪੁੱਜ ਗਈ। ਇਸ ਲੀਕ ਦੀ ਖ਼ਾਤਰ ਲੱਖਾਂ ਪੰਜਾਬੀਆਂ ਨੂੰ ਇਕ ਦੂਜੇ ਹੱਥੋਂ ਕਤਲ ਕਰਵਾਇਆ ਗਿਆ ਤੇ ਕਰੋੜਾਂ ਨੂੰ ਉਨ੍ਹਾਂ ਦੇ

ਅਪਣਿਆਂ ਤੋਂ ਹੀ ਵੱਖ ਕੀਤਾ ਗਿਆ। ਵੰਡ ਦੇ ਸੰਤਾਪ ਨੂੰ ਪੰਜਾਬ ਦੀ ਧਰਤੀ ਦੀ ਹੂਕ ਦੇ ਰੂਪ ਵਿਚ ਗੁਰਦਾਸ ਮਾਨ ਨੇ ਬਹੁਤ ਹੀ ਦਰਦ ਭਰੇ ਸ਼ਬਦਾਂ ਵਿਚ ਬਿਆਨ ਕੀਤਾ ਹੈ:

*ਪੁੱਤਰਾਂ ਦੀ ਕੁਰਬਾਨੀ ਨੂੰ ਮੈਂ ਅਜੇ ਨਹੀਂ ਸਾਂ ਭੁੱਲੀ,*
*ਲੀਡਰਸ਼ਿਪ ਦੇ ਭੁੱਖਿਆਂ ਨੇ ਮੈਨੂੰ ਫੇਰ ਚੜ੍ਹਾਇਆ ਸੂਲੀ।*

*ਅਪਣੇ ਪੁੱਤਰਾਂ ਦੇ ਹੱਥੋਂ ਮੈਂ ਉਸ ਦਿਨ ਹੋ ਗਈ ਰੰਡੀ,*
*ਪਾਕਿ ਬਣਾ ਕੇ ਜਦ ਮੈਂ ਦੋ ਹਿੱਸਿਆਂ ਵਿਚ ਵੰਡੀ।*

ਪੰਜਾਬ ਲਹੂ ਦੇ ਦਰਿਆ ਵਿਚ ਗੋਤੇ ਖਾਂਦਾ ਰਿਹਾ ਤੇ ਗਾਂਧੀ ਵਰਗੇ ਅੰਗਰੇਜ਼ਾਂ ਦੀਆਂ ਪੂਣੀਆਂ ਕਤਦੇ ਰਹੇ। ਤਾਰ ਟਪਦਿਆਂ ਹੀ ਗੱਡੀ ਵਾਘਾ ਸਟੇਸ਼ਨ 'ਤੇ ਜਾ ਰੁਕੀ। ਵਾਘਾ ਸਟੇਸ਼ਨ ਦੀ ਇਮਾਰਤ ਕਿਸੇ ਸੱਜ ਵਿਆਹੀ ਦੇ ਚੂੜੇ ਵਾਂਗ ਲਿਸ਼ਕਾਂ ਮਾਰ ਰਹੀ ਸੀ। ਔਕਾਫ਼ ਬੋਰਡ 'ਤੇ ਪਾਕਿ ਗੁਰਦਵਾਰਾ ਕਮੇਟੀ ਵਲੋਂ ਯਾਤਰੀਆਂ ਦਾ ਫੁੱਲਾਂ ਨਾਲ ਸਵਾਗਤ ਕੀਤਾ ਗਿਆ। ਪਾਕਿ ਦਾ ਸ਼ਾਇਦ ਹੀ ਕੋਈ ਟੀ.ਵੀ. ਚੈਨਲ ਹੋਵੇਗਾ ਜਿਹੜਾ ਉਸ ਸਮੇਂ ਉਥੇ ਹਾਜ਼ਰ ਨਹੀਂ ਸੀ। ਜੱਥੇ ਦੇ ਆਉਣ ਬਾਰੇ ਸਾਰੇ ਸਿੱਧੀ ਜਾਣਕਾਰੀ ਦੇ ਰਹੇ ਸਨ। ਕਸਟਮ ਦੀ ਪੜਤਾਲ ਤੋਂ ਬਾਅਦ ਹਸਨ ਅਬਦਾਲ ਤਕ ਆਉਣ ਜਾਣ ਦੀਆਂ ਟਿਕਟਾਂ ਖ਼ਰੀਦੀਆਂ। ਵਾਘਾ ਤੋਂ ਹਸਨ ਅਬਦਾਲ ਤਕ ਆਉਣ ਜਾਣ ਦਾ ਇਕ ਸਵਾਰੀ ਦਾ ਦੋਵਾਂ ਪਾਸਿਆਂ ਦਾ 600 ਰੁਪਏ ਕਿਰਾਇਆ ਸੀ।

ਵਾਘਾ ਸਟੇਸ਼ਨ 'ਤੇ ਵਿਆਹ ਵਰਗਾ ਮਾਹੌਲ ਸੀ। ਪਰ੍ਹਾਂ ਇਕ ਮੇਜ਼ ਦੁਆਲੇ ਰੇਲਵੇ ਦੀਆਂ ਬੀਬੀਆਂ ਕੁਰਸੀਆਂ ਡਾਹ ਕੇ ਬੈਠੀਆਂ ਸਨ। ਮੈਂ ਇਕ ਬੀਬੀ ਨੂੰ ਪੁਛਿਆ, "ਤੁਸੀ ਕਿਥੋਂ ਦੇ ਹੋ ਜੀ?" ਅਗੋਂ ਉਸ ਨੇ ਬੜੇ ਮੋਹ ਨਾਲ ਕਿਹਾ, "ਅਸੀ ਲਾਹੌਰੀਏ ਹੁੰਨੇ ਆਂ ਜੀ।" ਸੁਣ ਕੇ ਬਹੁਤ ਚੰਗਾ ਲੱਗਾ। ਉਸ ਬੀਬੀ ਦੇ ਨਾਲ ਹੀ ਬੈਠੀ ਇਕ ਬੀਬੀ ਬੇਰ ਖਾ ਰਹੀ ਸੀ। ਮੇਰੇ ਮਨ ਵਿਚ ਖ਼ਿਆਲ ਆਇਆ ਕਿ ਕਿਉਂ ਨਾ ਬੇਰ ਖਾਧੇ ਜਾਣ। ਹਾਲਾਂਕਿ ਓਪਰੇ ਬੰਦੇ ਕੋਲੋਂ ਕੋਈ ਚੀਜ਼ ਮੰਗ ਕੇ ਖਾਣੀ ਬਹੁਤ ਔਖੀ ਲਗਦੀ ਹੈ ਪਰ ਇਸੇ ਕਲਾ ਦੇ ਸਿਰ 'ਤੇ ਮੇਰੇ ਵਰਗਾ ਨੰਗ ਬੰਦਾ ਸਾਰਾ ਹਿੰਦੁਸਤਾਨ ਘੁੰਮਿਆ ਤੇ ਰੋਟੀਆਂ ਪਤਾ ਨਹੀਂ ਕਿੰਨੇ ਪ੍ਰਕਾਰ ਦੀਆਂ ਛਕੀਆਂ। ਜਦੋਂ ਮੈਂ ਉਸ ਬੀਬੀ ਤੋਂ ਬੇਰ ਮੰਗਿਆ ਤਾਂ ਉਸ ਨੇ ਬਿਨਾਂ ਕਿਸੇ ਝਿਜਕ ਦੇ ਲਿਫ਼ਾਫ਼ਾ ਮੇਰੇ ਅੱਗੇ ਕਰ ਦਿਤਾ। ਮੈਂ ਲਿਫ਼ਾਫ਼ੇ 'ਚੋਂ ਇਕ ਬੇਰ ਚੁੱਕ ਲਿਆ। ਅਸਲ ਵਿਚ ਉਹ ਬੇਰ ਨਹੀਂ, ਲਹਿੰਦੇ ਪੰਜਾਬ ਦੀ ਧਰਤੀ ਦੀ ਮੁਹੱਬਤ ਦਾ ਤੋਹਫ਼ਾ ਸੀ, ਜਿਸ ਨੂੰ ਮੈਂ ਅਪਣੇ ਗਲ ਨਾਲ ਲਾ ਲਿਆ। ਵਾਘਾ ਸਟੇਸ਼ਨ ਦੀ ਇਮਾਰਤ, ਅੰਦਰੋਂ ਕਿਸੇ ਹਵਾਈ ਅੱਡੇ ਦਾ ਭੁਲੇਖਾ ਪਾ ਰਹੀ ਸੀ। ਸਟੇਸ਼ਨ ਦੇ ਅੰਦਰ ਥਾਂ ਥਾਂ 'ਤੇ ਗੁਰਮੁਖੀ ਵਿਚ ਜੀ ਆਇਆਂ ਨੂੰ ਲਿਖਿਆ ਹੋਇਆ ਸੀ। ਕਿਥੇ ਅਟਾਰੀ ਦਾ ਖੋਖਾ ਸਟੇਸ਼ਨ ਤੇ ਕਿਥੇ ਚੰਦ ਕੌਰ ਦੀ ਹਵੇਲੀ ਵਰਗਾ ਵਾਘਾ। ਦੋਵਾਂ ਦਾ ਕੋਈ ਮੁਕਾਬਲਾ ਹੀ ਨਹੀਂ ਸੀ। ਜੱਫੀਆਂ ਪੈ ਰਹੀਆਂ ਸਨ ਤੇ ਹਾਸੇ ਗੂੰਜ ਰਹੇ ਸਨ। ਇੰਜ ਲੱਗ ਰਿਹਾ ਸੀ ਜਿਵੇਂ ਅੱਜ ਦੇ ਦਿਨ ਤੋਂ ਚੰਗਾ ਦਿਨ ਹੋਰ ਕੋਈ ਹੋਣਾ ਈ ਨਹੀਂ।





# ਜੇ ਬਾਬਾ ਮਰਦਾਨੇ ਦਾ ਮਿੱਤਰ ਹੋ ਸਕਦੈ ਤਾਂ ਸਾਡਾ ਕਿਉਂ ਨਹੀਂ?

ਗੱਡੀ ਨੇ ਸ਼ਾਮ ਨੂੰ ਪੰਜ ਵਜੇ ਦੇ ਲਗਭਗ ਚਾਲੇ ਪਾ ਦਿਤੇ। ਰਸਤੇ ਵਿਚ ਬੱਚੇ ਸਲਾਮ ਕਰਨ ਲੱਗੇ ਹੋਏ ਸਨ। ਗੱਡੀ ਹੌਲੀ ਹੌਲੀ ਲਾਹੌਰ ਵਿਚ ਦਾਖ਼ਲ ਹੋ ਗਈ ਤੇ ਸ਼ਾਮ ਦੇ ਘੁਸਮੁਸੇ ਜਹੇ 'ਚ ਲਾਹੌਰ ਸਟੇਸ਼ਨ 'ਤੇ ਜਾ ਖਲੋਤੀ। ਕਿਸੇ ਵੀ ਮੁਸਾਫ਼ਰ ਨੂੰ ਹੇਠਾਂ ਉਤਰਨ ਦੀ ਇਜਾਜ਼ਤ ਨਹੀਂ ਸੀ। ਲਾਹੌਰ ਸਟੇਸ਼ਨ ਦੀ ਇਮਾਰਤ ਹਾਲੇ ਵੀ ਆਜ਼ਾਦੀ ਤੋਂ ਪਹਿਲਾਂ ਵਾਲੀ ਹੀ ਹੈ। ਸਟੇਸ਼ਨ ਦੀ ਇਮਾਰਤ ਇਸ ਤਰ੍ਹਾਂ ਲਗਦੀ ਹੈ ਜਿਵੇਂ ਐਫ਼.ਸੀ.ਆਈ ਦਾ ਗੁਦਾਮ ਹੋਵੇ। ਥੋੜੀ ਦੇਰ ਬਾਅਦ ਹੀ ਗੱਡੀ ਚਲ ਪਈ। ਰਸਤੇ ਵਿਚ ਰਾਵਲਪਿੰਡੀ ਆਇਆ। ਉਥੇ ਕੁੱਝ ਸਮੇਂ ਲਈ ਗੱਡੀ ਰੁਕੀ। ਸੋਚਿਆ ਕਿ ਚਾਹ ਪੀ ਲਈ ਜਾਵੇ। ਜਦੋਂ ਚਾਹ ਪੀਣ ਤੋਂ ਬਾਅਦ ਦੁਕਾਨਦਾਰ ਨੂੰ ਪੈਸੇ ਪੁੱਛੇ ਤਾਂ ਉਸ ਨੇ ਇਕ ਕੱਪ ਦਾ ਮੁੱਲ 12 ਰੁਪਏ ਦਸਿਆ। ਪਹਿਲਾਂ ਤਾਂ ਮੈਨੂੰ ਯਕੀਨ ਹੀ ਨਾ ਆਇਆ ਕਿ ਚਾਹ ਦਾ ਕੱਪ ਵੀ 12 ਰੁਪਏ ਦਾ ਹੋ ਸਕਦੈ। ਏਧਰ ਤਾਂ 12 ਰੁਪਏ ਨਾਲ ਚਾਰ ਬੰਦਿਆਂ ਦਾ ਮੂੰਹ ਭਰਿਆ ਜਾ ਸਕਦੈ। ਚਲੋ ਖ਼ੈਰ, ਚਾਹ ਪੀਤੀ ਸੀ ਤੇ ਹੁਣ ਲੇਖਾ ਤਾਂ ਦੇਣਾ ਹੀ ਪੈਣਾ ਸੀ। ਰਾਤ ਦੇ ਲਗਭਗ ਗਿਆਰਾਂ ਵਜੇ ਗੱਡੀ ਹਸਨ ਅਦਬਾਲ ਸਟੇਸ਼ਨ ਨੂੰ ਜਾ ਲੱਗੀ। ਸਾਰੇ ਮੁਸਾਫਰਾਂ ਨੂੰ ਬੇਹੱਦ ਰਾਖੀ ਨਾਲ ਬੱਸਾਂ ਵਿਚ ਗੁਰਦਵਾਰਾ ਪੰਜਾ ਸਾਹਿਬ ਵਿਖੇ ਲਿਜਾਇਆ ਗਿਆ। ਰਾਤ ਨੂੰ ਗੁਰਦਵਾਰੇ ਵਿਚ ਕਮਰਾ ਮੱਲ ਕੇ ਸੌਣ ਦੀ ਕੀਤੀ। ਅਫ਼ਗਾਨਿਸਤਾਨ ਸਰਹੱਦ ਦੇ ਨੇੜੇ ਹੋਣ ਕਾਰਨ ਇਥੇ ਮੁਸਾਫਰਾਂ ਦੀ ਰਾਖੀ ਦੇ ਬਹੁਤ ਹੀ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਗੁਰਦਵਾਰੇ ਨੂੰ ਇਕ ਤਰ੍ਹਾਂ ਨਾਲ ਕਿਲ੍ਹੇ ਵਿਚ ਬਦਲਿਆ ਹੋਇਆ ਸੀ। ਗੁਰਦਵਾਰੇ ਦੀ ਇਮਾਰਤ ਨੂੰ ਸੀ.ਸੀ.ਟੀ.ਵੀ ਕੈਮਰਿਆਂ ਦੀ ਮਾਰ ਹੇਠ ਲਿਆਂਦਾ ਗਿਆ ਸੀ। ਗੁਰਦਵਾਰੇ ਅੰਦਰ ਵੀ ਪੁਲਿਸ ਤੇ ਖੁਫ਼ੀਆ ਏਜੰਸੀਆਂ ਦੇ ਬੰਦੇ ਹਰਲ ਹਰਲ ਕਰਦੇ ਫਿਰ ਰਹੇ ਸਨ। ਗੁਰਦਵਾਰੇ ਦੀ ਸਰਾਂ ਉਪਰ ਵੀ ਪੰਜਾਬ ਪੁਲਿਸ ਨੇ ਮੋਰਚਾਬੰਦੀ ਕੀਤੀ ਹੋਈ ਸੀ। ਗੁਰਦਵਾਰੇ ਦੇ ਨਾਲ ਲਗਦਾ ਬਾਜ਼ਾਰ ਪੂਰੀ ਤਰ੍ਹਾਂ ਬੰਦ ਕੀਤਾ ਹੋਇਆ ਸੀ। ਕਿਸੇ ਵੀ ਸ਼ਹਿਰੀ ਬੰਦੇ ਨੂੰ ਗੁਰਦਵਾਰੇ ਅੰਦਰ ਜਾਣ ਦੀ ਸਖ਼ਤ ਮਨਾਹੀ ਸੀ। ਮਾਹੌਲ ਅੰਦਰ ਕਿੰਨਾ ਡਰ ਸੀ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦੈ ਕਿ ਗੁਰਦਵਾਰੇ ਦੇ ਬਾਹਰ ਬੈਠੇ ਇਕ ਪੁਲਿਸ ਵਾਲੇ ਨੇ ਅਪਣੇ ਕੰਨ ਫੜ ਕੇ ਸਾਨੂੰ ਕਿਹਾ, "ਖ਼ੁਦਾ ਕਰੇ ਤੁਸੀ ਸਲਾਮਤੀ ਨਾਲ ਅਪਣੇ ਘਰ ਚਲੇ ਜਾਉ।" ਪਰ ਇਥੇ ਆਏ ਮੁਸਾਫਰਾਂ ਦੇ ਚਿਹਰਿਆਂ 'ਤੇ ਡਰ ਦਾ ਕੋਈ ਨਿਸ਼ਾਨ ਨਹੀਂ ਸੀ। ਮੈਂ ਇਕ ਪੀ.ਸੀ.ਓ. ਤੋਂ ਦਿਲ ਮੁਹੰਮਦ ਨੂੰ ਫ਼ੋਨ ਕੀਤਾ। ਉਹ ਬਹੁਤ ਖ਼ੁਸ਼ ਹੋਇਆ। ਮੈਂ ਹੁਣ ਉਸ ਦੇ

ਬਹੁਤ ਨੇੜੇ ਪੁੱਜ ਗਿਆ ਸੀ ਪਰ ਮੇਲ ਹਾਲੇ ਤਕ ਨਹੀਂ ਸੀ ਹੋਇਆ। ਮੇਰੇ ਅੰਦਰ ਉਸ ਨੂੰ ਮਿਲਣ ਦੀ ਬੇਸਬਰੀ ਵਧਦੀ ਜਾ ਰਹੀ ਸੀ।

*ਆ ਆ ਕੇ ਯਾਦ ਤੇਰੀ ਮੰਜ਼ਰ ਗ਼ਮਾਂ ਦੇ ਚੀਰੇ*
*ਜੁਗਨੂੰ ਹੈ ਚੀਰ ਜਾਂਦਾ ਜਿਉਂ ਰਾਤ ਦਾ ਹਨੇਰਾ।*

–ਡਾ. ਜਗਤਾਰ

ਇਥੇ ਜੱਥਾ ਤਿੰਨ ਦਿਨ ਰਿਹਾ। ਮੈਂ ਤੇ ਜਸਬੀਰ ਸਮਾਂ ਲੰਘਾਉਣ ਲਈ ਬਾਜ਼ਾਰ ਵਿਚ ਘੁੰਮਣ ਚਲੇ ਜਾਂਦੇ ਸੀ। ਇਸ ਤਰ੍ਹਾਂ ਹੀ ਜਦੋਂ ਇਕ ਦਿਨ ਅਸੀ ਬਾਜ਼ਾਰ 'ਚੋਂ ਜਾ ਰਹੇ ਸੀ ਕਿ ਇਕ ਐਨਕਾਂ ਵੇਚਣ ਵਾਲਾ ਜਸਬੀਰ ਨੂੰ ਕਹਿਣ ਲੱਗਾ, "ਮਾਤਾ ਜੀ, ਐਨਕ ਲੈ ਲਉ।" ਮੈਂ ਉਸ ਨੂੰ ਕਿਹਾ, "ਯਾਰ ਜੇ ਇਹ ਤੇਰੀ ਮਾਤਾ ਲਗਦੀ ਹੈ ਤਾਂ ਮੈਂ ਤੇਰਾ ਕੀ ਲਗਦਾਂ? ਹੁਣ ਤਾਂ ਤੇਰੀ ਐਨਕ ਵਿਕਣ ਦੀ ਕੋਈ ਸੰਭਾਵਨਾ ਹੀ ਨਹੀਂ।"

ਉਹ ਵਿਚਾਰਾ ਭਵੰਤਰ ਗਿਆ। ਕਹਿੰਦਾ, "ਸਰਦਾਰ ਸਾਹਬ, ਮਾਤਾ ਤਾਂ ਮੈਂ ਸਤਿਕਾਰ ਕਰ ਕੇ ਕਿਹੈ।"

ਮੈਂ ਕਿਹਾ, "ਅੱਜਕਲ ਇਹੋ ਜਹੇ ਸਤਿਕਰ ਤੋਂ ਸਾਡੀਆਂ ਬੀਬੀਆਂ ਨੂੰ ਬਹੁਤ ਡਰ ਲਗਦੈ। ਸਾਡੇ ਤਾਂ ਉਧਰ ਸੱਤਰ–ਸੱਤਰ ਸਾਲ ਵਾਲੀਆਂ ਵੀ ਬਿਊਟੀ ਪਾਰਲਰ 'ਚ ਡੈਂਟਿੰਗ ਪੇਂਟਿੰਗ ਕਰਵਾ ਕੇ ਨੱਢੀਆਂ ਬਣੀਆਂ ਫਿਰਦੀਆਂ ਨੇ। ਤੂੰ ਯਾਰ ਤੀਹ ਸਾਲ ਦੀ ਨੂੰ ਹੀ ਪੋਤੇ, ਪੋਤੀਆਂ ਵਾਲੀ ਬਣਾ ਦਿਤਾ।" ਮੇਰੀਆਂ ਗੱਲਾਂ ਨੇ ਉਸ ਨੂੰ ਹੋਰ ਵੀ ਹੈਰਾਨ ਕਰ ਦਿਤਾ। ਮੈਂ ਉਸ ਨੂੰ ਕਿਹਾ, "ਜੇ ਐਨਕ ਵੇਚਣੀ ਹੈ ਤਾਂ ਬੁਢੀਆਂ ਨੂੰ ਵੀ ਮੈਡਮ ਕਹਿ ਕੇ ਬੁਲਾਇਆ ਕਰ, ਸਾਡੀਆਂ ਬੀਬੀਆਂ ਮੈਡਮ ਸ਼ਬਦ ਸੁਣ ਕੇ ਬਹੁਤ ਖ਼ੁਸ਼ ਹੁੰਦੀਆਂ ਨੇ।"

ਭਾਵੇਂ ਗੁਰਦਵਾਰੇ ਦੇ ਬਾਹਰ ਬਹੁਤ ਜ਼ਿਆਦਾ ਰਾਖੀ ਸੀ ਪਰ ਗੁਰਦਵਾਰੇ ਅੰਦਰ ਮੇਲੇ ਵਰਗਾ ਮਾਹੌਲ ਸੀ। ਇਕ ਪਾਸੇ ਪਿਸ਼ੌਰੀ ਸਿੰਘਾਂ ਨੇ ਲੰਗਰ ਲਗਾਏ ਹੋਏ ਸਨ ਤੇ ਗਰਮਾ ਗਰਮ ਪਕੌੜੇ ਤੇ ਜਲੇਬੀਆਂ ਦੀ ਖ਼ੁਸ਼ਬੂ ਆਉਂਦੇ ਜਾਂਦੇ ਰਾਹੀਆਂ ਨੂੰ ਅਪਣੇ ਵਲ ਖਿੱਚ ਰਹੀ ਸੀ।

ਪਿਸ਼ੌਰੀ ਸਿੰਘਾਂ ਦੇ ਲੰਗਰ 'ਤੇ ਹੀ ਮੇਰੀ ਮੁਲਾਕਾਤ ਬਿਜਲੀ ਬੋਰਡ ਦੇ ਸੇਵਾਮੁਕਤ ਜੇ.ਈ. ਬਲਦੇਵ ਸਿੰਘ ਨਾਲ ਹੋਈ। ਉਹ ਅਟਾਰੀ ਸਟੇਸ਼ਨ 'ਤੇ ਇੰਤਜ਼ਾਮਾਂ ਤੋਂ ਬਹੁਤ ਔਖਾ ਸੀ। ਕਹਿਣ ਲੱਗਾ, "ਦੇਖੋ ਸਾਡੀ ਸਰਕਾਰ ਰੋਜ਼ ਟਾਹਰਾਂ ਮਾਰਦੀ ਹੈ ਅਟਾਰੀ ਸਟੇਸ਼ਨ ਦੇ ਇੰਤਜ਼ਾਮਾਂ ਦੀਆਂ। ਨਾ ਪੀਣ ਨੂੰ ਪਾਣੀ ਤੇ ਨਾ ਹੀ ਕਿਤੇ ਨਹਾਉਣ ਧੋਣ ਕਰਨ ਨੂੰ ਥਾਂ।"

ਫਿਰ ਪਿਸ਼ੌਰੀ ਸਿੰਘਾਂ ਦੇ ਲੰਗਰਾਂ ਵਲ ਹੱਥ ਕਰ ਕੇ ਕਹਿਣ ਲੱਗਾ, "ਦੇਖੋ ਕਿੰਨੀ ਸੇਵਾ ਕਰ ਰਹੇ ਨੇ। ਹੈ ਕੋਈ ਮੁਕਾਬਲਾ? ਫਿਰ ਵੀ ਲੋਕ ਸਾਨੂੰ ਭਾਪੇ ਕਹਿ ਕੇ ਮਖ਼ੌਲ ਕਰਦੇ ਨੇ।" ਸਚਮੁਚ ਪਿਸ਼ੌਰੀ ਸਿੰਘਾਂ ਦੇ ਲੰਗਰਾਂ ਨੇ ਸਾਰੇ ਮਾਹੌਲ ਵਿਚ ਰੰਗ ਭਰਿਆ ਹੋਇਆ ਸੀ। ਉਂਜ ਵੀ ਗੁਰਦਵਾਰੇ ਵਲੋਂ ਜਿਹੜਾ ਲੰਗਰ ਚਲਾਇਆ ਜਾ ਰਿਹਾ ਸੀ, ਉਸ ਦਾ ਵੀ ਕੋਈ ਮੁਕਾਬਲਾ ਨਹੀਂ ਸੀ।





ਗੁਰੂ ਨਾਨਕ ਸਾਹਿਬ ਜੀ 1521 ਵਿਚ ਇਸ ਥਾਂ 'ਤੇ ਆਏ ਸਨ। ਉਂਜ ਇਥੇ ਪੁੱਜਣ ਵਾਲੇ ਸਿੱਖ ਇਥੇ ਇਹੀ ਸਮਝ ਕੇ ਆਉਂਦੇ ਹਨ ਕਿ ਇਥੇ ਗੁਰੂ ਨਾਨਕ ਸਾਹਿਬ ਜੀ ਨੇ ਵਲੀ ਕੰਧਾਰੀ ਦੀ ਸਾਖੀ ਅਨੁਸਾਰ ਪੰਜਾ ਲਾ ਕੇ ਪਹਾੜ ਰੋਕ ਦਿਤਾ ਸੀ, ਜਿਸ ਤੋਂ ਬਾਅਦ ਇਥੋਂ ਚਸ਼ਮਾ ਫੁੱਟ ਪਿਆ। ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲੂਏ ਨੇ ਇਥੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦਵਾਰਾ ਬਣਵਾਇਆ ਤੇ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿਚ ਪੰਜਾ ਖੁਦਵਾਇਆ। ਪੱਥਰਾਂ ਨੂੰ ਪੂਜਣਾ ਤੇ ਗੁਰਬਾਣੀ ਨੂੰ ਮੰਨਣਾ ਦੋਵਾਂ ਦਾ ਆਪਸ ਵਿਚ ਕੋਈ ਸੁਮੇਲ ਨਹੀਂ, ਪਰ ਇਥੇ ਪੁੱਜਣ ਵਾਲੇ ਸਿੱਖ ਦੋਵਾਂ ਨੂੰ ਠੀਕ ਸਿੱਧ ਕਰਨ ਲੱਗੇ ਹੋਏ ਸਨ। ਪੰਜੇ ਮੂਹਰੇ ਮੱਥਾ ਟੇਕਣ ਵਾਲਿਆਂ ਦੀ ਭੀੜ ਲੱਗੀ ਹੋਈ ਸੀ।

ਇਥੇ ਆ ਕੇ ਜਿਹੜੀ ਚੀਜ਼ ਸੱਭ ਤੋਂ ਵੱਧ ਹੈਰਾਨ ਕਰਦੀ ਹੈ, ਉਹ ਹੈ ਸਿੰਧੀਆਂ ਦਾ ਬਾਬੇ ਨਾਨਕ ਨਾਲ ਪਿਆਰ। ਗੁਰਦਵਾਰੇ ਵਿਚ ਲੰਗਰ ਬਣਾਉਣ, ਵਰਤਾਉਣ, ਬਰਤਨ ਸਾਫ਼ ਕਰਨ ਦੀ ਸੇਵਾ ਵਿਚ ਸਿੰਧੀ ਸੱਭ ਤੋਂ ਮੂਹਰੇ ਸਨ। ਇਥੇ ਹੀ ਲੰਗਰ ਹਾਲ ਵਿਚ ਲੰਗਰ ਛੱਕ ਰਹੇ ਸਿੰਧੀ ਪੁਨੀਤ ਨੂੰ ਜਦੋਂ ਮੈਂ ਇਸ ਬਾਰੇ ਪੁਛਿਆ ਤਾਂ ਉਹ ਕਹਿਣ ਲੱਗਾ, "ਜੇ ਬਾਬਾ, ਮੁਸਲਮਾਨ ਮਰਦਾਨੇ ਦਾ ਮਿੱਤਰ ਹੋ ਸਕਦੈ ਤਾਂ ਸਾਡਾ ਕਿਉਂ ਨਹੀਂ?" ਇਕ ਦਿਨ ਮੈਨੂੰ ਲੰਗਰ ਵਿਚ ਹੀ ਇਸਲਾਮਾਬਾਦ ਤੋਂ ਆਇਆ ਸੁਰੇਸ਼ ਮਿਲ ਗਿਆ। ਉਹ ਉਥੇ ਇਕ ਐਨ.ਜੀ.ਓ ਚਲਾਉਂਦਾ ਹੈ। ਉਸ ਨੇ ਮੈਨੂੰ ਦਸਿਆ ਕਿ ਉਹ ਹਰ ਸਾਲ ਇਥੇ ਆਉਂਦਾ ਹੈ। ਉਸ ਨੇ ਦਸਿਆ ਕਿ ਉਸ ਦੇ ਦਾਦਾ ਜੀ ਬਹੁਤ ਚੰਗੀ ਤਰ੍ਹਾਂ ਗੁਰਮੁਖੀ ਜਾਣਦੇ ਸੀ। ਉਸ ਨੂੰ ਗੁਰਬਾਣੀ ਨਾਲ ਬਹੁਤ ਪ੍ਰੇਮ ਸੀ। ਉਸ ਨੇ ਮੈਨੂੰ ਕਿਹਾ ਕਿ ਉਹ ਵਲੀ ਕੰਧਾਰੀ ਦੀ ਦਰਗਾਹ 'ਤੇ ਵੀ ਜਾਏਗਾ। ਉਸ ਨੇ ਮੈਨੂੰ ਵੀ ਕਿਹਾ ਕਿ ਜੇ ਜਾਣਾ ਹੈ ਤਾਂ ਚਲੋ। ਮੈਂ ਵੀ ਸੋਚਿਆ ਕਿ ਚਲੋ ਚਲਦੇ ਹਾਂ। ਗੁਰਦਵਾਰੇ ਵਿਚ ਵੀ ਸਾਰਾ ਦਿਨ ਬੈਠਣਾ ਔਖਾ ਸੀ। ਵਲੀ ਕੰਧਾਰੀ ਦੀ ਦਰਗਾਹ ਕੋਈ ਇਕ ਕੁ ਕਿਲੋ ਮੀਟਰ ਦੀ ਉਚਾਈ 'ਤੇ ਹੈ। ਹੇਠਾਂ ਤੋਂ ਇਸ ਉਤੇ ਲੱਗੇ ਝੰਡੇ ਆਦਿ ਵਿਖਾਈ ਦਿੰਦੇ ਹਨ। ਜਦੋਂ ਅਸੀ ਚੜ੍ਹਾਈ ਚੜ੍ਹ ਕੇ ਪਹਾੜੀ ਉਪਰ ਪੁੱਜੇ ਤਾਂ ਉਥੋਂ ਹਸਨ ਅਬਦਾਲ ਦਾ ਬਹੁਤ ਹੀ ਖ਼ੂਬਸੂਰਤ ਨਜ਼ਾਰਾ ਵਿਖਾਈ ਦੇ ਰਿਹਾ ਸੀ। ਸਚਮੁਚ ਹੀ ਬਾਬਾ ਨਾਨਕ ਸੱਚ ਦੇ ਰਾਹਾਂ ਦਾ ਮੁਸਾਫ਼ਰ ਹੋਣ ਦੇ ਨਾਲ ਨਾਲ ਇਕ ਵੱਡਾ ਸੈਲਾਨੀ ਵੀ ਸੀ, ਜਿਸ ਨੇ ਪੂਰੇ ਦਖਣੀ ਏਸ਼ੀਆ ਨੂੰ ਅਪਣੇ ਕਦਮਾਂ ਨਾਲ ਨਾਪਿਆ। ਸਾਡੇ ਕੋਲ ਤਾਂ ਬਾਬੇ ਦੇ ਕੀਤੇ ਕੰਮਾਂ ਦੀ ਥਾਹ ਪਾਉਣ ਵਾਲੀ ਨਜ਼ਰ ਹੀ ਨਹੀਂ। ਸਾਡੇ ਕੋਲ ਤਾਂ ਕਹਿਣ ਲਈ ਬਸ ਇਕ ਹੀ ਗੱਲ ਬਚੀ ਹੈ ਕਿ 'ਜੀ, ਪੰਜਾ ਲਾ ਕੇ ਗੁਰਾਂ ਨੇ ਪਹਾੜ ਰੋਕ ਦਿਤਾ, ਪਹਾੜ ਰੋਕ ਦਿਤਾ।' ਅਸੀ ਅੱਧ ਵਿਚ ਹੀ ਗਏ ਹੋਵਾਂਗੇ ਕਿ ਗਰਮੀ ਵਧਣ ਕਾਰਨ ਇਕਦਮ ਥਕਾਵਟ ਹੋਣ ਲੱਗੀ ਪਈ। ਸੁਰੇਸ਼ ਤਾਂ ਸਾਡੇ ਤੋਂ ਅੱਗੇ ਨਿਕਲ ਗਿਆ ਸੀ। ਅਸੀ ਉਥੋਂ ਹੀ ਵਾਪਸ ਮੁੜ ਆਏ। ਸੁਰੇਸ਼ ਨੂੰ ਹੇਠਾਂ ਤੋਂ ਹੀ ਸਲਾਮ ਕਹਿ ਦਿਤੀ।

✿✿✿

# ਸੱਚ ਦਾ ਪੀਰ ਜਦੋਂ ਉਨ੍ਹਾਂ ਦਾ ਬੂਹਾ ਆ ਖੜਕਾਉਂਦੈ

ਬਾਬੇ ਨਾਨਕ ਦਾ ਮੁਹੱਬਤ ਦਾ ਸੁਨੇਹਾ ਕੁੱਲ ਆਲਮ ਲਈ ਸੀ, ਜਿਸ ਨੇ ਇਸ ਧਰਤੀ ਤੋਂ ਵੀ ਅੱਗੇ ਮਨੁੱਖਤਾ ਦਾ 'ਲੱਖ ਅਕਾਸ਼ੀ' ਨਕਸ਼ਾ ਪੇਸ਼ ਕੀਤਾ। ਬਾਬੇ ਨਾਨਕ ਦੇ ਮੁਹੱਬਤ ਦੇ ਸੁਨੇਹੇ ਵਿਚ ਖਿੱਚ ਦਾ ਅੰਦਾਜ਼ਾ ਇਸ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਮਰਦਾਨਾ, ਮਰਾਸੀ ਮੁਸਲਮਾਨ ਹੁੰਦੇ ਹੋਏ ਵੀ ਉਨ੍ਹਾਂ ਨਾਲ ਸੱਚ ਦੇ ਰਾਹਾਂ ਦਾ ਪਾਂਧੀ ਬਣਿਆ। ਸੱਚ ਦੇ ਮੁਸਾਫ਼ਰ ਦੀ ਨਜ਼ਰ ਜ਼ਿੰਦਗੀ ਦੇ ਸਾਗਰਾਂ 'ਚੋਂ ਉਹ ਮੋਤੀ ਲਭਦੀ ਹੈ ਜਿਨ੍ਹਾਂ ਦੀ ਰੌਸ਼ਨੀ ਆਉਣ ਵਾਲੇ ਸਮੇਂ ਵਿਚ ਸਚਾਈ ਤੋਂ ਭਟਕੀ ਲੁਕਾਈ ਦਾ ਰਾਹ ਰੌਸ਼ਨ ਕਰਦੀ ਹੈ। ਬਾਬੇ ਨਾਨਕ ਦੇ ਸੱਚ ਦੇ ਰਾਹ ਚਲਣ ਵਾਲੇ ਕੁੱਝ ਪਿਆਰਿਆਂ ਨਾਲ ਮੇਰਾ ਇਥੇ ਮੇਲ ਹੋਇਆ। ਇਕ ਦਿਨ ਤੜਕੇ, ਜਦੋਂ ਮੈਂ ਨਹਾਉਣ ਤੋਂ ਬਾਅਦ ਅਪਣੇ ਕਮਰੇ ਵਲ ਜਾ ਰਿਹਾ ਸੀ ਤਾਂ ਰਸਤੇ ਵਿਚ ਤਿੰਨ-ਚਾਰ ਮੁੰਡੇ ਬੈਠੇ ਗੱਪਾਂ ਮਾਰ ਰਹੇ ਸਨ। ਸੋਚਿਆ ਕਿ ਕਿਉਂ ਨਾ ਇਨ੍ਹਾਂ ਕੋਲ ਬੈਠ ਕੇ ਕੋਈ ਚੰਗਿਆੜਾ ਕਢਿਆ ਜਾਵੇ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੇਰੀ ਹੈਰਾਨੀ ਦਾ ਕੋਈ ਹੱਦ-ਬੰਨਾ ਨਾ ਰਿਹਾ। ਉਨ੍ਹਾਂ 'ਚੋਂ ਨਦੀਮ ਸਿਆਲਕੋਟ ਦਾ ਰਹਿਣ ਵਾਲਾ ਸੀ ਤੇ ਫ਼ੈਸਲ ਤੇ ਸਲੀਮ ਉਥੋਂ ਦੇ ਹੀ ਰਹਿਣ ਵਾਲੇ ਸਨ। ਉਹ ਸਾਰੇ ਹੀ ਈਸਾਈ ਸਨ। ਨਦੀਮ ਨੇ ਦਸਿਆ ਕਿ ਉਹ ਪਿਛਲੇ ਸੱਤ-ਅੱਠ ਸਾਲ ਤੋਂ ਹਰ ਸਾਲ ਇਥੇ ਆ ਰਿਹਾ ਹੈ। ਜਦੋਂ ਮੈਂ ਉਸ ਨੂੰ ਪੁਛਿਆ ਕਿ ਉਹ ਈਸਾਈ ਹੋ ਕੇ ਵੀ ਇਥੇ ਕਿਉਂ ਆਉਂਦਾ ਹੈ? ਤਾਂ ਉਹ ਕਹਿਣ ਲੱਗਾ,"ਮੈਨੂੰ ਬਾਬੇ ਨਾਲ ਮੁਹੱਬਤ ਹੈ।" ਉਸ ਦੇ ਜਵਾਬ ਵਿਚ ਬਹੁਤ ਵਜ਼ਨ ਸੀ। ਜਿਨ੍ਹਾਂ ਨਾਲ ਸਾਨੂੰ ਮੁਹੱਬਤ ਹੋ ਜਾਂਦੀ ਹੈ ਫਿਰ ਉਹ ਚਾਹੇ ਕਿਸੇ ਵੀ ਧਰਮ, ਜਾਤ ਦੇ ਹੋਣ, ਸਾਡੇ ਦਿਲ ਵਿਚ ਸਮਾਅ ਜਾਂਦੇ ਹਨ।

ਨਦੀਮ ਨੇ ਮੈਨੂੰ ਅਪਣੇ ਕਮਰੇ ਵਿਚ ਆਉਣ ਦਾ ਸੱਦਾ ਦਿਤਾ। ਇਕ ਦਿਨ ਸ਼ਾਮ ਨੂੰ ਮੈਂ, ਜਸਬੀਰ ਨਾਲ, ਉਨ੍ਹਾਂ ਦੇ ਕਮਰੇ ਵਿਚ ਜਾ ਪੁੱਜਾ। ਉਥੇ ਨਦੀਮ, ਫ਼ੈਸਲ, ਐਜਾਜ਼, ਸਲੀਮ ਤੋਂ ਇਲਾਵਾ ਕਰੀਮ ਤੇ ਨਵੀਦ ਵੀ ਬੈਠੇ ਸਨ। ਉਹ ਸਾਰੇ ਹੀ ਈਸਾਈ ਸਨ ਤੇ ਈਸਾਈ ਮਤ ਦਾ ਚਿੰਨ੍ਹ ਕਰਾਸ ਉਨ੍ਹਾਂ ਨੇ ਅਪਣੇ ਗਲਾਂ ਵਿਚ ਪਾਇਆ ਹੋਇਆ ਸੀ। ਨਵੀਦ ਨੇ ਤਾਂ ਅਪਣੇ ਹੱਥ ਵਿਚ ਕੜਾ ਵੀ ਪਾਇਆ ਹੋਇਆ ਸੀ। ਜਦੋਂ ਮੈਂ ਨਵੀਦ ਨੂੰ ਗੁਰਦਵਾਰੇ ਵਿਚ ਸੇਵਾ ਕਰਨ ਬਾਰੇ ਪੁਛਿਆ ਤਾਂ ਉਹ ਕਹਿਣ ਲੱਗਾ, "ਵੀਰ ਜੀ, ਅਸੀ ਕਈ ਸਾਲਾਂ ਤੋਂ ਇਥੇ ਆ ਰਹੇ ਹਾਂ। ਅਸੀ ਸੇਵਾ ਕਰ ਕੇ ਖ਼ੁਸ਼ ਹੁੰਦੇ ਹਾਂ।'

ਨਵੀਦ ਬਹੁਤ ਹੀ ਸ਼ਰਮਾਕਲ ਮੁੰਡਾ ਸੀ ਤੇ ਉਸ ਨੇ ਮੇਰੇ ਨਾਲ ਗੱਲ ਕਰਦੇ ਸਮੇਂ ਇਕ ਵਾਰ ਵੀ ਅਪਣੀ ਅੱਖ ਉੱਚੀ ਨਾ ਕੀਤੀ। ਜਦੋਂ ਮੈਂ ਉਸ ਨੂੰ ਪੁਛਿਆ ਕਿ ਇਥੇ





ਆਉਣ ਦਾ ਸੱਭ ਤੋਂ ਵੱਡਾ ਕਾਰਨ ਕੀ ਸੀ? ਤਾਂ ਉਹ ਹੋਰ ਵੀ ਸ਼ਰਮਾ ਕੇ ਕਹਿਣ ਲੱਗਾ, "ਸਾਨੂੰ ਬਾਬਾ ਸੋਹਣਾ ਬਹੁਤ ਲਗਦੈ।"

ਬਾਬੇ ਦੇ ਕਿੰਨੇ ਰੂਪ ਹਨ! ਕਿਸੇ ਨੂੰ ਕੋਈ ਤੇ ਕਿਸੇ ਨੂੰ ਕੋਈ ਅਪਣੇ ਵਲ ਖਿੱਚਦੈ। ਨਵੀਦ ਦਾ ਭਰਾ ਵੀ ਇਸ ਤਰ੍ਹਾਂ ਹੀ ਪਹਿਲਾਂ ਗੁਰਦਵਾਰੇ ਆਉਂਦਾ ਸੀ। ਉਹ ਹਸਨ ਅਬਦਾਲ ਵਿਚ ਹੀ ਲੱਕੜ ਦਾ ਕੰਮ ਕਰਦਾ ਹੈ। ਉਹ ਵੀ ਹਰ ਰੋਜ਼ ਗੁਰਦਵਾਰੇ ਆ ਕੇ ਸੇਵਾ ਕਰਦਾ ਸੀ। ਉਹ ਬਾਬੇ ਨਾਨਕ ਦੀ ਸ਼ਖ਼ਸੀਅਤ ਏਨਾ ਅਸਰ ਕਬੂਲਿਆ ਕਿ ਉਸ ਨੇ ਅਪਣੇ ਕੇਸ ਵਧਾ ਲਏ ਤੇ ਦਾੜ੍ਹੀ ਵੀ ਰੱਖ ਲਈ। ਇਕ ਸਮਾਂ ਤਾਂ ਅਜਿਹਾ ਆਇਆ ਕਿ ਉਹ ਪੱਗ ਵੀ ਬੰਨ੍ਹਣ ਲੱਗ ਪਿਆ। ਪਰ ਉਸ ਦਾ ਸਿੱਖ ਬਣਨਾ ਬਾਬੇ ਨਾਨਕ ਦੇ 'ਅਸਲੀ ਸਿੱਖਾਂ' ਨੂੰ ਰਾਸ ਨਾ ਆਇਆ। ਇਕ ਦਿਨ ਜਦੋਂ ਉਹ ਇਸ ਤਰ੍ਹਾਂ ਹੀ ਪੱਗ ਬੰਨ੍ਹ ਕੇ ਗੁਰਦਵਾਰੇ ਆਇਆ ਹੋਇਆ ਸੀ ਤਾਂ ਪਿਸ਼ੌਰੀ ਸਿੰਘਾਂ ਨੇ ਉਸ ਨੂੰ ਫੜ ਲਿਆ ਤੇ ਉਸ ਤੋਂ ਬਾਬੇ ਨਾਨਕ ਦੇ ਘਰ ਵਿਚ ਆਉਣ ਦਾ 'ਹਿਸਾਬ' ਮੰਗਣ ਲੱਗ ਪਏ। ਬਾਬਾ ਨਾਨਕ ਤਾਂ ਸਿਰਫ ਸਿੱਖਾਂ ਦਾ ਹੈ। ਜੇ ਹੋਰ ਕੋਈ ਉਸ ਦੇ ਘਰ 'ਚੋਂ ਅਪਣਾ ਹਿੱਸਾ ਮੰਗੇਗਾ ਤਾਂ ਸਾਡੇ ਕੋਲ ਉਸ ਨੂੰ ਭਜਾਉਣ ਲਈ ਫਿਰ ਸੋਟਾ ਤਿਆਰ ਬਰ ਤਿਆਰ ਹੈ। ਉਸ ਤੋਂ ਬਾਅਦ ਉਹ ਮੁੜ ਕੇ ਗੁਰਦਵਾਰੇ ਨਹੀਂ ਆਇਆ। ਉਸ ਨੇ ਅਪਣੀ ਦੁਕਾਨ ਵਿਚ ਵੀ ਬਾਬੇ ਨਾਨਕ ਦੀ ਤਸਵੀਰ ਲਗਾਈ ਹੋਈ ਹੈ, ਜਿਸ ਨਾਲ ਅਪਣੇ ਮਨ ਦੀਆਂ ਗੱਲਾਂ ਕਰ ਕੇ ਉਹ ਅਪਣੇ ਪਿਆਰੇ ਨੂੰ ਅਪਣੇ ਦਿਲ ਦੇ ਸੁਨੇਹੇ ਭੇਜ ਦੇਂਦਾ ਹੈ।

ਨਵੀਦ ਨੇ ਮੈਨੂੰ ਦਸਿਆ ਕਿ ਉਸ ਨੇ ਜਦੋਂ ਅਪਣੇ ਭਰਾ ਨੂੰ ਗੁਰਦਵਾਰੇ ਆਉਂਦਾ ਵੇਖਿਆ ਤਾਂ ਉਹ ਵੀ ਉਸ ਨਾਲ ਆਉਣ ਲੱਗ ਪਿਆ। ਉਸ ਨੇ ਅਪਣੇ ਹੱਥ ਵਿਚ ਕੜਾ ਵੀ ਪਾਇਆ ਹੋਇਆ ਸੀ।

ਉਹ ਬਹੁਤ ਹੀ ਮੋਹ ਨਾਲ ਕਹਿਣ ਲੱਗਾ," ਸਾਨੂੰ ਆਪ ਨਹੀਂ ਪਤਾ ਕਿ ਅਸੀ ਇਥੇ ਕਿਉਂ ਆਉਂਦੇ ਹਾਂ? ਪਰ ਇਥੇ ਆਉਣ ਤੋਂ ਬਿਨਾਂ ਸਾਡੇ ਦਿਲਾਂ ਨੂੰ ਟਿਕਾਅ ਨਹੀਂ ਆਉਂਦਾ। ਮੈਂ ਵੀ ਪਿਛਲੇ ਚਾਰ-ਪੰਜ ਸਾਲ ਤੋਂ, ਹਰ ਸਾਲ, ਵਿਸਾਖੀ ਨੂੰ ਇਥੇ ਆਉਂਦਾ ਹਾਂ।" ਨਵੀਦ ਨੇ ਹੋਰ ਦਸਿਆ ਕਿ ਪਿਸ਼ੌਰੀ ਸਿੱਖਾਂ ਨੇ ਇਕ ਵਾਰ ਉਸ ਨੂੰ ਵੀ ਫੜ ਕੇ ਬੁਰੀ ਤਰ੍ਹਾਂ ਕੁਟਿਆ ਸੀ। ਉਹ ਉਸ ਨੂੰ ਕਹਿ ਰਹੇ ਸਨ ਕਿ ਤੂੰ ਇਥੇ ਕਿਉਂ ਆਉਂਦਾ ਹੈਂ? ਅਸੀ ਬਾਬੇ ਦੇ ਤੇ ਬਾਬਾ ਸਾਡਾ। ਤੂੰ ਕੌਣ ਹੈਂ? ਜਦੋਂ ਮੈਂ ਪੁਛਿਆ ਕਿ ਤੂੰ ਇਥੇ ਆਉਣੋਂ ਕਿਉਂ ਨਹੀਂ ਹਟਿਆ ਤਾਂ ਉਹ ਕਹਿਣ ਲੱਗਾ, "ਬਾਬੇ ਦੀ ਤਸਵੀਰ ਮੇਰੀ ਰੂਹ ਵਿਚ ਸਮਾਈ ਹੋਈ ਹੈ। ਬਾਬਾ ਕਈ ਵਾਰ ਸੁਪਨੇ ਵਿਚ ਆ ਕੇ ਮੇਰੇ ਨਾਲ ਗੱਲਾਂ ਕਰਦੈ। ਇਸ ਕਰ ਕੇ ਕੁੱਟ ਖਾਣ ਤੋਂ ਬਾਅਦ ਵੀ ਘਰ ਨਹੀਂ ਬੈਠਿਆ।" ਨਵੀਦ ਵਰਗਿਆਂ ਨੇ ਸਚਮੁਚ ਬਾਬੇ ਨਾਨਕ ਦੇ ਸੁਨੇਹੇ ਦੀ ਥਾਹ ਪਾ ਲਈ ਸੀ।

***ਰੇਤ 'ਤੇ ਬਾਬਰ ਦਾ ਸੀ, ਰੂਹਾਂ 'ਤੇ ਉਸ ਦਾ ਰਾਜ ਸੀ***
***ਉਹ ਜੁ ਅਕਸਰ ਆਖਦਾ ਸੀ, ਛੇੜ ਮਰਦਾਨੇ ਰਬਾਬ***

ਪਰ ਅਖੰਡ ਪਾਠਾਂ ਦੀਆਂ ਲੜੀਆਂ ਚਲਾਉਣ ਵਾਲੇ ਸ਼ਬਦਾਂ ਦੀ ਖੇਤੀ ਹੀ ਕਰ ਸਕਦੇ ਹਨ। ਉਨ੍ਹਾਂ ਨੂੰ ਸੱਚ ਦੇ ਘਰ ਦਾ ਸਿਰਨਾਵਾਂ ਨਹੀਂ ਲੱਭ ਸਕਦਾ।

*ਉਹ ਕਿ ਜੋ ਲਫ਼ਜ਼ਾਂ ਦੀ ਖੇਤੀ ਹੀ ਸਦਾ ਕਰਦੇ ਰਹੇ*
*ਉਨ੍ਹਾਂ ਲਈ ਦੋ ਹੀ ਲਫ਼ਜ਼ ਸਨ, ਕੀ ਬਾਬਰ ਤੇ ਕੀ ਰਬਾਬ*
*– ਸੁਰਜੀਤ ਪਾਤਰ*

ਹਸਨ ਅਬਦਾਲ ਗੁਰਦਵਾਰੇ ਵਿਚ ਇਕ ਤਰ੍ਹਾਂ ਨਾਲ ਪਿਸ਼ੌਰੀ ਸਿੰਘਾਂ ਦਾ ਕਬਜ਼ਾ ਹੈ ਤੇ ਸਿੱਖੀ ਦੀ ਵੀ ਉਨ੍ਹਾਂ ਦੀ ਅਪਣੀ ਹੀ ਗਿਣਤੀ ਹੈ। ਇਕ ਦਿਨ ਰਾਤ ਨੂੰ ਤਾਂ ਸਾਰੀ



*ਪਿਸ਼ੌਰੀ ਸਿੱਖ ਹਸਨ ਅਬਦਾਲ ਵਿਖੇ ਲੰਗਰ ਤਿਆਰ ਕਰਦੇ ਹੋਏ।*

ਰਾਤ ਪਿਸ਼ੌਰੀਆਂ ਦੇ ਮੁੰਡੇ ਗੁਰਦਵਾਰੇ ਦੀ ਸਰਾਂ ਦੇ ਵਿਹੜੇ ਵਿਚ ਗਿੱਧਾ ਪਾਉਂਦੇ ਰਹੇ। ਉਹ ਉਥੇ ਇਸ ਤਰ੍ਹਾਂ ਨੱਚ ਰਹੇ ਸਨ ਜਿਵੇਂ ਪਹਿਲੇ ਸਮਿਆਂ ਵਿਚ ਤੀਵੀਆਂ ਅਪਣੇ ਦਿਉਰ ਦੀ ਜੰਜ ਚੜ੍ਹਾ ਕੇ ਨਚਦੀਆਂ ਸਨ।

ਫ਼ੈਸਲ ਉਨ੍ਹਾਂ 'ਚੋਂ ਸੱਭ ਤੋਂ ਛੀਂਟਕੇ ਕੱਦ ਦਾ ਸੀ। ਉਹ ਹਸਨ ਅਬਦਾਲ ਵਿਖੇ ਹੀ ਰਹਿੰਦਾ ਹੈ। ਉਹ ਕਾਰ ਡਰਾਈਵਰ ਹੈ ਪਰ ਜਦੋਂ ਵੀ ਹਰ ਸਾਲ ਵਿਸਾਖੀ ਹੁੰਦੀ ਹੈ ਤਾਂ ਉਸ





ਨੂੰ ਇੰਜ ਲਗਦਾ ਹੈ ਜਿਵੇਂ 'ਸੱਚ ਦਾ ਪੀਰ' ਰਬਾਬੀ ਮਰਦਾਨੇ ਨਾਲ ਉਸ ਦੇ ਬੂਹੇ 'ਤੇ ਰੁਕ ਕੇ ਅਵਾਜ਼ਾਂ ਮਾਰ ਰਿਹਾ ਹੋਵੇ। ਫ਼ੈਸਲ ਨੂੰ ਜਦੋਂ ਮੈਂ ਬਾਬੇ ਦੇ ਘਰ ਨਾਲ ਪਿਆਰ ਬਾਰੇ ਪੁਛਿਆ ਤਾਂ ਉਹ ਕਹਿਣ ਲੱਗਾ," ਇਥੇ ਆਉਣਾ ਮੈਨੂੰ ਹੱਜ ਕਰਨ ਵਰਗਾ ਲਗਦੈ। ਇਹ ਵੀ ਤਾਂ ਮੁਹੱਬਤ ਦਾ ਘਰ ਹੈ। ਅਸੀ ਹਰ ਸਾਲ ਵਿਸਾਖੀ ਨੂੰ ਇਥੇ ਆਉਂਦੇ ਹਾਂ। ਇਥੇ ਆ ਕੇ ਝਾੜੂ, ਪੋਚੇ ਲਗਾਉਣ ਦੀ ਸਾਰੀ ਸੇਵਾ ਅਸੀ ਆਪ ਕਰਦੇ ਹਾਂ। ਅਜਿਹਾ ਕਰ ਕੇ ਅਸੀ ਕਿਸੇ 'ਤੇ ਅਹਿਸਾਨ ਨਹੀਂ ਕਰਦੇ ਸਗੋਂ ਅਪਣੇ ਪਿਆਰੇ ਨੂੰ ਸਲਾਮ ਕਰਨ ਦਾ ਇਹ ਢੰਗ ਸਾਨੂੰ ਬਹੁਤ ਚੰਗਾ ਲਗਦੈ।' ਫ਼ੈਸਲ ਨੇ ਹੋਰ ਹੈਰਾਨੀ ਵਾਲੀ ਗੱਲ ਦੱਸੀ, "ਕੱਲ ਈਸਟਰ ਸੀ ਤੇ ਇਹ ਈਸਾਈਆਂ ਲਈ ਈਦ ਵਾਂਗ ਹੀ ਹੁੰਦੀ ਹੈ। ਸਾਡੇ ਘਰ ਦਿਆਂ ਨੇ ਸਾਨੂੰ ਸੁਨੇਹਾ ਭੇਜਿਆ ਕਿ ਘੱਟੋ ਘੱਟ ਅੱਜ ਦੇ ਦਿਨ ਤਾਂ ਘਰ ਆ ਜਾਉ ਪਰ ਅਸੀ ਇਥੇ ਹੀ ਸੇਵਾ ਕਰ ਕੇ ਅਪਣਾ ਈਸਟਰ ਮਨਾ ਰਹੇ ਹਾਂ।" ਹਸਨ ਅਬਦਾਲ ਗੁਰਦਵਾਰੇ ਵਿਚ ਉਹ ਸਾਰੀ ਸਾਰੀ ਰਾਤ ਸੇਵਾ ਕਰਦੇ ਸਨ। ਖ਼ਾਸ ਕਰ ਕੇ ਰਾਤ ਨੂੰ ਉਹ ਗੁਰਦਵਾਰੇ ਦੇ ਗੁਸਲਖਾਨੇ ਤੇ ਫਲੱਸ਼ਾਂ ਸਾਫ਼ ਕਰਦੇ ਸਨ ਕਿਉਂਕਿ ਰਾਤ ਨੂੰ ਮੁਸਾਫਰਾਂ ਦੀ ਆਵਾਜਾਈ ਘੱਟ ਜਾਂਦੀ ਸੀ। ਸੰਗਤਾਂ ਦੇ ਪਹੁੰਚਣ ਤੋਂ ਪਹਿਲਾਂ ਵੀ ਉਨ੍ਹਾਂ ਨੇ ਸਾਰੇ ਗੁਰਦਵਾਰੇ ਦੇ ਵਿਹੜੇ ਵਿਚ ਸਫ਼ਾਈ ਕਰਨ ਤੋਂ ਬਾਅਦ ਤੰਬੂ ਲਗਾਏ। ਉਹ ਸੇਵਾ 'ਚੋਂ ਅਨੰਦ ਲੈ ਰਹੇ ਸਨ। ਅਸੀ ਗੁਰਦਵਾਰਿਆਂ 'ਤੇ ਸੋਨਾ ਚੜ੍ਹਾਉਣ ਵਾਲੇ ਬਾਬੇ ਨਾਨਕ ਦੀ ਬਾਣੀ ਦੀ ਰੂਹ ਤਕ ਪੁੱਜ ਹੀ ਨਹੀਂ ਸਕਦੇ। ਜਿਹੜੇ ਪੁੱਜ ਜਾਂਦੇ ਹਨ, ਉਨ੍ਹਾਂ ਲਈ ਫਿਰ ਧਰਮ ਰਸਮ ਨਹੀਂ, ਜ਼ਿੰਦਗੀ ਜੀਣ ਦੀ ਇਕ ਅਦਾ ਬਣ ਜਾਂਦੀ ਹੈ। ਨਵੀਦ ਨੇ ਹੋਰ ਦਸਿਆ ਕਿ ਪਿਸ਼ੌਰੀ ਸਿੱਖਾਂ ਨੇ ਜਦੋਂ ਉਸ ਦੇ ਗੁੱਟ ਵਿਚ ਪਾਇਆ ਕੜਾ ਵੇਖਿਆ ਤਾਂ ਉਹ ਉਸ ਦਾ ਗੁੱਟ ਤੋੜਨ ਲੱਗੇ ਸਨ ਪਰ ਕਿਸੇ ਤਰ੍ਹਾਂ ਸੰਗਤਾਂ ਨੇ ਉਸ ਦਾ ਬਚਾਅ ਕਰ ਲਿਆ। ਉਸ ਨੇ ਹੋਰ ਦਸਿਆ ਕਿ ਉਹ ਖ਼ਰਾਦ ਦੀ ਦੁਕਾਨ 'ਤੇ ਕੰਮ ਕਰਦਾ ਹੈ। ਉਸ ਦੇ ਮਾਲਕ ਨੇ ਉਸ ਨੂੰ ਕਿਹਾ ਸੀ ਕਿ "ਜੇ ਤੂੰ ਗੁਰਦਵਾਰੇ ਜਾਵੇਂਗਾ ਤਾਂ ਮੈਂ ਤੈਨੂੰ ਕੰਮ ਤੋਂ ਹਟਾ ਦੇਵਾਂਗਾ।" ਇਸ 'ਤੇ ਨਵੀਦ ਦਾ ਜਵਾਬ ਸੀ,"ਕੰਮ ਤਾਂ ਹੋਰ ਵੀ ਲੱਭ ਜਾਵੇਗਾ ਪਰ ਬਾਬੇ ਨੂੰ ਮਿਲਣ ਦਾ ਮੌਕਾ ਵਾਰ ਵਾਰ ਨਹੀਂ ਆਉਂਦਾ।"

ਗੁਰਦਵਾਰਿਆਂ ਦੀਆਂ ਗੋਲਕਾਂ ਪਿੱਛੇ ਪੱਗਾਂ ਉਤਾਰਨ ਵਾਲੇ ਬਾਬੇ ਨਾਨਕ ਦੇ ਸੁਨੇਹੇ ਦੀ ਥਾਹ ਨਹੀਂ ਪਾ ਸਕਦੇ, ਜਿਹੜੇ ਉਸ ਦੇ ਮਨੁੱਖਤਾ ਦੇ ਪੈਗ਼ਾਮ ਨੂੰ ਬੁੱਝ ਲੈਂਦੇ ਹਨ ਉਨ੍ਹਾਂ ਦੀ ਰੂਹ ਫਿਰ ਨਵੀਦ, ਫ਼ੈਸਲ, ਨਦੀਮ ਵਾਂਗ ਹਰ ਸਮੇਂ ਅਪਣੇ ਪਿਆਰੇ ਦਾ ਹੀ ਸਿਮਰਨ ਕਰਦੀ ਹੈ। ਪੰਜੇ ਨੂੰ ਮੱਥਾ ਟੇਕ ਕੇ ਬਾਬੇ ਨਾਨਕ ਨੂੰ ਜਾਦੂਗਰ ਸਾਬਤ ਕਰਨ ਵਾਲਿਆਂ ਦੀ ਭੀੜ ਵਿਚ, ਨਵੀਦ, ਕਰੀਮ, ਫ਼ੈਸਲ ਆਦਿ ਇੰਜ ਲਗਦੇ ਸਨ ਜਿਵੇਂ ਉਹ ਜ਼ਿੰਦਗੀ ਦੇ ਮਾਰੂਥਲ ਵਿਚ ਮੁਹੱਬਤਾਂ ਦੇ ਬੂਟੇ ਨੂੰ ਪਾਣੀ ਲਾ ਰਹੇ ਹੋਣ। ਉਸ ਦਿਨ ਰਾਤ ਨੂੰ ਹੀ ਜੱਥਾ ਰੇਲ ਗੱਡੀ ਵਿਚ ਨਨਕਾਣੇ ਪੁੱਜ ਗਿਆ ਤੇ ਮੈਨੂੰ ਸਫ਼ਰ ਦੌਰਾਨ ਸਾਰੀ ਰਾਤ 'ਇਸ਼ਕ ਦੇ ਮੱਕੇ' ਦੇ ਆਸ਼ਕਾਂ ਦੇ ਸੁਪਨੇ ਆਉਂਦੇ ਰਹੇ।

# ਚਾਨਣੀਆਂ ਰਾਤਾਂ ਦੀ ਲੋਅ

ਕਈ ਬੰਦਿਆਂ ਨੂੰ ਮਿਲਣ ਤੋਂ ਬਾਅਦ ਸਾਨੂੰ ਇੰਜ ਲਗਦੈ ਜਿਵੇਂ ਚਾਨਣੀਆਂ ਰਾਤਾਂ ਦੀ ਲੋਅ ਨੇ ਸਾਡਾ ਆਲਾ-ਦੁਆਲਾ ਮੱਲ ਲਿਆ ਹੋਵੇ। ਉਨ੍ਹਾਂ ਦੇ ਬੋਲ ਸੁਣ ਕੇ ਸਧਰਾਂ ਦੇ ਕੁਮਲਾਏ ਬੂਟਿਆਂ 'ਚੋਂ ਵੀ ਮੁਹੱਬਤ ਦੀ ਖ਼ੁਸ਼ਬੋ ਆਉਣ ਲੱਗ ਜਾਂਦੀ ਹੈ। ਉਨ੍ਹਾਂ ਦੇ ਗਲ ਲੱਗ ਕੇ ਮਿਲਣਾ ਦਿਲ ਦੀਆਂ ਤਾਰਾਂ ਵਿਚ ਕਿਸੇ ਨਵੀਂ ਸਵੇਰ ਦਾ ਗੀਤ ਛੇੜ ਦੇਂਦਾ ਹੈ। ਜਦੋਂ ਉਹ ਸਾਡੀਆਂ ਅੱਖਾਂ ਵਿਚ ਅੱਖਾਂ ਪਾ ਕੇ ਤਕਦੇ ਹਨ ਤਾਂ ਲਗਦੈ ਜਿਵੇਂ ਪੁਰੇ ਦੀ ਹਵਾ ਦੇ ਕਿਸੇ ਬੁੱਲ੍ਹੇ ਨੇ ਆ ਬੂਹਾ ਖੜਕਾਇਆ ਹੋਵੇ। ਅਜਿਹੇ ਹੀ ਇਕ 'ਬੁੱਲ੍ਹੇ' ਨੂੰ ਮਿਲਣ ਲਈ ਮੈਂ ਨਨਕਾਣੇ ਦੀਆਂ ਗਲੀਆਂ ਵਿਚ ਗੇੜੇ ਕੱਢ ਰਿਹਾ ਸੀ। ਕਲਿਆਣ ਸਿੰਘ ਦਾ ਮੈਂ ਬਹੁਤ ਨਾਂ ਸੁਣਿਆ ਹੋਇਆ ਸੀ। ਮੈਂ ਆਪ ਜ਼ਿੰਦਗੀ 'ਚ ਕੋਈ ਕਾਰਨਾਮਾ ਨਹੀਂ ਕਰ ਸਕਿਆ ਪਰ ਜਦੋਂ ਵੀ ਕਿਸੇ ਵਲੋਂ ਵੱਡਾ ਕੰਮ ਕਰਨ ਬਾਰੇ ਸੁਣਦਾ ਹਾਂ ਤਾਂ ਰੂਹ ਉਸ ਨੂੰ ਮਿਲਣ ਲਈ ਬੇਕਰਾਰ ਹੋ ਜਾਂਦੀ ਹੈ। ਨਨਕਾਣੇ ਪੁੱਜ ਕੇ ਮੈਂ ਕਲਿਆਣ ਸਿੰਘ ਨੂੰ ਮਿਲਣ ਦੀ ਮੁਹਿੰਮ ਛੇੜ ਦਿਤੀ। ਮੈਂ ਗੁਰਦਵਾਰੇ ਵਿਚ ਲੰਗਰ ਦੀ ਸੇਵਾ ਕਰ ਰਹੇ ਬਾਬਿਆਂ ਤੋਂ ਕਲਿਆਣ ਸਿੰਘ ਬਾਰੇ ਪੁਛਿਆ ਤਾਂ ਉਨ੍ਹਾਂ ਦਾ ਜਵਾਬ ਟੋਭੇ ਵਿਚ ਇੱਟ ਸੁਟਣ ਵਰਗਾ ਸੀ। ਕਹਿਣ ਲੱਗੇ, "ਅਸੀ ਤਾਂ ਇਕ ਵਾਰੀ ਗੁਰਦਵਾਰੇ ਵਿਚ ਦਾਖ਼ਲ ਹੋ ਕੇ ਮੁੜ ਉਦੋਂ ਹੀ ਬਾਹਰ ਜਾਂਦੇ ਹਾਂ ਜਦੋਂ ਅਸੀ ਭਾਰਤ ਵਾਪਸ ਜਾਣਾ ਹੁੰਦੈ। ਸਾਨੂੰ ਕੀ ਪਤਾ, ਕੌਣ ਕਲਿਆਣ ਤੇ ਕੌਣ ਕਲਿਆਣ ਦਾ ਰਿਸ਼ਤੇਦਾਰ।" ਆਪੇ ਸਿਰਜੀ ਕੈਦ ਕਿਵੇਂ ਭੋਗੀ ਜਾਂਦੀ ਹੈ, ਇਸ ਦਾ ਪਤਾ ਉਨ੍ਹਾਂ ਬਾਬਿਆਂ ਨੂੰ ਮਿਲ ਕੇ ਹੀ ਲੱਗ ਸਕਦੈ। ਖ਼ੈਰ, ਮੈਨੂੰ ਸਵਾ ਛੇ ਫ਼ੁਟੇ ਗੁਰਮੀਤ ਨੇ ਦੱਸ ਦਿਤਾ ਕਿ ਕਲਿਆਣ ਸਿੰਘ ਦੀ ਰਿਹਾਇਸ਼ ਗੁਰਦਵਾਰਾ ਪੱਟੀ ਸਾਹਿਬ ਦੇ ਅੰਦਰ ਹੈ। ਗੁਰਦਵਾਰੇ ਪੁੱਜ ਕੇ ਜਦੋਂ ਮੈਂ ਇਕ ਬੱਚੇ ਨੂੰ ਕਲਿਆਣ ਸਿੰਘ ਬਾਰੇ ਪੁਛਿਆ ਤਾਂ ਉਸ ਨੇ ਸਾਨੂੰ ਅਪਣੇ ਨਾਲ ਆਉਣ ਲਈ ਕਿਹਾ। ਜਸਬੀਰ ਵੀ ਮੇਰੇ ਨਾਲ ਸੀ। ਉਹ ਮੈਨੂੰ ਅਕਸਰ ਕਹਿੰਦੀ ਰਹਿੰਦੀ ਹੈ ਕਿ ਕਿਹੋ ਜਹੇ ਨੰਗ ਬੰਦੇ ਨਾਲ ਵਿਆਹ ਕਰਵਾ ਲਿਐ। ਮੈਂ ਉਸ ਨੂੰ ਵਿਖਾਉਣਾ ਚਾਹੁੰਦਾ ਸੀ ਕਿ ਕੀ ਹੋਇਆ ਜੇ ਸਾਡੇ ਕੋਲ ਇਕ ਕਿੱਕਰ ਦੀ ਮਾਲਕੀ ਦਾ ਵੀ ਹੱਕ ਨਹੀਂ ਪਰ ਸਾਡੀ ਯਾਰੀ ਤਾਂ ਉਨ੍ਹਾਂ ਨਾਲ ਹੈ ਜਿਨ੍ਹਾਂ ਦੀਆਂ ਕਿੱਕਰਾਂ ਨੂੰ ਵੀ ਕੇਲੇ ਲਗਦੇ ਨੇ।

ਇਕ ਗਲੀ ਟੱਪ ਕੇ ਅਸੀ ਕਲਿਆਣ ਸਿੰਘ ਦੇ ਸਾਹਮਣੇ ਸੀ। ਉਹ ਬੜੇ ਮੋਹ ਨਾਲ ਮਿਲਿਆ। ਗੱਲਬਾਤ ਹੋਣ ਤੋਂ ਥੋੜੀ ਦੇਰ ਬਾਅਦ ਹੀ ਮੈਨੂੰ ਪਤਾ ਲੱਗ ਗਿਆ ਕਿ ਇਥੇ ਤਾਂ ਮੁਹੱਬਤਾਂ ਦਾ ਦਰਿਆ ਵਗ ਰਿਹੈ, ਗੋਤਾ ਲਾਉਣ ਸਮੇਂ ਗਿਣਤੀ ਪੁਛਣ ਦੀ ਲੋੜ ਹੀ ਨਹੀਂ।





ਉਸ ਦਾ ਪ੍ਰਵਾਰ ਪਾਕਿਸਤਾਨ 'ਚ ਇਕ ਤਰ੍ਹਾਂ ਨਾਲ ਸਿੱਖ ਰਵਾਇਤਾਂ ਦਾ ਪ੍ਰਤੀਕ ਹੈ। ਉਸ ਦਾ ਭਰਾ ਹਰਚਰਨ ਸਿੰਘ ਪਾਕਿ ਫ਼ੌਜ ਦਾ ਪਹਿਲਾ ਸਿੱਖ ਲੈਫ਼ਟੀਨੈਂਟ ਹੈ। ਜਦੋਂ ਮੈਂ ਉਸ ਕੋਲ ਲਾਹੌਰ ਪੁਲਿਸ ਦੇ ਪਹਿਲੇ ਸਿੱਖ ਵਾਰਡਨ ਗੁਲਾਬ ਸਿੰਘ ਬਾਰੇ ਗੱਲ ਛੇੜੀ ਤਾਂ ਉਹ ਕਹਿਣ ਲੱਗਾ, "ਗੁਲਾਬ ਸਿੰਘ ਮੇਰਾ ਭਤੀਜਾ ਐ।" ਮੈਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ ਕਿਉਂਕਿ ਉਹ ਤਾਂ ਆਪ ਮੁੰਡਾ ਖੁੰਡਾ ਲਗਦੈ। ਉਸ ਦਾ ਇਕ ਹੋਰ ਭਰਾ ਡਾ. ਮਹੀਪਾਲ ਸਿੰਘ ਵੀ ਪਾਕਿ ਦਾ ਪਹਿਲਾ ਸਿੱਖ ਡਾਕਟਰ ਹੈ। ਸਪੋਕਸਮੈਨ 'ਚ ਕਲਿਆਣ ਸਿੰਘ ਬਾਰੇ ਛਪਣ ਲਈ ਜਿਹੜੀ ਖ਼ਬਰ ਆਉਂਦੀ ਸੀ, ਉਹ ਜ਼ਿਆਦਾਤਰ ਅੰਗਰਜ਼ੀ ਵਿਚ ਹੀ ਹੁੰਦੀ ਸੀ ਤੇ ਉਸ ਦਾ ਉਲੱਥਾ ਕਰਨ ਦਾ ਮੌਕਾ ਕਈ ਵਾਰ ਮੈਨੂੰ ਮਿਲਦਾ ਰਿਹਾ ਹੈ। ਉਸ ਸਮੇਂ ਮੈਂ ਸੋਚਦਾ ਸੀ ਕਿ ਕੀ ਉਹ ਸਚਮੁਚ ਹੀ ਵੱਡਾ ਬੰਦਾ ਹੋਏਗਾ? ਕਈ ਬੰਦਿਆਂ ਬਾਰੇ ਸੁਣ ਕੇ ਇੰਜ ਲਗਦੈ ਕਿ ਉਹ ਵਗਦੇ ਪਾਣੀਆਂ ਵਰਗੇ ਹੋਣਗੇ ਪਰ ਉਨ੍ਹਾਂ ਨੂੰ ਮਿਲਣ ਤੋਂ ਬਾਅਦ ਅਪਣੇ ਪਿੰਡ ਦੇ ਟੋਭੇ ਦਾ ਪਾਣੀ ਬਹੁਤ ਚੰਗਾ ਲਗਦੈ। ਪਰ ਕਲਿਆਣ ਸਿੰਘ ਦੀ ਮਿਲਣੀ ਵਿਚ ਸਿਆਲ ਦੀ ਧੁੱਪ ਵਰਗਾ ਨਿੱਘ ਸੀ, ਜਿਸ 'ਚੋਂ ਸਰ੍ਹੋਂ ਦੇ ਫੁੱਲਾਂ ਵਰਗੀ ਖ਼ੁਸ਼ਬੂ ਆ ਰਹੀ ਸੀ। ਉਹ ਪਹਿਲਾ ਸਿੱਖ ਵਿਦਿਆਰਥੀ ਹੈ ਜਿਸ ਨੇ ਬੀ. ਏ. ਤੇ ਐਮ. ਏ. ਕੀਤੀ। ਗੁਰੂ ਨਾਨਕ ਡਿਗਰੀ ਕਾਲਜ ਨਨਕਾਣਾ ਸਾਹਿਬ ਤੋਂ ਉਸ ਨੇ ਗਰੈਜੂਏਸ਼ਨ ਕੀਤੀ। ਐਮ.ਏ. ਵਿਚ ਜਦੋਂ ਉਹ ਲਾਹੌਰ ਯੂਨੀਵਰਸਟੀ ਵਿਚ ਪੜ੍ਹਦਾ ਸੀ ਤਾਂ ਉਸ ਦਾ ਕਸ਼ਮੀਰੀਅਤ ਦਾ



*ਕਲਿਆਣ ਸਿੰਘ (ਕੇਸਕੀ ਵਾਲਾ) ਅਪਣੇ ਘਰ 'ਚ ਇਕ ਦੋਸਤ ਨਾਲ*

ਪ੍ਰੋਫ਼ੈਸਰ ਅਸ਼ਰਫ਼ ਕਿਹਾ ਕਰਦਾ ਸੀ, "ਸਰਦਾਰ ਬੰਦੇ ਨੂੰ ਯੂਨੀਵਰਸਟੀ ਵਿਚ ਵੇਖ ਕੇ ਰੂਹ ਰਾਜ਼ੀ ਹੋ ਜਾਂਦੀ ਹੈ।"

ਕਾਲਜ 'ਚ ਸੈਕਿੰਡ ਈਅਰ ਵਿਚ ਪੜ੍ਹਦੇ ਸਮੇਂ ਹੀ ਉਹ ਪ੍ਰੈੱਸ ਨਾਲ ਜੁੜ ਗਿਆ। ਉਸ ਨੇ ਪਹਿਲਾਂ ਬੱਚਿਆਂ ਲਈ ਜ਼ਿਆਦਾ ਲਿਖਿਆ। ਗੁਰੂ ਸਾਹਿਬਾਨ ਬਾਰੇ ਵੀ ਆਮ ਲੋਕਾਂ ਨੂੰ ਜਾਣਕਾਰੀ ਦਿਤੀ। 'ਲਹਿਰਾਂ' ਦੇ ਸੰਪਾਦਕ ਡਾ. ਅਖ਼ਤਰ ਨੇ ਉਸ ਨੂੰ ਕਿਹਾ ਕਿ "ਜੇ ਗੁਰਮੁਖੀ 'ਚ ਲਿਖੇਂ ਤਾਂ ਕੁੱਝ ਪੰਨੇ ਰਾਖਵੇਂ ਕੀਤੇ ਜਾ ਸਕਦੇ ਹਨ।" ਉਸ ਨੇ ਹਾਂ ਕਰ ਦਿਤੀ। ਪਹਿਲਾਂ ਉਸ ਨੇ ਗੁਰਮੁਖੀ ਦੀਆਂ ਟਾਈਪ ਮਸ਼ੀਨਾਂ ਨਾਲ ਮੈਟਰ ਤਿਆਰ ਕਰਨਾ ਸਿਖਿਆ। ਫਿਰ ਕੰਪਿਊਟਰ ਦਾ ਯੁਗ ਆਇਆ। ਸ਼ੁਰੂ ਵਿਚ ਉਸ ਦੀ ਗੁਰਮੁਖੀ ਵਿਚ ਬਹੁਤ ਗ਼ਲਤੀਆਂ ਹੁੰਦੀਆਂ ਸਨ ਜਿਸ ਕਰ ਕੇ ਪਟਿਆਲੇ ਤੋਂ ਪ੍ਰੋ. ਪ੍ਰੀਤਮ ਸਿੰਘ ਨੇ ਉਸ ਦੇ ਕੰਨ ਵੀ ਖਿੱਚੇ। ਉਸ ਨੇ ਡਾ. ਫ਼ਕੀਰ ਮੁਹੰਮਦ ਫ਼ਕੀਰ ਦੇ ਰਸਾਲੇ 'ਪੰਜਾਬੀ' ਵਿਚ ਵੀ ਲਿਖਿਆ। ਉਨ੍ਹਾਂ ਨੂੰ ਪਾਕਿ ਵਿਚ ਬਾਬਾ-ਏ-ਪੰਜਾਬੀ ਵੀ ਕਿਹਾ ਜਾਂਦਾ ਹੈ। ਪਾਕਿ ਵਿਚ ਪਹਿਲਾਂ ਪੰਜਾਬੀ ਨੂੰ ਸਿੱਖਾਂ ਦੀ ਬੋਲੀ ਹੀ ਪ੍ਰਚਾਰਿਆ ਜਾਂਦਾ ਸੀ ਪਰ ਡਾ. ਫ਼ਕੀਰ ਨੇ ਇਸ ਭਰਮ ਤੋਂ ਬਹੁਤ ਹੱਦ ਤਕ ਮੁਕਤੀ ਦਿਵਾਈ। 'ਜੰਗ', 'ਨਵਾਏ ਵਕਤ' ਆਦਿ ਅਖ਼ਬਾਰਾਂ ਵਿਚ ਵੀ ਉਸ ਨੇ ਅਪਣੀ ਸਰਦਾਰੀ ਦੇ ਝੰਡੇ ਗੱਡੇ। 2004 ਵਿਚ ਉਸ ਨੇ ਉਰਦੂ ਵਿਚ ਪਹਿਲਾ ਨਾਵਲ 'ਸੱਚੀ ਖ਼ੁਸ਼ੀਆਂ' ਲਿਖਿਆ ਜੋ ਬਹੁਤ ਵਿਕਿਆ। ਸਿੱਖ ਧਰਮ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਅਕਸਰ ਹੀ ਕਾਲਜਾਂ ਵਲੋਂ ਉਸ ਨੂੰ ਲੈਕਚਰ ਦੇਣ ਲਈ ਬੁਲਾਇਆ ਜਾਂਦਾ ਹੈ। ਜਦੋਂ ਉਹ ਕੁੜੀਆਂ ਦੇ ਕਾਲਜਾਂ ਵਿਚ ਸਿੱਖ ਧਰਮ ਬਾਰੇ ਲੈਕਚਰ ਦੇਣ ਜਾਂਦਾ ਸੀ ਤਾਂ ਕੁੜੀਆਂ ਸਿੱਖ ਰਵਾਇਤਾਂ ਬਾਰੇ ਸੁਣ ਕੇ ਹੈਰਾਨ ਹੋ ਜਾਂਦੀਆਂ ਸਨ। ਉਹ ਕਹਿੰਦੀਆਂ ਸਨ ਕਿ ਅਸੀ ਤਾਂ ਇਹੀ ਸੁਣਿਆ ਹੈ ਕਿ ਸਿੱਖ ਬਹੁਤ ਜ਼ਾਲਮ ਹੁੰਦੇ ਹਨ ਤੇ ਇਹ ਕੁੜੀਆਂ ਨੂੰ ਚੁੱਕ ਕੇ ਲੈ ਜਾਂਦੇ ਹਨ।

ਯੂਨੀਵਰਸਿਟੀ ਵਿਚ ਪੜ੍ਹਦੇ ਸਮੇਂ ਵੀ ਉਹ ਅਪਣਾ ਖ਼ਰਚਾ ਘਰ ਦੀ ਦੁਕਾਨ 'ਤੇ ਬੈਠ ਕੇ ਚਲਾਂਦਾ ਰਿਹਾ। ਉਹ ਮੰਨਦੈ ਕਿ ਪੰਜਾਬੀ ਦਾ ਸਹੀ ਪ੍ਰਗਟਾਵਾ ਗੁਰਮੁਖੀ ਵਿਚ ਹੀ ਹੋ ਸਕਦੈ ਪਰ ਨਾਲ ਹੀ ਕਹਿੰਦਾ ਕਿ "ਕਈ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਸ਼ਾਹਮੁਖੀ ਵਿਚ ਪ੍ਰਗਟਾਅ ਨਹੀਂ ਹੋ ਸਕਦਾ ਜਿਵੇਂ ਪਾਣੀ ਸ਼ਬਦ ਕਦੇ ਵੀ ਸ਼ਾਹਮੁਖੀ ਵਿਚ ਨਹੀਂ ਲਿਖਿਆ ਜਾ ਸਕਦਾ ਪਰ ਸ਼ਾਹਮੁਖੀ ਵਾਲੇ ਗਿਣਤੀ ਵਿਚ ਜ਼ਿਆਦਾ ਹਨ ਤੇ ਸਾਨੂੰ ਉਨ੍ਹਾਂ ਦੀ ਗੱਲ ਮੰਨਣੀ ਪੈਣੀ ਹੈ।" ਕਲਿਆਣ ਸਿੰਘ ਹੁਣ ਪੀ.ਐਚ.ਡੀ. ਕਰਨਾ ਚਾਹੁੰਦੈ ਤੇ ਜੇ ਉਹ ਅਜਿਹਾ ਕਰ ਗਿਆ ਤਾਂ ਉਹ ਇਸ ਤਰ੍ਹਾਂ ਕਰਨ ਵਾਲਾ ਪਾਕਿ ਦਾ ਪਹਿਲਾ ਸਿੱਖ ਹੋਵੇਗਾ। ਦੇਸ਼ ਦੀ ਵੰਡ ਵੇਲੇ ਦੀ ਇਕ ਦੁਖਿਆਰੀ ਪ੍ਰੀਤੋ ਦੀ ਜ਼ਿੰਦਗੀ 'ਤੇ ਉਸ ਨੇ ਬੀ.ਏ. ਪਹਿਲੇ ਸਾਲ ਵਿਚ ਪੜ੍ਹਦੇ ਸਮੇਂ 'ਪ੍ਰੀਤੋ' ਨਾਟਕ ਲਿਖਿਆ। ਬਾਅਦ ਵਿਚ ਉਸ ਨੇ ਇਸੇ ਨਾਟਕ 'ਤੇ ਬਣੀ ਟੈਲੀਫ਼ਿਲਮ 'ਪ੍ਰੀਤੋ' ਵਿਚ ਵੀ ਕੰਮ ਕੀਤਾ। ਫ਼ਿਲਮ ਦੀ ਸ਼ੂਟਿੰਗ ਦੌਰਾਨ ਡਾਇਰੈਕਟਰ ਨੇ ਕਲਿਆਣ ਸਿੰਘ ਨੂੰ 'ਐਕਟਿੰਗ ਦੇ ਘੋੜੇ' 'ਤੇ ਚੜ੍ਹਾਉਣ ਲਈ ਕਈ ਤਰ੍ਹਾਂ ਦੇ ਪਾਪੜ ਵੇਲੇ। ਉਹ ਪਸ਼ਤੋ, ਪੰਜਾਬੀ, ਉਰਦੂ, ਹਿੰਦੀ, ਸਿੰਧੀ, ਅਰਬੀ ਤੇ ਫ਼ਾਰਸੀ ਜਾਣਦਾ ਹੈ।





ਪਸ਼ਤੋ ਤੇ ਫ਼ਾਰਸੀ ਉਸ ਨੂੰ ਬੋਲ ਬੋਲ ਕੇ ਆ ਗਈ ਹੈ।

ਮੈਨੂੰ ਯਾਦ ਹੈ ਕਿ ਇਕ ਵਾਰ ਸਪੋਕਸਮੈਨ ਵਿਚ ਉਸ ਦੇ ਨਾਂ ਹੇਠ ਕਿਸੇ ਦੀ ਕਲੀਨਸ਼ੇਵ ਫ਼ੋਟੋ ਲੱਗ ਗਈ ਸੀ। ਜਦੋਂ ਮੈਂ ਕਲਿਆਣ ਸਿੰਘ ਨੂੰ ਯਾਦ ਕਰਵਾਇਆ ਤਾਂ ਉਸ ਨੇ ਦਸਿਆ, "ਮੈਨੂੰ ਅਭੈ ਸਿੰਘ ਨੇ ਮੇਲ ਭੇਜ ਕੇ ਇਸ ਸਬੰਧੀ ਦਸਿਆ ਸੀ। ਪਹਿਲਾਂ ਤਾਂ ਮੈਂ ਇਸ ਨੂੰ ਮਸ਼ੌਲ ਹੀ ਮੰਨਿਆ। ਪਰ ਜਦੋਂ ਮੈਂ ਆਪ ਵੇਖਿਆ ਤਾਂ ਹੈਰਾਨੀ ਤਾਂ ਹੋਈ ਪਰ ਗੁੱਸਾ ਬਿਲਕੁਲ ਨਾ ਆਇਆ ਕਿਉਂਕਿ ਸਪੋਕਸਮੈਨ ਵੀ ਸਾਡਾ ਅਪਣਾ ਹੀ ਅਖ਼ਬਾਰ ਹੈ।" ਇਸ ਦੇ ਨਾਲ ਹੀ ਉਸ ਦੀ ਚੜ੍ਹਦੇ ਦੀ ਲਾਲੀ ਵਰਗੀ ਮੁਸਕਰਾਹਟ ਨਾਲ ਕਮਰਾ ਭਰ ਜਾਂਦਾ ਹੈ। ਇਕ ਵਾਰ ਉਸ ਨੇ, ਸਿਰਫ਼ ਸਿੱਖਾਂ ਦੀ ਪਾਕਿ ਵਿਚ ਹੋਂਦ ਦਾ ਪ੍ਰਗਟਾਵਾ ਕਰਨ ਲਈ, ਐਮ.ਐਲ.ਏ. ਦੀ ਚੋਣ ਵੀ ਲੜੀ। ਬੇਨਜ਼ੀਰ ਭੁੱਟੋ ਉਸ ਨੂੰ ਅਪਣਾ ਭਰਾ ਮੰਨਦੀ ਸੀ। ਕਲਿਆਣ ਸਿੰਘ ਦਸਦੈ "ਚੜ੍ਹਦੇ ਪੰਜਾਬ ਵਿਚ ਤਾਂ ਕਲੀਨਸ਼ੇਵ ਸਿੱਖ, ਜੱਟ ਸਿੱਖ, ਰਾਮਦਾਸੀਆ ਸਿੱਖ, ਪਤਾ ਨਹੀਂ ਹੋਰ ਕਿੰਨੀ ਤਰ੍ਹਾਂ ਦੇ ਸਿੱਖ ਹਨ, ਜਿਵੇਂ ਅੰਬ ਦੀਆਂ ਕਿਸਮਾਂ ਹੁੰਦੀਆਂ ਹਨ ਪਰ ਪਾਕਿ ਵਿਚ ਅੰਬਾਂ ਦੇ ਬਾਗ਼ ਵਾਲੀ ਸਿੱਖੀ ਨਹੀਂ, ਕੋਈ ਦੇਹਧਾਰੀ ਗੁਰੂ ਨਹੀਂ।"

ਕਲਿਆਣ ਸਿੰਘ ਦਾ ਜੱਦੀ ਘਰ ਤਾਂ ਨਨਕਾਣੇ ਹੈ ਪਰ ਉਸ ਦਾ ਇਕ ਟਿਕਾਣਾ ਗੁਰਦਵਾਰਾ ਡੇਹਰਾ ਸਾਹਿਬ, ਲਾਹੌਰ ਵਿਖੇ ਵੀ ਹੈ। ਜਦੋਂ ਅਸੀ ਲਾਹੌਰ ਗਏ ਤਾਂ ਉਸ ਦੇ ਕਮਰੇ ਵਿਚ ਹੀ ਡੇਰਾ ਲਾ ਲਿਆ। ਉਸ ਦਾ ਕਮਰਾ ਮੈਨੂੰ ਬਹੁਤ ਵੱਡੀ ਸਲਤਨਤ ਲਗਦਾ ਸੀ ਜਿਥੇ ਕਿਤਾਬਾਂ ਸਨ, ਲੈਪਟਾਪ ਸੀ ਤੇ ਸੱਭ ਤੋਂ ਵੱਡੀ ਗੱਲ, ਕਿਤਾਬਾਂ ਵਰਗਾ ਸੱਜਣ ਕਲਿਆਣ ਸਿੰਘ ਸੀ। ਜਿਨ੍ਹਾਂ ਨਾਲ ਉਸ ਨੂੰ ਮੁਹੱਬਤ ਹੁੰਦੀ ਹੈ, ਉਨ੍ਹਾਂ ਨੂੰ ਫਿਰ ਉਹ ਅਪਣੇ ਦਿਲ ਦੇ ਵਿਹੜੇ ਵਿਚ ਇਕ ਤਰ੍ਹਾਂ ਨਾਲ ਮੰਜਾ ਡਾਹ ਦਿੰਦੈ। ਉਹ ਅਪਣਾ ਕਮਰਾ ਖੁੱਲ੍ਹਾ ਛੱਡ ਕੇ ਇਸ ਤਰ੍ਹਾਂ ਹੀ ਨਹਾਉਣ ਚਲਾ ਜਾਂਦਾ ਤੇ ਮੈਂ ਉਸ ਦੇ ਲੈਪਟਾਪ ਨਾਲ ਛੇੜਖ਼ਾਨੀ ਕਰਦਾ ਰਹਿੰਦਾ।

ਬਾਬੇ ਨਾਨਕ ਨੇ ਪੰਜ ਸੌ ਸਾਲ ਪਹਿਲਾਂ ਨਨਕਾਣੇ ਦੀ ਧਰਤੀ ਤੋਂ ਲੋਕਾਈ ਨੂੰ ਜਿਹੜਾ ਸੱਚ ਦਾ ਸੁਨੇਹਾ ਦਿਤਾ ਸੀ , ਕਲਿਆਣ ਸਿੰਘ ਉਸ ਸੁਨੇਹੇ ਦਾ ਕੋਈ ਸੱਜਰਾ ਬੋਲ ਲਗਦੈ। ਉਸ ਦੇ ਕਲਾਵਿਆਂ 'ਚੋਂ ਉਸ ਮਿੱਟੀ ਦੀ ਮਹਿਕ ਆਉਂਦੀ ਹੈ ਜਿਸ 'ਤੇ ਕਦੇ 'ਸੱਚ ਦੇ ਪੀਰ' ਨੇ ਮੁਹੱਬਤਾਂ ਦੀ ਖੇਤੀ ਕੀਤੀ ਸੀ।

ਜੇ ਤੁਸੀ ਕਦੇ ਨਨਕਾਣੇ ਗਏ ਤਾਂ ਕਲਿਆਣ ਸਿੰਘ ਨੂੰ ਮੇਰੇ ਵਲੋਂ ਜੱਫੀ ਜ਼ਰੂਰ ਪਾਇਉ ਤੇ ਉਸ ਨੂੰ ਕਹਿਣਾ ਕਿ ਅਸੀ ਦੁਆ ਕਰਦੇ ਹਾਂ ਕਿ ਪੰਜ ਪਾਣੀਆਂ ਵਰਗੀ ਉਸ ਦੀ ਗਲਵਕੜੀ ਦਾ ਨਿੱਘ, ਸਦਾ ਸਾਡੀ ਰੂਹ ਦਾ ਹਾਸਲ ਬਣਿਆ ਰਹੇ।

✿✿✿

# ਵਗਦੀਆਂ ਹਵਾਵਾਂ ਦਾ ਗੀਤ

ਉਸ ਨੂੰ ਭਾਵੇਂ ਜ਼ਿੰਦਗੀ ਵਿਚ ਮੈਂ ਇਕ ਵਾਰ ਹੀ ਮਿਲਿਆ ਹਾਂ ਪਰ ਪਤਾ ਨਹੀਂ ਕਿਉਂ ਮੈਨੂੰ ਇੰਜ ਲਗਦਾ ਹੈ ਕਿ ਮੈਂ ਉਸ ਨੂੰ ਕਈ ਜੁਗਾਂ ਤੋਂ ਜਾਣਦਾ ਹਾਂ। ਪੰਜ ਪਾਣੀਆਂ ਦੀ ਚਾਸ਼ਨੀ ਵਿਚ ਭਿੱਜੇ ਉਸ ਦੇ ਬੋਲ ਜਦੋਂ ਵੀ ਕੰਨਾਂ ਵਿਚ ਪੈਂਦੇ ਹਨ ਤਾਂ ਰੂਹ ਦੇ ਅਸਮਾਨ ਵਿਚ ਅਰਮਾਨਾਂ ਦੀ ਪੀਂਘ ਹੁਲਾਰੇ ਲੈਣ ਲਗਦੀ ਹੈ। ਜਦੋਂ ਉਹ ਪਹਿਲੀ ਵਾਰ ਮੈਨੂੰ, ਬਾਬੇ ਨਾਨਕ ਦੀ ਵਰੋਸਾਈ, ਨਨਕਾਣੇ ਦੀ ਧਰਤੀ ’ਤੇ ਜੱਫੀ ਪਾ ਕੇ ਮਿਲਿਆ ਸੀ ਤਾਂ ਉਸ ਦੇ ਕਲਾਵੇ ’ਚੋਂ ਨਿਕਲਣ ਨੂੰ ਮੇਰਾ ਜੀਅ ਨਹੀਂ ਸੀ ਕਰਦਾ, ਜਿਵੇਂ ਕੋਈ ਮੁੱਦਤਾਂ ਤੋਂ ਵਿਛੜਿਆ, ਅਪਣੇ ਪਿਆਰਿਆਂ ਨੂੰ ਆ ਮਿਲਿਆ ਹੋਵੇ।



*ਮੁਹੰਮਦ ਅਸਗਰ ਭੱਟੀ*

ਮੁਹੰਮਦ ਅਸਗਰ ਭੱਟੀ ਨਾਲ ਮੇਰੀ ਜਾਣ-ਪਛਾਣ, ਸਾਲ ਕੁ ਪਹਿਲਾਂ, ਫ਼ੋਨ ’ਤੇ ਹੋਈ ਸੀ। ਪਹਿਲੀ ਵਾਰ ਫ਼ੋਨ ’ਤੇ ਉਸ ਦੀ ਆਵਾਜ਼ ਸੁਣੀ ਤਾਂ ਇੰਜ ਲਗਿਆ ਜਿਵੇਂ ਘੁਲਾੜੀ ਦੇ ਤੱਤੇ ਗੁੜ ਦੀ ਮਹਿਕ ਨੇ ਆਲਾ-ਦੁਆਲਾ ਮੱਲ ਲਿਆ ਹੋਵੇ। ਫਿਰ ਉਸ ਨੇ ਈ-ਮੇਲ ਭੇਜੀ। ਹੁਣ ਤਾਂ ਸ਼ਾਇਦ ਹੀ ਕੋਈ ਦਿਨ ਅਜਿਹਾ ਹੋਵੇਗਾ ਜਦੋਂ ਉਹ ਫ਼ੋਨ ਨਹੀਂ ਕਰਦਾ। ਉਸ ਦਾ ਪਿਛਲਾ ਪਿੰਡ ਹਿਸਾਰ ਜ਼ਿਲ੍ਹੇ ਵਿਚ ਪੱਕਾ ਸ਼ਹੀਦਾਂ ਹੈ। ਇਸ ਕਰ ਕੇ ਉਸ ਦੀ ਰੂਹ ਵਿਚ ਸਾਂਝੇ ਪੰਜਾਬ ਲਈ ਬਹੁਤ ਹੇਰਵਾ ਹੈ। ਉਹ ਫ਼ੋਨ ’ਤੇ ਮੈਨੂੰ ਅਕਸਰ ਕਹਿੰਦਾ, “ਬਾਈ ਜੀ, ਮੈਂ ਕਿਸੇ ਸਾਲੇ ਬਾਰਡਰ ਨੂੰ ਨਹੀਂ ਮੰਨਦਾ। ਮੈਂ ਹਾਲੇ ਵੀ ਉਸ ਪੰਜਾਬ ਨੂੰ ਮੰਨਦਾ ਹਾਂ ਜਿਹੜਾ ਸੰਤਾਲੀ ਤੋਂ ਪਹਿਲਾਂ ਜਿਊਂਦਾ ਜਾਗਦਾ ਸੀ।”

ਜਦੋਂ ਉਸ ਨੂੰ ਸਾਡੇ ਵੀਜ਼ੇ ਲੱਗਣ ਦਾ ਪਤਾ ਲਗਿਆ ਤਾਂ ਉਹ ਨੱਚ ਉਠਿਆ। ਜਿਸ ਦਿਨ ਅਸੀ ਅਪਣਾ ਸਫ਼ਰ ਸ਼ੁਰੂ ਕੀਤਾ, ਹਰ ਦਸ ਮਿੰਟ ਬਾਅਦ ਉਸ ਦਾ ਫ਼ੋਨ ਆ ਰਿਹਾ ਸੀ ਕਿ ਕਿਥੇ ਪੁੱਜ ਗਏ ਹੋ। ਜਦੋਂ ਅਸੀ ਵਾਘਾ ਸਟੇਸ਼ਨ ’ਤੇ ਪੁੱਜੇ ਤਾਂ ਉਸ ਲਈ ਅਪਣੇ ਆਪ ਨੂੰ ਰੋਕਣਾ ਮੁਸ਼ਕਲ ਹੋ ਗਿਆ। ਉਸ ਨੇ ਫ਼ੋਨ ਕੀਤਾ ਕਿ ਉਹ ਮੈਨੂੰ ਮਿਲਣ ਲਈ ਆ ਰਿਹਾ





ਹੈ। ਪਰ ਜਦੋਂ ਮੈਂ ਕਿਸੇ ਨੂੰ ਪੁਛਿਆ ਤਾਂ ਉਸ ਨੇ ਦਸਿਆ ਕਿ ਇਸ ਤਰ੍ਹਾਂ ਮਿਲਣ ਨਹੀਂ ਦੇਣਗੇ। ਇਹ ਸੁਣ ਕੇ ਉਹ ਬਹੁਤ ਉਦਾਸ ਹੋ ਗਿਆ। ਕਹਿਣ ਲੱਗਾ, “ਬਾਈ ਜੀ, ਵੇਖੋ ਸਾਡੇ ਨਾਲ ਕਿਹੋ ਜਹੀਆਂ ਠੱਗੀਆਂ ਮਾਰੀਆਂ ਜਾ ਰਹੀਆਂ ਨੇ। ਸਾਡਾ ਭਰਾ, ਸਾਡੇ ਘਰ ਦੇ ਬੂਹੇ ’ਤੇ ਖੜੈ ਤੇ ਸਾਨੂੰ ਦਰਵਾਜ਼ਾ ਖੋਲ੍ਹ ਕੇ ਉਸ ਨੂੰ ਮਿਲਣ ਦਾ ਵੀ ਹੁਕਮ ਨਹੀਂ।” ਫ਼ੋਨ ’ਤੇ ਅਕਸਰ ਉਹ ਭਾਵੁਕ ਹੋ ਜਾਂਦਾ ਸੀ। ਸਾਡੀ ਗੱਡੀ ਸਿੱਧੀ ਲਾਹੌਰ ਨੂੰ ਹੁੰਦੀ ਹੋਈ ਹਸਨ ਅਬਦਾਲ ਪੁੱਜੀ। ਉਥੇ ਵੀ ਗੁਰਦਵਾਰੇ ਵਿਚ, ਸਾਡੇ ਕਮਰੇ ਦੇ ਬਾਹਰ ਬਰਾਂਡੇ ’ਚ ਬੈਠੇ ਸਿੰਧੀਆਂ ਦਾ ਫ਼ੋਨ ਨੰਬਰ, ਮੈਂ ਉਸ ਨੂੰ ਦਿਤਾ ਹੋਇਆ ਸੀ। ਉਸ ਨੰਬਰ ’ਤੇ ਅਸਗਰ ਦਾ, ਹਰ ਅੱਧੇ ਘੰਟੇ ਬਾਅਦ, ਫ਼ੋਨ ਆਉਂਦਾ। ਉਸ ਨੇ ਅਪਣੀ ਬੀਬੀ ਤੇ ਭਰਜਾਈ ਨਾਲ ਵੀ ਮੇਰੀ ਗੱਲ ਕਰਵਾਈ। ਉਸ ਦੀ ਬੀਬੀ ਨੇ ਮੈਨੂੰ ਬਹੁਤ ਹੀ ਮੋਹ ਨਾਲ ਕਿਹਾ, “ਪੁੱਤਰ, ਅਸੀ ਤੁਹਾਡੀ ਬਹੁਤ ਬੇਸਬਰੀ ਨਾਲ ਉਡੀਕ ਕਰ ਰਹੇ ਹਾਂ। ਕਦੋਂ ਤੁਸੀ ਆਉ ਤੇ ਸਾਡੇ ਵਿਹੜੇ ਦੇ ਭਾਗ ਜਾਗਣ। ਅਸਗਰ ਨੇ ਤਾਂ ਸਾਰੇ ਪਿੰਡ ਵਿਚ ਹੀ ਰੌਲਾ ਪਾਇਆ ਹੋਇਐ ਕਿ ਪਰਲੇ ਪੰਜਾਬ ਤੋਂ ਮੇਰਾ ਭਰਾ ਆ ਰਿਹੈ।” ਅਸਗਰ ਦੀ ਬੀਬੀ ਦੇ ਬੋਲ ਸੁਣ ਕੇ ਮੇਰੇ ਵੀ ਹੰਝੂ ਵਹਿ ਟੁਰੇ। ਮੈਂ ਇਕ ਵਾਰ ਅਸਗਰ ਨੂੰ ਕਿਹਾ ਸੀ ਕਿ “ਮੈਂ ਤੁਹਾਡੇ ਘਰ ਆ ਕੇ ਘਿਉ ਨਾਲ ਸ਼ੱਕਰ ਖਾਵਾਂਗਾ।” ਉਸ ਦੀ ਭਰਜਾਈ ਫ਼ੋਨ ’ਤੇ ਮੈਨੂੰ ਕਹਿਣ ਲੱਗੀ, “ਭਾਜੀ, ਛੇਤੀ ਆਉ, ਤੁਹਾਡੇ ਲਈ ਸਪੈਸ਼ਲ ਘਿਉ ਸ਼ੱਕਰ ਤਿਆਰ ਕੀਤੀ ਏ।” ਪਰ ਸਮੇਂ ਦੇ ਠੱਗਾਂ ਨੇ ਸਾਡੇ ਨਾਲ ਜਿਹੜੀ ਚਾਲ ਖੇਡੀ ਸੀ, ਉਹ ਸਾਡੀ ਪੇਸ਼ ਨਹੀਂ ਜਾਣ ਦੇ ਰਹੀ ਸੀ।

ਦਿਲ ਮੁਹੰਮਦ ਤੇ ਅਸਗਰ ਨੇ ਮੈਨੂੰ ਕਿਹਾ ਕਿ ਉਨ੍ਹਾਂ ਦੇ ਸਬਰ ਦੇ ਬੰਨ੍ਹ ਟੁੱਟਣ ਵਾਲੇ ਹਨ ਤੇ ਉਹ ਮੈਨੂੰ ਮਿਲਣ ਹਸਨ ਅਬਦਾਲ ਆ ਰਹੇ ਹਨ ਪਰ ਮੈਂ ਉਨ੍ਹਾਂ ਨੂੰ ਮਨ੍ਹਾਂ ਕਰ ਦਿਤਾ ਕਿਉਂਕਿ ਸਫ਼ਰ ਬਹੁਤ ਲੰਬਾ ਸੀ। ਜਦੋਂ ਅਸੀ ਨਨਕਾਣਾ ਸਾਹਿਬ ਪੁੱਜੇ ਤਾਂ ਅਸਗਰ ਭੱਟੀ ਲਈ ਅਪਣੇ ਆਪ ਨੂੰ ਰੋਕਣਾ ਮੁਸ਼ਕਲ ਹੋ ਗਿਆ। ਉਹ ਲਾਹੌਰ ਤੋਂ ਨਨਕਾਣੇ ਨੂੰ ਭੱਜ ਉਠਿਆ। ਮੈਂ ਤੇ ਜਸਬੀਰ ਨਨਕਾਣਾ ਸਾਹਿਬ ਦੀ ਮੰਡੀ ਵਿਚ ਇਕ ਦੁਕਾਨ ’ਤੇ ਬੈਠ ਗਏ ਤੇ ਅਸਗਰ ਨੂੰ, ਫ਼ੋਨ ਕਰ ਕੇ, ਦੁਕਾਨ ਦਾ ਪਤਾ ਦੇ ਦਿਤਾ। ਅਸੀ ਪਹਿਲਾਂ ਤਾਂ ਉਸ ਦੀ ਉਡੀਕ ਵਿਚ ਚਾਹ ਪੀਤੀ। ਫਿਰ ਦੁਕਾਨ ਦੇ ਮਾਲਕ ਦੇ ਫ਼ੋਨ ਨੰਬਰ ’ਤੇ ਉਸ ਦਾ ਫ਼ੋਨ ਆ ਗਿਆ ਕਿ ਉਹ ਪਹੁੰਚਣ ਹੀ ਵਾਲਾ ਹੈ। ਮੈਂ, ਬੇਸਬਰੀ ਨਾਲ, ਦੁਕਾਨ ਦੇ ਬਾਹਰ ਵੇਖਣ ਲੱਗ ਪਿਆ। ਫਿਰ ਉਹ ਆ ਪਹੁੰਚਿਆ। ਜਿਵੇਂ ਉਦਾਸ ਰੁੱਤਾਂ ਦੇ ਮਾਰੂਥਲ ’ਚ ਜ਼ਿੰਦਗੀ ਦੇ ਪਾਣੀ ਨੇ ਆ ਦਸਤਕ ਦਿਤੀ ਹੋਵੇ। ਅਗਲੇ ਹੀ ਪਲ ਮੈਂ ਉਸ ਦੇ ਕਲਾਵੇ ਵਿਚ ਸੀ ਤੇ ਸਾਡੀਆਂ ਅੱਖਾਂ ’ਚੋਂ ਪੰਜ ਪਾਣੀਆਂ ਨਾਲ ਹੋਏ ਧੋਖੇ ਦਾ ਰੰਜ, ਹੰਝੂ ਬਣ ਕੇ ਵਹਿ ਟੁਰਿਆ। ਅਸੀ ਪਤਾ ਨਹੀਂ ਕਿੰਨੀ ਦੇਰ ਇਸ ਤਰ੍ਹਾਂ ਹੀ, ਇਕ-ਦੂਜੇ ਦੇ ਗਲ ਲੱਗ ਕੇ, ਰੋਂਦੇ ਰਹੇ। ਜਦੋਂ ਮਨ ਕੁੱਝ ਹੌਲਾ ਹੋਇਆ ਤਾਂ ਅਸਗਰ, ਜਸਬੀਰ ਨਾਲ ਦਿਲ ਦੀਆਂ ਗੱਲਾਂ ਕਰਨ ਲੱਗ ਪਿਆ। ਉਸ ਦੀ ਮੰਗਣੀ ਹੋਈ ਪਈ ਹੈ ਤੇ ਮੈਨੂੰ ਕਹਿਣ ਲੱਗਾ, “ਬਾਈ, ਅਪਣੀ ਘਰ ਵਾਲੀ ਮਿਸਬਾ ਨਾਲ ਤੇਰੀ ਗੱਲ ਕਰਵਾਉਂਦਾਂ।”

ਮੈਂ ਤੇ ਮੇਰੇ ਦੋਸਤ ਜਦੋਂ ਵੀ ਕਿਸੇ ਵਿਆਹ ’ਤੇ ਜਾਂਦੇ ਹਾਂ ਤਾਂ ਅਸੀ ਇਕ ਮੁਹਾਵਰਾ

ਬਣਾਇਆ ਹੋਇਐ ਕਿ ਆਪਾਂ ਫ਼ਲਾਣੇ ਦੇ ਵਿਆਹ ਵਿਚ 'ਗੰਦ' ਪਾਵਾਂਗੇ। ਗੰਦ ਪਾਉਣ ਦਾ ਮਤਲਬ ਰੱਜ ਕੇ ਖ਼ੁਸ਼ੀ ਮਨਾਉਣ ਤੋਂ ਹੁੰਦੈ। ਇਹ ਗੱਲ ਮੈਂ ਅਸਗਰ ਨੂੰ ਵੀ ਦੱਸੀ ਹੋਈ ਸੀ ਤੇ ਉਸ ਨੇ ਇਹ ਗੱਲ ਅਪਣੀ ਘਰ ਵਾਲੀ ਮਿਸਬਾ ਨੂੰ ਵੀ ਦੱਸ ਦਿਤੀ ਸੀ। ਜਦੋਂ ਉਸ ਨੇ ਮਿਸਬਾ ਨੂੰ ਫ਼ੋਨ ਮਿਲਾਇਆ ਤਾਂ ਉਹ ਕਹਿਣ ਲੱਗੀ, "ਬਾਈ ਜੀ, ਤੁਸੀ ਸਾਡੇ ਵਿਆਹ ਵਿਚ 'ਗੰਦ ਪਾਉਣ' ਜ਼ਰੂਰ ਆਇਉ।'

ਉਸ ਦੇ ਇੰਨਾ ਕਹਿਣ ਦੀ ਦੇਰ ਸੀ ਕਿ ਮੇਰਾ ਕੜ ਪਾਟ ਗਿਆ। ਅਸਗਰ ਦਾ ਮੋਬਾਈਲ ਮੇਰੇ ਹੱਥ ਵਿਚ ਉਸ ਤਰ੍ਹਾਂ ਹੀ ਔਨ ਸੀ। ਜਦੋਂ ਮਨ ਕੁੱਝ ਟਿਕਾਣੇ ਆਇਆ ਤਾਂ ਮੈਂ ਮਿਸਬਾ ਨਾਲ ਦਿਲ ਦੇ ਜਜ਼ਬਾਤ ਸਾਂਝੇ ਕੀਤੇ। ਉਹ ਕਹਿੰਦੀ, "ਬਾਈ ਜੀ, ਸਾਨੂੰ ਭੁੱਲ ਨਾ ਜਾਇਉ।" ਮਨ 'ਚੋਂ ਆਵਾਜ਼ ਆਈ ਕਿ 'ਰੂਹ ਵਿਚ ਵਸ ਜਾਣ ਵਾਲਿਉ, ਤੁਹਾਨੂੰ ਕੌਣ ਭੁੱਲ ਸਕਦੈ।'

ਉਸ ਦਿਨ ਅਸਗਰ ਘੰਟਾ ਕੁ ਸਾਡੇ ਕੋਲ ਬੈਠਣ ਤੋਂ ਬਾਅਦ ਵਾਪਸ ਲਾਹੌਰ ਚਲਾ ਗਿਆ। ਪਾਕਿ 'ਚ ਆਮ ਤੌਰ 'ਤੇ ਮਰਦ ਸਲਵਾਰ-ਕੁੜਤਾ ਹੀ ਪਾਉਂਦੇ ਹਨ। ਮੇਰਾ ਵੀ ਜੀਅ ਕੀਤਾ ਕਿ ਮੈਂ ਵੀ ਇਕ ਅਜਿਹਾ ਹੀ ਸੂਟ ਸੁਆ ਕੇ ਪਾਵਾਂ। ਮੈਂ ਨਨਕਾਣਾ ਸਾਹਿਬ ਤੋਂ ਅਸਗਰ ਨੂੰ ਲਾਹੌਰ ਫ਼ੋਨ ਕੀਤਾ ਕਿ ਮੈਂ ਪਠਾਣੀ ਕੁੜਤਾ-ਸਲਵਾਰ ਸੁਆਉਣਾ ਚਾਹੁੰਦਾ ਹਾਂ। ਅਗੋਂ ਉਸ ਦਾ ਜਵਾਬ ਸੁਣ ਕੇ ਯਕੀਨ ਹੀ ਨਹੀਂ ਆਇਆ। ਕਹਿਣ ਲੱਗਾ, "ਬਾਈ ਜੀ, ਸੂਟ 'ਤੇ ਕਦੋਂ ਦਾ ਤਿਆਰ ਵੀ ਹੋ ਗਿਐ।" ਮੈਂ ਕਿਹਾ, "ਯਾਰ ਤੈਨੂੰ ਕਿਵੇਂ ਪਤਾ ਲੱਗ ਗਿਐ ਕਿ ਮੈਂ ਸੂਟ ਸੁਆਉਣਾ ਚਾਹੁੰਦਾਂ।" ਕਹਿਣ ਲੱਗਾ, "ਬਾਈ, ਜਿਨ੍ਹਾਂ ਨੂੰ ਮੁਹੱਬਤ ਹੋ ਜਾਂਦੀ ਐ, ਉਨ੍ਹਾਂ ਨੂੰ ਫਿਰ ਅਪਣੇ ਪਿਆਰਿਆਂ ਦੀ ਰੂਹ ਵਿਚ ਉਠ ਰਹੇ ਵਲਵਲਿਆਂ ਦਾ ਸਿਰਨਾਵਾਂ ਪੁੱਛਣ ਦੀ ਲੋੜ ਨਹੀਂ ਹੁੰਦੀ।" ਜਦੋਂ ਮੈਂ ਪੁਛਿਆ, " ਬਿਨਾਂ ਨਾਪ ਤੋਂ ਕਿਵੇਂ ਬਣ ਗਿਆ।" ਉਸ ਦਾ ਜਵਾਬ ਹੋਰ ਵੀ ਅਚੰਭੇ ਵਿਚ ਪਾਉਣ ਵਾਲਾ ਸੀ, "ਬਾਈ ਜੀ, ਮੈਂ ਤੁਹਾਨੂੰ ਜਿਹੜੀ ਜੱਫੀ ਪਾਈ ਸੀ, ਬਸ ਉਸ ਤੋਂ ਚੰਗਾ ਨਾਪ ਹੋਰ ਕਿਹੜਾ ਹੋ ਸਕਦਾ ਸੀ।" ਸਚਮੁਚ ਯਕੀਨ ਤੋਂ ਬਾਹਰ ਸੀ। ਜਦੋਂ ਮੈਂ ਲਾਹੌਰ ਜਾ ਕੇ ਉਹ ਸੂਟ ਪਾਇਆ ਤਾਂ ਉਸ ਦੇ ਨਾਪ ਵਿਚ ਇਕ ਇੰਚ ਦਾ ਵੀ ਫ਼ਰਕ ਨਹੀਂ ਸੀ। ਮੈਂ ਹੁਣ ਵੀ ਜਦੋਂ ਉਹ ਸੂਟ ਪਾਉਂਦਾ ਹਾਂ ਤਾਂ ਮੈਨੂੰ ਇੰਜ ਲਗਦਾ ਹੈ ਜਿਵੇਂ ਮੈਂ ਅਪਣੇ ਭਰਾ ਅਸਗਰ ਦੇ ਕਲਾਵੇ ਵਿਚ ਹੋਵਾਂ।

ਲਾਹੌਰ ਵਿਚ ਉਸ ਨੇ ਮੈਨੂੰ ਇਕ ਵਾਰ ਵੀ ਅਪਣੀ ਜੇਬ ਵਿਚ ਹੱਥ ਨਹੀਂ ਪਾਉਣ ਦਿਤਾ। ਅਪਣੇ ਪੈਸੇ ਉਹ ਮੇਰੀ ਹੀ ਜੇਬ ਵਿਚ ਪਾ ਕੇ ਕਹਿੰਦਾ ਸੀ, "ਬਾਈ ਜੀ, ਮੈਨੂੰ ਕੋਈ ਯਾਦਗਾਰੀ ਚੀਜ਼ ਲੈ ਕੇ ਦਿਉ।" ਉਸ ਦੀ ਇਹ ਅਪਣੱਤ ਮੈਨੂੰ ਭਾਵੁਕ ਕਰ ਦੇਂਦੀ ਤੇ ਹੰਝੂ ਰੋਕਿਆਂ ਨਾ ਰੁਕਦੇ।

ਪਾਕਿਸਤਾਨ ਤੋਂ ਭਾਰਤ ਨੂੰ ਕੀਤੀ ਜਾਣ ਵਾਲੀ ਫ਼ੋਨ ਕਾਲ 15 ਰੁਪਏ ਮਿੰਟ ਪੈਂਦੀ ਹੈ। ਸਾਡੇ ਇਥੇ ਤਾਂ ਹਾਲ ਇਹ ਹੈ ਕਿ ਕਈ ਜਿਗਰੀ ਯਾਰ ਪੰਜਾਹ ਪੈਸੇ ਮਿੰਟ ਦੀ ਕਾਲ ਹੁੰਦੇ





ਹੋਏ ਵੀ ਮਿਸ ਕਾਲ ਹੀ ਮਾਰ ਕੇ ਸਾਰ ਦੇਂਦੇ ਹਨ ਕਿ ਫ਼ੋਨ ਵੀ ਅਗਲਾ ਹੀ ਕਰੇ। ਪਰ ਮੇਰੇ ਭਰਾ ਅਸਗਰ ਭੱਟੀ ਨੂੰ ਉਦੋਂ ਤਕ ਸਬਰ ਨਹੀਂ ਆਉਂਦਾ ਜਦੋਂ ਤਕ ਉਹ ਰੋਜ਼ ਇਕ ਵਾਰੀ ਮੈਨੂੰ 15 ਰੁਪਏ ਮਿੰਟ ਵਾਲੀ ਕਾਲ ਨਹੀਂ ਕਰ ਲੈਂਦਾ। ਕਈ ਵਾਰ ਤਾਂ ਇਹ ਇਕ ਮਿੰਟ ਵੀ ਕਈ ਮਿੰਟਾਂ ਵਿਚ ਬਦਲ ਜਾਂਦਾ ਹੈ ਤੇ ਮੈਨੂੰ ਕਹਿ ਕੇ ਉਸ ਦਾ ਫ਼ੋਨ ਬੰਦ ਕਰਾਉਣਾ ਪੈਂਦੈ। ਉਹ ਕਹਿੰਦੈ, "ਬਾਈ, ਸਾਡੀ ਮੁਹੱਬਤ ਵਿਚ ਪੈਸੇ ਦੀ ਕੀ ਵੁੱਕਤ, ਜੇ 50 ਰੁਪਏ ਮਿੰਟ ਵਾਲੀ ਕਾਲ ਵੀ ਹੋ ਜਾਵੇ ਤਾਂ ਫਿਰ ਕਿਹੜਾ ਅਸੀ ਰੁਕ ਜਾਵਾਂਗੇ?" ਉਸ ਨੇ ਸੱਭ ਤੋਂ ਵੱਡਾ ਕਮਾਲ ਗੁਰਮੁਖੀ ਸਿਖਣ ਵਿਚ ਕੀਤਾ ਹੈ। ਮੈਂ ਉਸ ਨੂੰ ਅਕਸਰ ਹੀ ਕਹਿੰਦਾ ਰਹਿੰਦਾ ਸੀ ਕਿ ਯਾਰ ਅਸਗਰ, ਗੁਰਮੁਖੀ ਸਿੱਖ, ਇਸ ਤੋਂ ਬਿਨਾਂ ਗੱਲ ਨਹੀਂ ਬਣਨੀ। ਉਸ ਨੇ ਸਚਮੁਚ ਹੀ ਕਮਾਲ ਕਰ ਵਿਖਾਇਆ। ਉਸ ਨੇ ਸਿਰਫ਼ ਗੁਰਮੁਖੀ ਹੀ ਨਹੀਂ ਸਿੱਖੀ ਸਗੋਂ ਅਪਣਾ ਇਕ ਲੇਖ ਗੁਰਮੁਖੀ ਵਿਚ ਹੀ ਟਾਈਪ ਕਰ ਕੇ ਭੇਜਿਆ ਜੋ ਕਿ ਮੇਰੇ ਲਈ ਬਹੁਤ ਵੱਡਾ ਤੋਹਫ਼ਾ ਸੀ। ਹੁਣ ਤਾਂ ਉਹ ਗੁਰਮੁਖੀ ਵਿਚ ਲਿਖਣ ਵੀ ਲੱਗ ਪਿਆ ਹੈ। ਅਪਣੀ ਮਾਂ ਬੋਲੀ ਨਾਲ ਉਸ ਨੂੰ ਕਿੰਨਾ ਮੋਹ ਹੈ, ਉਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਲਾਹੌਰ ਵਿਖੇ, ਹਰ ਰੋਜ਼ ਸ਼ਾਮ ਨੂੰ, ਉਸ ਦੇ ਕਮਰੇ ਵਿਚ ਗੁਰਮੁਖੀ ਸਿਖਣ ਵਾਲਿਆਂ ਦੀ ਭੀੜ ਲੱਗੀ ਹੁੰਦੀ ਹੈ।

ਉਸ ਦੀ ਈ-ਮੇਲ ਆਈ ਡੀ 'ਤੇ ਪੱਕੇ ਤੌਰ 'ਤੇ ਲਿਖਿਆ ਹੋਇਐ, "ਸਾਡੀ ਪਛਾਣ, ਸਾਡੀ ਮਾਂ ਬੋਲੀ ਦਾ ਝੰਡਾ ਬੁਲੰਦ ਕਰਨ ਲਈ ਅਸਗਰ ਭੱਟੀ ਨਾਲ ਹੱਥ ਮਿਲਾਉ।"

ਜੇ ਤੁਸੀ ਕਦੇ ਲਾਹੌਰ ਗਏ ਤਾਂ ਅਸਗਰ ਭੱਟੀ ਦੇ ਗਲ ਲੱਗ ਕੇ ਤੁਹਾਨੂੰ ਇੰਜ ਲਗੇਗਾ ਜਿਵੇਂ ਝਨਾਂ ਦੀ ਕਿਸੇ ਛੱਲ ਨੇ ਤੁਹਾਨੂੰ ਅਪਣੇ ਕਲਾਵੇ ਵਿਚ ਲੈ ਲਿਆ ਹੋਵੇ। ਜਿਵੇਂ ਪਤਝੜ ਦੇ ਦਿਨਾਂ ਵਿਚ ਸੰਦਲੀ ਪੌਣ ਨੇ ਬੂਹੇ 'ਤੇ ਖੜ ਕੇ ਆਵਾਜ਼ ਮਾਰੀ ਹੋਵੇ। ਜਦੋਂ ਉਹ ਅਪਣੀ ਮੁਸਕਰਾਹਟ ਨਾਲ ਤੁਹਾਡੇ ਦਿਲ ਦੇ ਦਰਵਾਜ਼ੇ 'ਤੇ ਅਪਣੇ ਦਸਤਖ਼ਤ ਕਰੇਗਾ ਤਾਂ ਸਮਾਂ ਵੀ ਰੁਕ ਜਾਵੇਗਾ, ਮੁਹੱਬਤ ਦੇ ਦਰਿਆ 'ਚੋਂ ਦੋ ਘੁੱਟ ਭਰਨ ਲਈ।

# ਜਿੰਦ ਲਾ ਸੱਜਣਾਂ ਦੇ ਲੇਖੇ

ਨਨਕਾਣੇ ਦੀਆਂ ਗਲੀਆਂ 'ਚ ਘੁੰਮਦੇ ਹੋਏ ਇੰਜ ਲਗਦਾ ਸੀ ਜਿਵੇਂ ਬੰਦਾ ਸਚਮੁਚ ਹੀ ਅਪਣੇ ਨਾਨਕੇ ਆਇਆ ਹੋਵੇ। ਕਿਤਾਬਾਂ 'ਚ ਜਿਹੜੀ ਮੁਹੱਬਤ ਦਾ ਜ਼ਿਕਰ ਹੁੰਦਾ ਹੈ, ਜੇ ਉਸ ਮੁਹੱਬਤ ਦਾ ਵਗਦਾ ਚਸ਼ਮਾ ਵੇਖਣਾ ਹੋਵੇ ਤਾਂ ਇਕ ਵਾਰ ਨਨਕਾਣੇ ਗੇੜਾ ਲਾ ਆਵੋ। ਜਿਹੜੀ ਵੀ ਗਲੀ 'ਚੋਂ ਲੰਘ ਜਾਉ, ਬਸ ਇੰਜ ਲਗਦੈ ਜਿਵੇਂ ਤੁਹਾਡੀ ਉਡੀਕ ਵਿਚ ਹੀ ਦਰਵਾਜ਼ਾ ਖੁੱਲ੍ਹਾ ਰਖਿਆ ਹੋਇਐ। ਜਿਹੜੀ ਪੰਜਾਬੀ ਉਹ ਬੋਲਦੇ ਨੇ, ਉਸ ਨੂੰ ਸੁਣ ਕੇ ਜੀਅ ਕਰਦੈ ਕਿ ਉਨ੍ਹਾਂ ਨੂੰ ਜੱਫੀ ਪਾ ਲਈਏ। ਪਰ ਉਨ੍ਹਾਂ ਦੇ ਮੁਕਾਬਲੇ ਸਾਡੀ ਪੰਜਾਬੀ ਇਸ ਤਰ੍ਹਾਂ ਦੀ ਹੈ ਜਿਵੇਂ ਕੋਈ ਸੁਨਿਆਰੇ ਦੀ ਦੁਕਾਨ 'ਤੇ ਟਿੰਡਿਆਂ ਦਾ ਭਾਅ ਪੁੱਛ ਰਿਹਾ ਹੋਵੇ। ਨਨਕਾਣੇ ਦੀਆਂ ਗਲੀਆਂ ਵਿਚ ਘੁੰਮਦੇ ਹੋਏ ਇੰਜ ਲੱਗ ਰਿਹਾ ਸੀ ਕਿ ਬਾਬੇ ਨਾਨਕ ਨੇ ਜਿਹੜੀ ਧਰਤੀ 'ਤੇ ਮੁਹੱਬਤਾਂ ਦੀ ਬਾਤ ਪਾਈ ਸੀ, ਉਸ ਦੇ ਵਾਸੀ ਅੱਜ ਵੀ ਮੁਹੱਬਤ ਦੇ ਉਸ ਸਿਰਨਾਵੇਂ ਨੂੰ ਅਪਣੇ ਗਲ ਨਾਲ ਲਾਈ ਫਿਰਦੇ ਹਨ। ਪੈਸੇ ਦੀ ਹਨੇਰੀ 'ਚ ਰਸਤਾ ਭੁੱਲੇ ਹੋਏ ਮੇਰੇ ਵਰਗਿਆਂ ਨੇ ਵੀ ਜਦੋਂ ਉਨ੍ਹਾਂ ਦੀ ਮੁਹੱਬਤ ਦੇ ਚਸ਼ਮੇ 'ਚੋਂ ਦੋ ਘੁੱਟ ਭਰ ਕੇ ਪੀਤੇ ਤਾਂ ਲਗਿਆ ਜਿਵੇਂ ਜ਼ਿੰਦਗੀ ਦੀ ਪਤਝੜ ਵਿਚ ਕੋਈ ਖ਼ੁਸ਼ਬੂਆਂ ਦਾ ਛੱਟਾ ਦੇ ਗਿਆ ਹੋਵੇ। ਮੁਹੱਬਤ ਦੇ ਕਈ ਦਰਵਾਜ਼ਿਆਂ ਦੀਆਂ ਦੇਹਲੀਆਂ ਮੈਨੂੰ ਉਥੇ ਟੱਪਣ ਦਾ ਮੌਕਾ ਮਿਲਿਆ।

ਨਨਕਾਣਾ ਸਾਹਿਬ ਗੁਰਦਵਾਰੇ ਸਾਹਮਣੇ ਖੁੱਲ੍ਹੇ ਬਾਜ਼ਾਰ 'ਚੋਂ ਜਦੋਂ ਮੈਂ ਤੇ ਜਸਬੀਰ ਲੰਘ ਰਹੇ ਸੀ ਤਾਂ ਅਚਾਨਕ ਇਕ ਪਾਸੇ ਨਜ਼ਰ ਗਈ ਤਾਂ ਯਕੀਨ ਹੀ ਨਹੀਂ ਆਇਆ। ਇਕ ਦੁਕਾਨ ਉਪਰ ਗੁਰਮੁਖੀ ਵਿਚ ਲਿਖਿਆ ਹੋਇਆ ਸੀ "ਬਾਬਾ ਫ਼ਰੀਦ ਬਾਬਾ ਨਾਨਕ ਟਰੱਸਟ ਡਿਸਪੈਂਸਰੀ'। ਅੰਦਰ ਨਜ਼ਰ ਮਾਰੀ ਤਾਂ ਕੁਰਸੀ 'ਤੇ ਇਕ 60 ਕੁ ਸਾਲ ਦੇ ਤਕੜੇ ਸ੍ਰੀਰ ਵਾਲਾ ਬਜ਼ੁਰਗ ਬੈਠਾ ਸੀ। ਸਿਰ 'ਤੇ ਟੋਪੀ 'ਤੇ ਮੂੰਹ 'ਤੇ ਦਾੜ੍ਹੀ ਉਸ ਨੂੰ ਵਖਰੀ ਹੀ ਨੁਹਾਰ ਦੇ ਰਹੀ ਸੀ। ਮੈਂ ਸਲਾਮ ਕਰ ਕੇ ਅੰਦਰ ਲੰਘ ਗਿਆ ਤਾਂ ਉਸ ਨੇ ਬਹੁਤ ਹੀ ਖਿੜੇ ਮੱਥੇ ਸਾਡਾ ਸਵਾਗਤ ਕੀਤਾ। ਪੁੱਛਣ ਲੱਗਾ "ਸਰਦਾਰ ਸਾਹਿਬ, ਕਿਥੋਂ ਆਏ ਹੋ ?" ਮੈਂ ਅਪਣੇ ਬਾਰੇ ਦੱਸਣ ਤੋਂ ਬਾਅਦ ਉਸ ਨੂੰ ਪੁਛਿਆ ਕਿ "ਬਾਬਾ ਫ਼ਰੀਦ ਤੇ ਬਾਬਾ ਨਾਨਕ ਟਰੱਸਟ ਦਾ ਕੀ ਮਤਲਬ ਹੈ ?" ਉਸ ਦਾ ਨਾਂ ਹਾਜੀ ਮੁਹੰਮਦ ਰਸ਼ੀਦ ਸੀ। ਉਸ ਨੇ ਮੈਨੂੰ ਜਿਹੜੀ ਕਹਾਣੀ ਸੁਣਾਈ, ਉਹ ਬਹੁਤ ਹੀ ਕਮਾਲ ਦੀ ਸੀ। ਉਹ ਦੱਸਣ ਲੱਗਾ, "ਸਰਦਾਰ ਸਾਹਿਬ, ਇਹ ਟਰੱਸਟ ਮੰਜ਼ਲ ਫ਼ਾਊਂਡੇਸ਼ਨ, ਕੈਨੇਡਾ ਦਾ ਪ੍ਰਾਜੈਕਟ ਹੈ ਜਿਸ ਨੂੰ ਪਾਕਿ ਵਾਸੀ ਕੈਨੇਡਾ ਦੇ ਟੋਰਾਂਟੋ ਵਿਖੇ ਰਹਿਣ ਵਾਲੇ ਸਾਬਕਾ ਪੁਲਿਸ ਅਫ਼ਸਰ ਮੀਆਂ ਮੁਹੰਮਦ ਨਜ਼ੀਰ ਸਾਹਿਬ ਦੀ ਦੇਖ-ਰੇਖ ਹੇਠ ਚਲਾਇਆ ਜਾ ਰਿਹਾ ਹੈ। ਇਸ ਟਰੱਸਟ ਦੀ ਸਥਾਪਨਾ





2004 ਵਿਚ ਕੀਤੀ ਗਈ ਸੀ।" ਜਦੋਂ ਅਸੀ ਗੱਲਬਾਤ ਕਰ ਰਹੇ ਸੀ ਤਾਂ ਉਸ ਸਮੇਂ ਉਥੇ ਇਕ ਬੀਬੀ ਤੇ ਬੱਚੀ ਵੀ ਬੈਠੀ ਹੋਈ ਸੀ। ਜਦੋਂ ਮੈਂ ਉਨ੍ਹਾਂ ਬਾਰੇ ਪੁਛਿਆ ਕਿ ਇਹ ਕੌਣ ਹਨ, ਤਾਂ ਮੁਹੰਮਦ ਰਸ਼ੀਦ ਕਹਿਣ ਲੱਗਾ, "ਇਹ ਨਸੀਮ ਬੀਬੀ, ਨਜ਼ੀਰ ਸਾਹਿਬ ਦੀ ਭਤੀਜੀ ਹੈ ਤੇ ਇਥੇ ਹੀ ਲੇਡੀ ਡਿਸਪੈਂਸਰ ਦਾ ਕੰਮ ਕਰਦੀ ਹੈ ਤੇ ਇਹ ਬੱਚੀ ਇਸ ਦੀ ਧੀ ਹੈ।" ਟਰੱਸਟ ਵਿਚ ਇਕ ਨੌਜੁਆਨ ਈਸਾਈ ਡਰਾਈਵਰ ਯਾਕੂਬ ਮਸੀਹ ਵੀ ਕੰਮ ਕਰਦਾ ਹੈ। ਉਸ ਕੋਲ ਟਰੱਸਟ ਦਾ ਹੀ ਮੂਵੀ ਕੈਮਰਾ ਸੀ।

ਉਸ ਨੇ, ਮੈਂ ਜਿਹੜੇ ਸਵਾਲ-ਜਵਾਬ ਬਜ਼ੁਰਗ ਨਾਲ ਕਰ ਰਿਹਾ ਸੀ, ਨੂੰ ਅਪਣੇ ਕੈਮਰੇ ਵਿਚ ਕੈਦ ਕੀਤਾ। ਮੇਰੇ ਉਥੇ ਆਉਣ ਦੇ ਮਕਸਦ ਬਾਰੇ ਵਿਚਾਰ ਵੀ ਲਏ। ਮੈਂ ਪੁਛਿਆ, "ਰਸ਼ੀਦ ਸਾਹਿਬ, ਨਜ਼ੀਰ ਸਾਹਿਬ ਦੇ ਦਿਮਾਗ਼ ਵਿਚ ਇਸ ਟਰੱਸਟ ਦੀ ਸਥਾਪਨਾ ਦਾ ਖ਼ਿਆਲ ਕਿਵੇਂ ਆਇਆ ?" ਮੁਹੰਮਦ ਰਸ਼ੀਦ ਅਪਣੀ ਬੱਗੀ ਦਾੜ੍ਹੀ 'ਤੇ ਹੱਥ ਫੇਰ ਕੇ ਬੋਲਿਆ, "ਨਜ਼ੀਰ ਸਾਹਿਬ ਨਨਕਾਣੇ ਤੋਂ 15 ਕਿਲੋਮੀਟਰ ਦੂਰ ਚੱਕ 6 ਰਾਮ ਨਗਰ ਦੇ ਰਹਿਣ ਵਾਲੇ ਹਨ। ਅੱਜ ਤੋਂ 40 ਸਾਲ ਪਹਿਲਾਂ ਉਹ ਰਾਮਨਗਰ ਤੋਂ ਟਾਂਗੇ 'ਤੇ ਨਨਕਾਣੇ ਆ ਰਹੇ ਸਨ ਕਿ ਰਸਤੇ ਵਿਚ ਟਰੈਕਟਰ ਹੇਠ ਆ ਕੇ ਇਕ ਨੌਜੁਆਨ ਦੀਆਂ ਲੱਤਾਂ ਟੁੱਟ ਗਈਆਂ। ਨਜ਼ੀਰ ਸਾਹਿਬ ਉਸ ਬੰਦੇ ਨੂੰ ਨਨਕਾਣੇ ਲੈ ਕੇ ਆਏ ਪਰ ਉਥੇ ਕੋਈ ਐਮਰਜੈਂਸੀ ਪ੍ਰਬੰਧ ਨਾ ਹੋਣ ਕਰ ਕੇ ਡਾਕਟਰਾਂ ਨੇ ਜਵਾਬ ਦੇ ਦਿਤਾ ਤੇ ਕਿਹਾ ਕਿ ਇਸ ਨੂੰ ਲਾਹੌਰ ਲੈ ਜਾਉ। ਪਰ ਲਾਹੌਰ ਜਾਣ ਦਾ ਵੀ ਕੋਈ ਇੰਤਜ਼ਾਮ ਨਾ ਹੋ ਸਕਿਆ ਤੇ ਉਸ ਨੌਜੁਆਨ ਦੀ ਉਥੇ ਹੀ ਮੌਤ ਹੋ ਗਈ। ਇਸ ਘਟਨਾ ਕਾਰਨ ਨਜ਼ੀਰ ਸਾਹਿਬ ਦੇ ਦਿਲ ਨੂੰ ਡੂੰਘੀ ਸੱਟ ਲੱਗੀ ਤੇ ਉਨ੍ਹਾਂ ਸੋਚਿਆ ਕਿ ਜੇ ਨਨਕਾਣੇ ਹੀ ਹਸਪਤਾਲ ਹੁੰਦਾ ਤਾਂ ਉਸ ਨੌਜੁਆਨ ਨੂੰ ਬਚਾਇਆ ਜਾ ਸਕਦਾ ਸੀ। ਸੇਵਾ ਮੁਕਤੀ ਤੋਂ ਬਾਅਦ ਨਜ਼ੀਰ ਸਾਹਿਬ ਨੇ ਨਨਕਾਣਾ ਸਾਹਿਬ ਵਿਖੇ ਹਸਪਤਾਲ ਖੋਲ੍ਹਣ ਦਾ ਸੁਪਨਾ ਅਪਣੇ ਦੋਸਤਾਂ ਨਾਲ ਸਾਂਝਾ ਕੀਤਾ। ਉਨ੍ਹਾਂ ਸਲਾਹ ਦਿਤੀ ਕਿ ਟਰੱਸਟ ਦੀ ਸ਼ੁਰੂਆਤ, ਸਾਂਝੇ ਪੰਜਾਬ ਦੇ, ਸਾਂਝੇ ਬਾਬਿਆਂ ਦੇ ਨਾਂ 'ਤੇ ਕੀਤੀ ਜਾਵੇ। ਇਸ ਤਰ੍ਹਾਂ ਬਾਬਾ ਫ਼ਰੀਦ ਤੇ ਬਾਬਾ ਨਾਨਕ ਟਰੱਸਟ ਦੀ ਸ਼ੁਰੂਆਤ ਹੋਈ।" ਮੁਹੰਮਦ ਰਸ਼ੀਦ ਨੇ ਦਸਿਆ ਕਿ ਇਥੇ ਗਰੀਬਾਂ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਇਸ ਡਿਸਪੈਂਸਰੀ ਦਾ ਮਹੀਨੇ ਦਾ ਖ਼ਰਚਾ ਇਕ ਲੱਖ ਰੁਪਏ ਹੈ। ਮੁਹੰਮਦ ਰਸ਼ੀਦ, ਨਜ਼ੀਰ ਅਹਿਮਦ ਨਾਲ ਹੀ ਪੜ੍ਹਿਆ ਹੈ। ਉਸ ਨੂੰ ਨਜ਼ੀਰ ਅਹਿਮਦ ਨੇ ਪੁਛਿਆ ਸੀ ਕਿ "ਤੂੰ ਇਸ ਕੰਮ ਵਿਚ ਮੇਰਾ ਸਾਥ ਦੇਵੇਂਗਾ ?" ਉਸ ਵਲੋਂ ਹਾਂ ਕਹਿਣ 'ਤੇ ਹੀ ਉਸ ਨੂੰ ਨਨਕਾਣੇ ਵਿਖੇ ਟਰੱਸਟ ਦੀ ਸੇਵਾ ਦਾ ਕੰਮ ਸੌਂਪਿਆ ਗਿਆ। ਮੁਹੰਮਦ ਰਸ਼ੀਦ ਨੇ ਮਾਣ ਨਾਲ ਦਸਿਆ, "ਇਥੇ ਲਗਭਗ 100 ਮਰੀਜ਼ ਰੋਜ਼ਾਨਾ ਆਉਂਦੇ ਹਨ। ਨਨਕਾਣਾ ਸਾਹਿਬ ਤੋਂ ਬਾਹਰ ਸ਼ਾਹਕੋਟ ਰੋਡ 'ਤੇ ਸਾਢੇ ਤਿੰਨ ਏਕੜ ਵਿਚ ਹਸਪਤਾਲ ਬਨਾਉਣ ਦੀ ਤਿਆਰੀ ਚਲ ਰਹੀ ਹੈ ਜਿਸ ਦੀ ਸ਼ੁਰੂਆਤ ਨਵੰਬਰ ਵਿਚ 20 ਬੈਡਾਂ ਤੋਂ ਕੀਤੀ ਜਾਵੇਗੀ।"

ਬਾਬਾ ਫ਼ਰੀਦ ਤੇ ਬਾਬਾ ਨਾਨਕ ਨੂੰ ਸਾਰੀ ਦੁਨੀਆਂ ਵਿਚ ਰਹਿਣ ਵਾਲੇ ਪੰਜਾਬੀ ਬਹੁਤ ਪਿਆਰ ਕਰਦੇ ਹਨ। ਇਸ ਕਰ ਕੇ ਹੀ ਇਸ ਨੂੰ ਸੱਭ ਪੰਜਾਬੀਆਂ ਦਾ ਸਾਂਝਾ ਟਰੱਸਟ

ਬਣਾਇਆ ਗਿਆ ਹੈ। ਜਿਸ ਦੁਕਾਨ ਵਿਚ ਇਸ ਸਮੇਂ ਟਰੱਸਟ ਦੀ ਡਿਸਪੈਂਸਰੀ ਹੈ, ਉਸ ਵਿਚੋਂ ਹੀ ਰਸਤਾ ਅੱਗੇ ਇਕ ਘਰ ਵਿਚ ਲੰਘ ਰਿਹਾ ਸੀ। ਮੇਰਾ ਦਿਲ ਕੀਤਾ ਕਿ ਕਿਉਂ ਨਾ ਚਾਹ ਪੀਤੀ ਜਾਵੇ। ਮੈਂ ਮੀਆਂ ਰਸ਼ੀਦ ਸਾਹਿਬ ਨੂੰ ਅਪਣੀ ਇੱਛਾ ਦੱਸੀ ਤਾਂ ਉਹ ਕਹਿਣ ਲੱਗੇ, “ਸਰਦਾਰ ਸਾਹਿਬ, ਚਾਹ ਤੁਹਾਡੇ ਤੋਂ ਚੰਗੀ ਹੋ ਸਕਦੀ ਹੈ?” ਉਸ ਨੇ ਯਾਕੂਬ ਨੂੰ ਕਿਹਾ, “ਬਿਸਕੁਟ ਵੀ ਲੈ ਕੇ ਆਉ।” ਫਿਰ ਉਹ ਦੱਸਣ ਲੱਗਾ “ ਇਹ ਘਰ ਕੁਲਸਮ ਬੀਬੀ ਦਾ ਹੈ। ਇਨ੍ਹਾਂ ਨੇ ਇਹ ਦੁਕਾਨ ਸਾਨੂੰ ਕਿਰਾਏ ’ਤੇ ਦਿਤੀ ਹੋਈ ਹੈ।” ਮੈਂ ਸੋਚਿਆ ਕਿ ਕਿਉਂ ਨਾ ਬੀਬੀ ਨੂੰ ਵੀ ਦੁਆ-ਸਲਾਮ ਕੀਤੀ ਜਾਵੇ। ਮੈਂ ਤੇ ਜਸਬੀਰ ਉਠ ਕੇ ਪਿੱਛੇ ਚਲੇ ਗਏ। ਕੁਲਸਮ ਬੀਬੀ ਨੇ ਬਹੁਤ ਹੀ ਮੋਹ ਨਾਲ ਸਾਨੂੰ ਜੀ ਆਇਆਂ ਨੂੰ ਕਿਹਾ। ਨਨਕਾਣੇ ’ਚ ਰਹਿਣ ਵਾਲੇ ਬਹੁਤੇ ਇਧਰੋਂ ਹੀ ਗਏ ਹੋਏ ਹਨ। ਮੈਂ ਕੁਲਸਮ ਬੀਬੀ ਨੂੰ ਪੁਛਿਆ, “ਬੀਬੀ ਜੀ, ਤੁਸੀ ਕਿਥੋਂ ਦੇ ਰਹਿਣ ਵਾਲੇ ਹੋ?” ਬਹੁਤ ਹੀ ਮੋਹ ਨਾਲ ਉਸ ਨੇ ਦਸਿਆ, “ਪੁੱਤਰਾ ਸਾਡਾ ਪਿੰਡ ਬਹਿਰਾਮ ਹੈ, ਜ਼ਿਲ੍ਹਾ ਜਲੰਧਰ ਵਿਚ।” ਚੁੱਲ੍ਹੇ ’ਤੇ ਚਾਹ ਬਣਾ ਰਹੀ ਕੁੜੀ ਵਲ ਹੱਥ ਕਰ ਕੇ ਉਸ ਨੇ ਕਿਹਾ, “ਇਹ ਮੇਰੀ ਧੀ ਵਿਆਹੀ ਹੋਈ ਹੈ, ਅਜਕਲ ਮੇਰੇ ਕੋਲ ਆਈ ਹੋਈ ਹੈ।” ਕੁਲਸਮ ਬੀਬੀ ਦੀ ਧੀ ਨੇ ਅੱਡੇ ’ਤੇ ਨਾਲਾ ਚੜ੍ਹਾਇਆ ਹੋਇਆ ਸੀ ਜਿਵੇਂ ਏਧਰ ਕੁੱਝ ਸਮਾਂ ਪਹਿਲਾਂ ਸਾਡੇ ਪਿੰਡਾਂ ਵਿਚ ਕੁੜੀਆਂ ਨਾਲੇ ਬੁਣਦੀਆਂ ਸਨ। ਜਸਬੀਰ ਨੇ ਵੀ ਨਾਲੇ ’ਤੇ ਅਪਣੇ ਹੱਥ ਅਜ਼ਮਾਏ। ਚਾਹ ਬਣ ਗਈ ਤੇ ਸਾਰੇ, ਇਕ ਟੱਬਰ ਦੇ ਮੈਂਬਰਾਂ ਵਾਂਗ, ਚਾਹ ਦੀਆਂ ਚੁਸਕੀਆਂ ਲੈਣ ਲੱਗ ਪਏ। ਚਾਹ ਪੀਂਦਾ-ਪੀਂਦਾ ਮੈਂ ਸੋਚ ਰਿਹਾ ਸੀ ਕਿ ਕੀ ਕਸੂਰ ਸੀ ਇਨ੍ਹਾਂ ਦਾ, ਜਿਸ ਦੀ ਇਨ੍ਹਾਂ ਨੂੰ ਦੇਸ਼ ਦੀ ਵੰਡ ਕਰ ਕੇ ਏਨੀ ਵੱਡੀ ਸਜ਼ਾ ਦਿਤੀ ਗਈ ਹੈ। ਅਪਣੀ ਮਿੱਟੀ ਤੋਂ, ਅਪਣੀਆਂ ਜੜ੍ਹਾਂ ਤੋਂ ਤੋੜ ਕੇ ਇਨ੍ਹਾਂ ਦੀ ਹਿੱਕ ਵਿਚ ਸੇਹ ਦਾ ਤਕਲਾ ਗੱਡਣ ਵਾਲੇ, ਅੱਜ ਕੁਰਸੀਆਂ ਸਾਂਭੀ ਬੈਠੇ ਹਨ। ਨਜ਼ੀਰ ਸਾਹਿਬ ਦੀ ਭਤੀਜੀ, ਨਸੀਮ ਕਹਿਣ ਲੱਗੀ, “ਭਾਅ ਜੀ, ਅਗਲੀ ਵਿਸਾਖੀ ’ਤੇ ਸਾਡੇ ਘਰ ਜ਼ਰੂਰ ਆਇਉ।” ਅੱਖਾਂ ਸਿਲੀਆਂ ਹੋ ਗਈਆਂ ਸੁਣ ਕੇ। ਜੇ ਤੁਸੀ ਕਦੇ ਨਨਕਾਣੇ ਗਏ ਤਾਂ ਕੁਲਸਮ ਬੀਬੀ ਨੂੰ ਸਲਾਮ ਕਰ ਕੇ ਕਹਿਣਾ ਕਿ ਉਨ੍ਹਾਂ ਦੇ ਪਿਆਰ ਦਾ ਦੀਵਾ ਅੱਜ ਵੀ ਸਾਡੇ ਮੱਥੇ ਵਿਚ ਬਲਦਾ ਹੈ ਤੇ ਭੈਣ ਨਸੀਮ ਦੇ ਸਿਰ ’ਤੇ ਹੱਥ ਰੱਖ ਕੇ ਇਸ ਗੱਲ ਦਾ ਯਕੀਨ ਦਿਵਾਇਉ ਕਿ ਸਾਡੀ ਰੂਹ ’ਚੋਂ ਹਰ ਸਮੇਂ ਉਨ੍ਹਾਂ ਲਈ ਦੁਆ ਨਿਕਲਦੀ ਹੈ।

✿✿✿





# ਲਾਇਲਪੁਰ ਦੀ ਮੁਹੱਬਤ ਦਾ ਖ਼ਤ

ਕਈ ਬੰਦਿਆਂ ਦੀ ਮਿਲਣੀ, ਮੁਹੱਬਤ ਦੇ ਖ਼ਤ ’ਚ ਲਿਖੇ, ਉਨ੍ਹਾਂ ਸ਼ਬਦਾਂ ਵਰਗੀ ਹੁੰਦੀ ਹੈ ਜਿਨ੍ਹਾਂ ਨੂੰ ਜਦੋਂ ਅਸੀ ਅਪਣੇ ਮੂੰਹੋਂ ਉਚਾਰਦੇ ਹਾਂ ਤਾਂ ਇੰਜ ਲਗਦੈ ਜਿਵੇਂ ਸਾਡਾ ਪਿਆਰਾ, ਸਾਨੂੰ ਅਪਣੇ ਕਲਾਵੇ ਵਿਚ ਲੈਣ ਲਈ, ਦਿਲ ਦੇ ਦਰਵਾਜ਼ੇ ’ਤੇ ਆਣ ਪੁੱਜਾ ਹੋਵੇ।

ਅਜਿਹੇ ਬੰਦੇ ਜਦੋਂ ਕਿਸੇ ਦੇ ਗਲ ਲੱਗ ਕੇ ਮਿਲਦੇ ਹਨ ਤਾਂ ਇੰਜ ਲਗਦੈ ਜਿਵੇਂ ਕੋਈ ਗੁਆਚਾ ਹੋਇਆ ਸੁਪਨਾ ਲੱਭ ਗਿਆ ਹੋਵੇ। ਜਿਵੇਂ ਉਹ ਗੱਲ ਕਹੀ ਗਈ ਹੋਵੇ, ਜਿਸ ਨੂੰ ਕਹਿਣ ਲਈ ਅਸੀ ਮੁੱਦਤਾਂ ਤੋਂ ਸ਼ਬਦਾਂ ਦਾ ਜੋੜ-ਤੋੜ ਕਰ ਰਹੇ ਸੀ। ਅਜਿਹੇ ਬੰਦੇ ਘਾਹ ਦੀ ਉਸ ਸੱਜਰੀ ਤਰੇਲ ਵਰਗੇ ਹੁੰਦੇ ਹਨ, ਜਿਹੜੀ ਸੂਰਜ ਚੜ੍ਹਨ ਤੋਂ ਵੀ ਪਹਿਲਾਂ, ਜ਼ਿੰਦਗੀ ਦੇ ਨਕਸ਼ ਧੋਣ ਲਈ, ਦਿਲ ਦੇ ਵਿਹੜੇ ਵਿਚ ਆਣ ਪੁਜਦੀ ਹੈ। ਜਦੋਂ ਮੈਂ ਨਨਕਾਣਾ ਸਾਹਿਬ ਵਿਖੇ ਕਲਿਆਣ ਸਿੰਘ ਦਾ ਪਤਾ ਪੁੱਛ ਰਿਹਾ ਸੀ ਤਾਂ ਗੁਰਦਵਾਰਾ ਜਨਮ ਅਸਥਾਨ ਵਿਖੇ ਹੀ ਇਕ ਸਵਾ ਛੇ ਫ਼ੁੱਟਾ ਸਰਦਾਰ ਮੇਰੀ ਨਜ਼ਰੀਂ ਪਿਆ। ਨਾਂ ਸੀ ਉਹਦਾ ਗੁਰਮੀਤ ਸਿੰਘ। ਅਪਣੇ ਕੱਦ-ਕਾਠ ਕਾਰਨ ਉਹ ਗੁਰਦਵਾਰੇ ਦੀ ਪਰਕਰਮਾ ਵਿਚ ਖੜਾ ਇੰਜ ਲੱਗ ਰਿਹਾ ਸੀ ਜਿਵੇਂ ਰੁੱਖਾਂ ਵਿਚਕਾਰ ਕੋਈ ਬਾਬਾ ਬੋਹੜ ਖੜਾ ਹੋਵੇ। ਉਸ ਨੂੰ ਵੇਖ ਕੇ ਮੈਨੂੰ ਸ਼ਾਹ ਮੁਹੰਮਦ ਦੇ ‘ਜੰਗਨਾਮੇ’ ਵਿਚ ਲਿਖੇ ਬੋਲ ਯਾਦ ਆ ਗਏ :

*ਝੰਡੇ ਚੁੱਕੇ ਕੂਚ ਦਾ ਹੁਕਮ ਹੋਇਆ,*
*ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।*
*ਨਿਕਲੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,*
*ਜਿਵੇਂ ਬੇਲਿਉਂ ਨਿਕਲਦੇ ਸ਼ੇਰ ਮੀਆਂ।*

ਜਦੋਂ ਮੈਂ ਉਸ ਨੂੰ ਕਲਿਆਣ ਸਿੰਘ ਦਾ ਸਿਰਨਾਵਾਂ ਪੁਛਿਆ ਤਾਂ ਉਸ ਨੇ ਮੈਨੂੰ ਚੰਗੀ ਤਰ੍ਹਾਂ ਉਸ ਦਾ ਪਤਾ ਦਸਿਆ। ਅਪਣੇ ਬਾਰੇ ਪੁੱਛਣ ’ਤੇ ਉਸ ਨੇ ਦਸਿਆ ਕਿ ਉਹ ਰੇਡੀਉ ’ਤੇ ਕੰਮ ਕਰਦਾ ਹੈ। ਕਲਿਆਣ ਸਿੰਘ ਨਾਲ ਮਿਲਣੀ ਤੋਂ ਬਾਅਦ, ਮੈਂ ਸੋਚਿਆ ਕਿ ਕਿਉਂ ਨਾ ਗੁਰਮੀਤ ਸਿੰਘ ਨਾਲ ਵੀ ਜੱਫੀ ਪਾਈ ਜਾਵੇ। ਮੈਂ ਫ਼ੋਨ ਕਰ ਕੇ ਉਸ ਨਾਲ, ਉਸ ਵਲੋਂ ਨਨਕਾਣਾ ਸਾਹਿਬ ਵਿਖੇ ਚਲਾਏ ਜਾ ਰਹੇ ‘ਸਿੱਖ ਰੀਸੋਰਸ ਸੈਂਟਰ’ ਵਿਚ ਮਿਲਣ ਦਾ ਸਮਾਂ ਤੈਅ ਕਰ ਲਿਆ। ਗੁਰਮੀਤ, ਜਿੰਨਾ ਵੇਖਣ ’ਚ ਵਿਲੱਖਣ ਲਗਦੈ, ਉਸ ਦੀ ਜ਼ਿੰਦਗੀ ਦੀ ਕਹਾਣੀ ਵੀ ਹਨੇਰੀਆਂ ਰਾਤਾਂ ਤੋਂ ਬਾਅਦ ਚੜ੍ਹੇ ਹੋਏ ਚੰਨ ਦੀ ਰੋਸ਼ਨੀ ਵਰਗੀ ਹੈ ਜਿਸ ਦਾ ਜਲੌਅ ਸੁਪਨਿਆਂ ਦੀ ਧਰਤੀ ਵਲ ਜਾਂਦੇ ਰਾਹ ਨੂੰ ਰੌਸ਼ਨ ਕਰਦਾ ਹੈ।

ਉਸ ਦਾ ਜਨਮ ਲਾਇਲਪੁਰ (ਫ਼ੈਸਲਾਬਾਦ) ਵਿਖੇ ਇਕ ਈਸਾਈ ਪ੍ਰਵਾਰ ਵਿਚ ਹੋਇਆ। ਸ਼ੁਰੂ ਵਿਚ ਉਸ ਨੂੰ ਅਪਣੇ ਪ੍ਰਵਾਰ ਦੇ ਪਿਛੋਕੜ ਬਾਰੇ ਕੁੱਝ ਵੀ ਨਹੀਂ ਸੀ ਪਤਾ। ਜਦੋਂ ਉਹ ਅਪਣੇ ਚਾਚੇ ਕੋਲ ਕਰਾਚੀ ਵਿਖੇ ਰਹਿੰਦਾ ਸੀ ਤਾਂ ਉਸ ਦਾ ਚਾਚਾ ਅਪਣੇ ਲਈ ਇਕ ਪੈਸੇ ਜਮਾਂ ਕਰਨ ਵਾਲੀ ਬੁਘਣੀ ਲੈ ਕੇ ਆਇਆ ਜਿਸ 'ਤੇ ਲਿਖਿਆ ਹੋਇਆ ਸੀ ਜੈਕਬ ਗੁਲਾਬੀ। ਉਸ ਨੂੰ ਜੈਕਬ ਦੇ ਨਾਂ ਨਾਲ ਗੁਲਾਬੀ ਲਿਖਿਆ ਬੜਾ ਹੈਰਾਨੀ ਭਰਿਆ ਲੱਗਾ। ਉਸ ਨੇ ਜਦੋਂ ਅਪਣੇ ਪਿਉ ਤੋਂ ਇਸ ਬਾਰੇ ਪੁਛਿਆ ਤਾਂ ਉਸ ਨੇ ਦਸਿਆ ਕਿ "ਆਪਾਂ ਗੁਲਾਬ ਸਿੰਘ ਦੀ ਵੰਸ਼ 'ਚੋਂ ਹਾਂ। ਇਸ ਕਰ ਕੇ ਲੋਕ ਆਪਾਂ ਨੂੰ ਗੁਲਾਬੀ ਕਹਿੰਦੇ ਨੇ।" ਉਸ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਉਸ ਦੇ ਵੱਡੇ-ਵਡੇਰੇ ਸਿੱਖ ਸਨ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਉਨ੍ਹਾਂ ਨੇ ਈਸਾਈ ਮੱਤ ਧਾਰਨ ਕਰ ਲਿਆ ਸੀ।

ਗੁਰਮੀਤ ਸਿੰਘ ਦੀ, ਮੁੜ ਕਈ ਪੀੜ੍ਹੀਆਂ ਬਾਅਦ, ਸਿੱਖੀ ਵਲ ਪਰਤਣ ਦੀ ਕਹਾਣੀ ਹੋਰ ਵੀ ਦਿਲਚਸਪ ਹੈ। ਗੁਰਮੀਤ ਦੇ ਅਪਣੇ ਸ਼ਬਦਾਂ ਵਿਚ," ਮੈਨੂੰ ਇਕ ਰਾਤ ਸੁਪਨਾ ਆਇਆ ਕਿ ਬਾਬਾ ਨਾਨਕ, ਈਸਾ ਮਸੀਹ ਨੂੰ ਕਹਿ ਰਹੇ ਹਨ ਕਿ ਇਹ ਮੁੰਡਾ ਮੈਨੂੰ ਦੇ ਦਿਉ ਤੇ ਈਸਾ ਮਸੀਹ ਨੇ ਮੇਰਾ ਹੱਥ ਬਾਬੇ ਨਾਨਕ ਦੇ ਹੱਥ ਵਿਚ ਫੜਾ ਦਿਤਾ।' ਪਹਿਲਾਂ ਤਾਂ ਗੁਰਮੀਤ ਨੇ ਇਸ ਸੁਪਨੇ ਨੂੰ ਮਖ਼ੌਲ ਵਜੋਂ ਹੀ ਲਿਆ ਪਰ ਫਿਰ ਇਹ ਗੱਲ ਉਸ ਦੇ ਦਿਮਾਗ਼ ਵਿਚ ਡੂੰਘੀ ਬੈਠ ਗਈ। ਫਿਰ ਉਸ ਨੇ ਅੰਮ੍ਰਿਤ ਛੱਕ ਕੇ ਪੂਰਨ ਰੂਪ ਨਾਲ ਸਿੱਖੀ ਬਾਣਾ ਧਾਰਣ ਕਰ ਲਿਆ। ਉਸ ਰੂਹਾਨੀ ਮਸਲਿਆਂ 'ਤੇ ਬੋਲਣਾ ਸ਼ੁਰੂ ਕੀਤਾ ਜਿਸ ਤੋਂ ਬਾਅਦ ਉਸ ਨੂੰ ਪਾਕਿ ਦਾ ਪਹਿਲਾ ਸਿੱਖ ਐਂਕਰ ਤੇ ਉਹ ਵੀ ਸੱਭ ਤੋਂ ਲੰਬਾ, ਬਣਨ ਦਾ ਮੌਕਾ ਮਿਲਿਆ।

ਫਿਰ ਉਸ ਦਾ ਪਾਕਿ ਗੁਰਦਵਾਰਾ ਕਮੇਟੀ ਨਾਲ ਕਰਾਰ ਹੋਇਆ। ਜਦੋਂ ਪਹਿਲੀ ਵਾਰ ਟੀ.ਵੀ 'ਤੇ ਬੋਲਿਆ ਤਾਂ ਅੱਖਾਂ 'ਚ ਅੱਥਰੂ ਆ ਗਏ।

ਗੁਰਮੀਤ ਸਿੰਘ ਸਿਖਿਆ ਨੂੰ ਸੱਭ ਤੋਂ ਵੱਡਾ ਇਨਕਲਾਬ ਮੰਨਦਾ ਹੈ। ਉਸ ਨੇ ਫ਼ੈਸਲਾਬਾਦ 'ਚ, ਅਪਣੇ ਸਾਥੀਆਂ ਨਾਲ ਮਿਲ ਕੇ, ਨੀਊ ਹੌਰੀਜ਼ਨ ਸਕੂਲ ਖੋਲ੍ਹਿਆ ਹੋਇਐ ਹੈ। ਇਹ ਸਕੂਲ ਸਿੱਖਾਂ ਦੇ ਸਕੂਲ ਦੇ ਨਾਂ ਨਾਲ ਮਸ਼ਹੂਰ ਹੈ। ਸਕੂਲ ਵਿਚ ਮੁਸਲਮਾਨਾਂ ਦੇ ਬੱਚੇ ਵੀ ਪੜ੍ਹਦੇ ਹਨ। ਸਕੂਲ ਦੇ ਕੁਲ 170 ਬੱਚਿਆਂ ਵਿਚੋਂ 40 ਬੱਚੇ ਮੁਫ਼ਤ ਪੜ੍ਹਦੇ ਹਨ। ਇਹ ਸਕੂਲ ਦੋਸਤਾਂ ਕੋਲੋਂ ਸਹਾਇਤਾ ਲੈ ਕੇ ਚਲਾਇਆ ਜਾ ਰਿਹਾ ਹੈ। ਉਹ ਦਸਦੈ, "ਲੋਕ ਆ ਕੇ ਪੈਰ ਫੜ ਲੈਂਦੇ ਹਨ ਕਿ ਸਾਡੇ ਬੱਚਿਆਂ ਨੂੰ ਸਹੀ ਸਿਖਿਆ ਮਿਲ ਰਹੀ ਹੈ।" ਉਹ ਨਨਕਾਣਾ ਸਾਹਿਬ ਵਿਚ ਵੀ ਇਸੇ ਤਰ੍ਹਾਂ ਦਾ ਸਕੂਲ ਖੋਲ੍ਹਣਾ ਚਾਹੁੰਦੈ।

ਗੁਰਮੀਤ ਸਿੰਘ ਸਿਖਿਆ ਦੀ ਕੀਮਤ ਨੂੰ ਸਮਝਦਾ ਹੋਇਆ ਕਹਿੰਦੈ, "ਸਿੱਖਾਂ ਦੀ ਤਰੱਕੀ ਸਿਰਫ਼ ਸਿਖਿਆ ਨਾਲ ਹੀ ਹੋ ਸਕਦੀ ਹੈ। ਸਹੀ ਸਿਖਿਆ ਨਾਲ, 20 ਸਾਲਾਂ ਵਿਚ, ਕਿਸੇ ਵੀ ਕੌਮ ਦੀ ਤਕਦੀਰ ਬਦਲੀ ਜਾ ਸਕਦੀ ਹੈ। ਇੰਨੇ ਸਮੇਂ ਵਿਚ ਇਕ ਪੀੜ੍ਹੀ ਜਵਾਨ ਹੋ ਜਾਂਦੀ ਹੈ।" ਉਹ ਅਫ਼ਸੋਸ ਨਾਲ ਕਹਿੰਦੈ, "ਪਾਕਿ ਦੇ ਬਹੁਤੇ ਸਿੱਖ ਅਨਪੜ੍ਹ ਵੈਦ-





ਹਕੀਮ ਹਨ। ਇਸ ਕਰ ਕੇ ਸਿੱਖੀ ਬਦਨਾਮ ਹੋ ਰਹੀ ਹੈ।" ਤਿੰਨ ਸੌ ਸਾਲਾ ਖ਼ਾਲਸਾ ਸਾਜਨਾ ਦਿਵਸ ਮੌਕੇ ਉਸ ਨੇ ਨਨਕਾਣਾ ਸਾਹਿਬ 'ਚ ਧਰਮ ਕਾਨਫ਼ਰੰਸ ਕਰਵਾਈ ਸੀ। ਪਾਕਿ 'ਚ ਇਕ ਸਿੱਖ ਹੋਣ ਦੇ ਨਾਤੇ ਉਸ ਨੂੰ ਕਿਵੇਂ ਵੇਖਿਆ ਜਾਂਦਾ ਹੈ, ਇਸ ਬਾਰੇ ਉਹ ਮਾਣ ਨਾਲ ਦਸਦੈ, "ਭਾਵੇਂ ਇਥੇ ਸਿੱਖਾਂ ਨੂੰ ਇੰਡੀਅਨ ਹੀ ਕਿਹਾ ਜਾਂਦਾ ਹੈ ਪਰ ਪਾਕਿ ਦੇ ਲੋਕ ਬਹੁਤ ਪਿਆਰ ਕਰਦੇ ਹਨ। ਜੇ ਮੇਰੇ ਵਰਗਾ ਬੰਦਾ ਕਿਤੇ ਭਾਰਤ 'ਚ ਹੁੰਦਾ ਤਾਂ ਕਿਸੇ ਨੇ ਪੁਛਣਾ ਵੀ ਨਹੀਂ ਸੀ ਪਰ ਪਾਕਿ 'ਚ ਹੋਣ ਕਰ ਕੇ ਬਹੁਤ ਵੁੱਕਤ ਹੈ।" ਗੁਰਮੀਤ ਨਨਕਾਣਾ ਸਾਹਿਬ ਨੂੰ ਦੁਨੀਆਂ ਦੇ ਬਾਗ਼ ਦਾ ਅਜਿਹਾ ਗੁਲਦਸਤਾ ਬਨਾਉਣਾ ਚਾਹੁੰਦੈ ਜਿਥੋਂ ਹਰੇਕ ਦੀ ਰੂਹ ਕੋਈ ਨਾ ਕੋਈ ਸੁਗੰਧੀ ਲੈ ਕੇ ਜਾਵੇ।

ਉਹ ਕਹਿੰਦੈ, "ਨਨਕਾਣਾ ਸਾਹਿਬ ਵਿਚ ਹੱਥ ਫੈਲਾਉਣ ਵਾਲਾ ਕੋਈ ਨਾ ਹੋਵੇ। ਦੁਨੀਆਂ ਭਰ ਵਿਚ ਨਨਕਾਣਾ ਸਾਹਿਬ ਸਿਖਿਆ ਦਾ ਧੁਰਾ ਬਣੇ। ਨਨਕਾਣਾ ਸਾਹਿਬ ਦਾ ਹਰ ਵਾਸੀ, ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ, ਇਕ ਰੋਸ਼ਨ ਦਿਮਾਗ਼ ਸ਼ਖ਼ਸੀਅਤ ਹੋਵੇ। ਜਿਹੜਾ ਵੀ ਬੰਦਾ ਇਥੇ ਆਵੇ, ਉਹ ਅਪਣੇ ਨਾਲ ਗਿਆਨ ਦੀ ਰੋਸ਼ਨੀ ਲੈ ਕੇ ਜਾਵੇ।" ਗੁਰਮੀਤ ਰੰਜ ਨਾਲ ਦਸਦੈ, "ਇਥੇ ਹਾਲੇ ਵੀ ਲੋਕ ਹਨੇਰੇ ਵਿਚ ਹੀ ਰਹਿ ਰਹੇ ਨੇ। ਉਨ੍ਹਾਂ ਨੂੰ ਜਗਾਉਣ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ।" ਨਨਕਾਣਾ ਸਾਹਿਬ 'ਚ ਅਜਾਈਂ ਗੁਆਏ ਜਾ ਰਹੇ ਪੈਸੇ 'ਤੇ ਉਹ ਨਿਹੋਰੇ ਨਾਲ ਕਹਿੰਦੈ, "ਇਥੇ ਬਹੁਗਿਣਤੀ ਮੁਸਲਮਾਨ ਰਹਿੰਦੇ ਹਨ ਪਰ ਉਨ੍ਹਾਂ ਨੂੰ ਨੇੜੇ ਲਿਆਉਣ ਦਾ ਕੋਈ ਯਤਨ ਨਹੀਂ ਕੀਤਾ ਗਿਆ। ਉਹ ਪੁਛਦੇ ਹਨ ਕਿ ਵਿਸਾਖੀ ਕੀ ਹੁੰਦੀ ਹੈ? ਇਥੇ ਕਰੋੜਾਂ ਰੁਪਏ ਖ਼ਰਚਣ ਦਾ ਕੋਈ ਫ਼ਾਇਦਾ ਨਹੀਂ ਹੋਇਆ। ਸਿੱਖਾਂ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਦੇਣ ਦਾ ਕੋਈ ਯਤਨ ਨਹੀਂ ਕੀਤਾ ਗਿਆ।"



*ਗੁਰਮੀਤ ਸਿੰਘ ਅਪਣੀ ਸਿੰਘਣੀ ਸਾਈਕਾ ਕੌਰ ਨਾਲ*

ਉਸ ਨੂੰ ਇਸ ਗੱਲ ਦੀ ਬਹੁਤ ਹੈਰਾਨੀ ਹੁੰਦੀ ਹੈ ਕਿ ਬਹੁਤੇ ਲੋਕ ਹਾਲੇ ਵੀ ਉਸ ਨੂੰ ਈਸਾਈ ਹੀ ਸਮਝਦੇ ਹਨ। "ਕਈ ਲੋਕ ਮੈਨੂੰ ਕਹਿੰਦੇ ਹਨ ਕਿ ਇਹ ਤਾਂ ਈਸਾਈ ਹੈ, ਅਸਲੀ ਸਿੱਖ ਨਹੀਂ। ਮੈਨੂੰ ਸਮਝ ਨਹੀਂ ਆਉਂਦੀ ਕਿ ਅਸਲੀ ਸਿੱਖ ਕੌਣ ਹਨ।"

ਸਿੱਖਾਂ ਵਲੋਂ ਅਪਣੇ ਨਾਂ ਨਾਲ ਗੋਤ ਲਾਉਣ 'ਤੇ ਉਹ ਵਿਅੰਗ ਕਸਦੈ, "ਜਿਹੜੇ ਅਪਣੇ ਨਾਂ ਨਾਲ ਭੱਟੀ, ਵੜੈਚ, ਗਿੱਲ, ਸੰਧੂ ਲਾਈ ਫਿਰਦੇ ਹਨ, ਉਹ ਕਾਹਦੇ ਸਿੱਖ ਹੋਏ? ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਸ਼ਰਾਬ ਦੇ ਲੰਗਰ ਚਲਾ ਕੇ ਧਰਮ ਦੀ ਸੇਵਾ ਕਰਨ ਦਾ ਦਾਅਵਾ ਕਰ ਰਹੀ ਹੈ। ਅਸਲ ਵਿਚ ਸਿੱਖ ਤਾਂ ਪੂਰੀ ਦੁਨੀਆਂ ਵਿਚ 100-200 ਹੀ ਹੋਣਗੇ, ਬਾਕੀ ਤਾਂ ਬਹਿਰੂਪੀਏ ਰੋਟੀਆਂ ਕਾਰਨ ਤਾਲ ਪੂਰ ਰਹੇ ਹਨ।"

ਭਗਤ ਸਿੰਘ ਦਾ ਜੱਦੀ ਪਿੰਡ ਜ਼ਿਲ੍ਹਾ ਲਾਇਲਪੁਰ 'ਚ ਹੋਣ ਕਰ ਕੇ ਗੁਰਮੀਤ ਸਿੰਘ ਹਰ ਸਾਲ ਉਸ ਦੇ ਜਨਮ ਦਿਨ ਮੌਕੇ ਉਸ ਨੂੰ ਯਾਦ ਕਰਦਾ ਹੈ। ਉਹ ਕਹਿੰਦੈ "ਜਿਹੜਾ ਜ਼ੁਲਮ ਦਾ ਵਿਰੋਧ ਕਰਦਾ ਹੈ, ਉਹੀ ਸਿੱਖ ਹੈ।"

ਅਜਕਲ ਉਹ ਨਨਕਾਣਾ ਸਾਹਿਬ ਬਾਰੇ ਇਕ ਗਾਈਡ ਬੁੱਕ ਤਿਆਰ ਕਰ ਰਿਹਾ ਹੈ। ਉਹ ਕਹਿੰਦਾ ਹੈ, "ਜਿਨ੍ਹਾਂ ਕੋਲ ਪੈਸੇ ਹਨ, ਉਹ ਦੇਣ ਲਈ ਤਿਆਰ ਨਹੀਂ।" ਉਹ ਨਨਕਾਣੇ ਨੂੰ ਬਾਬਾ ਨਾਨਕ ਦੇ ਸੁਪਨਿਆਂ ਦੇ ਹਾਣ ਦਾ ਬਣਾਉਣਾ ਚਾਹੁੰਦਾ ਹੈ ਜਿਸ ਲਈ ਵੱਡੀ ਪੱਧਰ 'ਤੇ ਆਰਥਕ ਮਦਦ ਦੀ ਲੋੜ ਹੈ ਪਰ ਬਹੁਤੇ ਸਿੱਖਾਂ ਨੂੰ ਗੁਰਦਵਾਰਿਆਂ 'ਤੇ ਸੋਨਾ ਜਾਂ ਸੰਗਮਰਮਰ ਚੜ੍ਹਾਉਣ ਤੋਂ ਬਿਨਾਂ ਸਿੱਖੀ ਦਾ ਹੋਰ ਕੋਈ ਮਤਲਬ ਹੀ ਨਜ਼ਰ ਨਹੀਂ ਆਉਂਦਾ। ਗੁਰਮੀਤ ਸਿੰਘ ਦੀ ਸ਼ਖ਼ਸੀਅਤ ਨੂੰ, ਜਿਥੇ ਉਸ ਦਾ ਕੱਦ ਹੋਰਾਂ ਤੋਂ ਵਖਰਾ ਦਰਸਾਉਂਦਾ ਹੈ, ਉਥੇ ਉਸ ਦੀ ਕਾਰ ਦੇ ਜ਼ਿਕਰ ਬਿਨਾਂ ਵੀ ਇਹ ਲੇਖ ਪੂਰਾ ਨਹੀਂ ਹੋ ਸਕਦਾ। ਉਸ ਕੋਲ 1974 ਮਾਡਲ ਦੀ ਵੈਗਨ ਕਾਰ ਹੈ। ਜਦੋਂ ਉਹ ਅਪਣੀ ਕਾਰ 'ਚੋਂ ਬਾਹਰ ਨਿਕਲਦਾ ਹੈ ਤਾਂ ਲੋਕ ਇਹ ਵੇਖ ਕੇ ਬਹੁਤ ਹੈਰਾਨ ਹੁੰਦੇ ਹਨ ਕਿ ਏਨਾ ਲੰਮਾ ਸਰਦਾਰ ਕਾਰ 'ਚੋਂ ਬਾਹਰ ਕਿਵੇਂ ਨਿਕਲ ਆਇਆ? ਉਨ੍ਹਾਂ ਦੀ ਹੈਰਾਨੀ ਹੋਰ ਵੀ ਵੱਧ ਜਾਂਦੀ ਹੈ ਜਦੋਂ ਉਹ ਸੋਚਦੇ ਹਨ ਕਿ ਉਹ ਕਾਰ ਵਿਚ ਵੜਿਆ ਕਿਵੇਂ ਹੋਵੇਗਾ?

ਨਨਕਾਣਾ ਸਾਹਿਬ ਵਿਖੇ ਸਿੱਖ ਸਟੱਡੀ ਰੀਸੋਰਸ ਸੈਂਟਰ ਉਸ ਦੇ ਸੁਪਨਿਆਂ ਦਾ ਮੱਕਾ ਹੈ ਜਿਥੇ ਉਹ ਅਪਣੀਆਂ ਸਧਰਾਂ ਦੇ ਸੁਪਨਿਆਂ ਨੂੰ ਕਾਗ਼ਜ਼ 'ਤੇ ਉਲੀਕਦਾ ਹੈ। ਕਦੇ ਉਹ ਰੇਡੀਉ 'ਤੇ ਬੋਲ ਰਿਹਾ ਹੁੰਦੈ ਤੇ ਕਦੇ ਟੀ.ਵੀ 'ਤੇ। ਉਸ ਦੀ ਸਾਬਣਦਾਨੀ ਵਰਗੀ ਕਾਰ ਲਾਇਲਪੁਰ ਤੇ ਨਨਕਾਣੇ ਵਿਚਕਾਰ ਦੌੜਦੀ ਹੀ ਰਹਿੰਦੀ ਹੈ। ਗੁਰਮੀਤ ਸਿੰਘ ਦੀ ਰੂਹ ਪੂਰੀ ਮਨੁੱਖਤਾ ਨੂੰ ਅਪਣੇ ਕਲਾਵੇ ਵਿਚ ਲੈਣਾ ਲੋਚਦੀ ਹੈ। ਉਹ ਜ਼ਿੰਦਗੀ ਦੇ ਬਿਖੜੇ ਪੈਂਡਿਆਂ ਨੂੰ ਮੁਹੱਬਤ ਦੇ ਸੰਗੀਤ ਨਾਲ ਭਰਨਾ ਚਾਹੁੰਦੈ। ਜੇ ਤੁਸੀ ਕਦੇ ਨਨਕਾਣੇ ਗਏ ਤਾਂ ਤੁਹਾਡੇ ਸਾਹਮਣੇ ਕੋਈ ਕੋਠੇ ਜਿੱਡਾ ਬੰਦਾ ਟੁਰਿਆ ਆ ਰਿਹਾ ਹੋਵੇ ਤਾਂ ਸਮਝੋ ਉਹੀ ਗੁਰਮੀਤ ਲਾਇਲਪੁਰੀਆ ਹੈ ਤੇ ਜੇ ਤੁਸੀ ਉਸ ਦੇ ਗਲ ਲੱਗ ਕੇ ਮਿਲਣਾ ਚਾਹੋਗੇ ਤਾਂ ਤੁਹਾਨੂੰ ਪਹਿਲਾਂ ਕਿਸੇ ਪੌੜੀ ਦਾ ਜੁਗਾੜ ਕਰਨਾ ਪਵੇਗਾ।

✿✿✿





# ਮਾਹ੍ਰੀ ਬੋਲੀ ਖੰਡ ਮਿਸਰੀ ਐ

ਹਮੇ ਪੁਆਧੀ ਹੋਆਂ ਅਰ ਮੰਨੂ ਇਸ ਬਾਤ ਕਾ ਮਾਣ ਐ। ਮਾਹ੍ਰੀ ਬੋਲੀ ਖੰਡ ਮਿਸਰੀ ਕੀਆਂ ਡਲੀਆਂ ਵਰਗੀ ਐ, ਜਿਨ੍ਹਾਂ ਨੂੰ ਜਿੰਨਾ ਚੱਬਿਆ ਜਾਹੇ, ਜ਼ਬਾਨ ਮਾਂ ਉਤਨੀ ਐ ਮਿਠਾਸ ਘੁਲਦੀ ਚਲੀ ਜਾਹਾ। ਮਾਹ੍ਰੇ ਲਾਕੇ ਕੇ ਲੋਕ ਵੀ ਰੱਬ ਕੇ ਭਗਤ ਐਂ। ਉਨ੍ਹਾਂ ਨੂੰ ਹਾਲੇ ਵੀ ਔਹ ਚੁਸਤ ਚਲਾਕੀਆਂ ਨੀ ਆਂਦੀਆਂ ਜਿਹੜੀਆਂ ਪੜ੍ਹੇ ਲਿਖੇ ਇਕ ਦੂਏ ਗੈਲ ਕਰਦੇ ਫਿਰਾਂ। ਮਾਹ੍ਰੇ ਬਾਬੇ ਦੱਸਾਂ ਬਈ ਔਹ ਭਾੜੇ ਪਰ ਗੱਡੇ ਚਲਾਏ ਕਰੇਂ ਤੇ। ਕਾਲੇ ਅੰਗਰੇਜ਼ਾਂ ਕਾ ਸਹਿਰ ਚੰਡੀਗੜ੍ਹ ਮਾਹ੍ਰੀ ਬੋਲੀ ਕੇ 22 ਗੌਂਆਂ ਨੂੰ 'ਜਾੜ ਕੇ ਵਸਾਇਆ ਬਾ। ਜਿਥੈ ਕਦੇ ਬਾਬੇ ਫੱਤੇ ਵਰਗੇ ਪਟਿਆ ਬਾ ਕੱਛਾ ਪਾ ਕੇ ਖੇਤਾਂ ਨੂੰ ਪਾਣੀ ਲਾਏਂ ਕਰੈ ਤੇ, ਉਥੇ ਇਬ ਚਿੱਤੜ ਘੁਟਵੀਂਆਂ ਪੈਂਟਾਂ ਪਾ ਕੇ ਛੋਕਰੇ ਬੱਬਲ ਗਮ ਕੇ ਬੁਲਬਲੇ 'ਡਾਂਦੇ ਫਿਰਾਂ।

ਚੰਡੀਗੜ੍ਹ ਮਾਂ ਜਿਹੜੇ 'ਗੋਲੇ ਕਬੂਤਰ' ਅੰਗਰੇਜ਼ੀ ਮਾਂ ਬਾਤਾਂ ਕਰਦੇ ਫਿਰਾਂ, ਇਨ੍ਹਾਂ ਨੂੰ ਕਿਆ ਪਤਾ ਬੀ ਜਿਥੈ ਨੇਂਹ ਸੰਝ ਨੂੰ ਬੈਠ ਕੇ ਅਪਣੀ ਡਾਰਲਿੰਗ ਗੈਲ ਕੁਲਫ਼ੀ ਖਾਂਦੇ ਹੋਆਂ, ਉਥੇ ਬੈਠ ਕੇ ਬੰਤ ਬਾਬਾ ਹੋਲਾਂ ਚੱਬੇ ਕਰੇ ਤਾ। ਗੋਗੋ ਬੇਬੇ ਜਿਨ੍ਹਾਂ ਡੌਲਾਂ ਪਰ ਨੂੰ ਬਾਬੇ ਨਿਹਾਲੇ ਕੀ ਰੋਟੀ ਲੈ ਕੇ ਜਾਹੇ ਕਰੈ ਤੀ, ਉਥੇ ਇਬ ਮਿਸ ਤਾਨੀਆ ਨੇ ਤੀਵੀਂਆਂ ਕੇ ਮੂੰਹ ਕੀ ਡੈਂਟਿੰਗ ਪੇਂਟਿੰਗ ਕਰਨੇ ਵਾਸਤੇ ਬਿਊਟੀ ਪਾਰਲਰ ਖੋਲਿਆ ਬਾ। ਮਾਹ੍ਰੀ ਬੋਲੀ ਬੋਲਣੇ ਆਲੇ ਊਂ ਤੋ ਸਾਰੀ ਦੁਨੀਆਂ ਮਾਂ ਈ ਬੈਠੇ ਐਂ ਪਰ ਜੋਹ ਪਤਾ ਨੀ ਤਾ ਬਈ ਵਾਘੇ ਤੇ ਪਾਰ ਬੀ 'ਬਾਬੇ ਬਖਤੌਰੇ ਕੇ ਪੋਤੇ' ਝੰਡਾ ਗੱਡੀ ਬੈਠੇ ਹੋਏਂਗੇ।

ਨਨਕਾਣਾ ਸਾਹਿਬ ਗੁਰਦਵਾਰੇ ਦੇ ਸਾਹਮਣੇ ਬਾਜ਼ਾਰ ਵਿਚ ਹੀ ਅਲ ਰਸ਼ੀਦ ਸੁਪਰ ਜਨਰਲ ਸਟੋਰ ਤੇ ਐਸ.ਟੀ.ਡੀ ਵੀ ਲੱਗੀ ਹੋਈ ਸੀ। ਮੈਂ ਬੀਬੀ ਨੂੰ ਕੈਨੇਡਾ ਫੋਨ ਕਰਨਾ ਸੀ। ਮੈਂ ਜਦੋਂ ਫੋਨ ਕਰ ਕੇ ਹਟਿਆ ਤਾਂ ਦੁਕਾਨ 'ਤੇ ਬੈਠਾ, ਨਿਸਾਰ ਅਹਿਮਦ ਮੈਨੂੰ ਪੁਛਣ ਲਗਿਆ, "ਭਾ ਜੀ ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ?" ਮੈਂ ਕਿਹਾ, "ਅਸੀਂ ਰਾਜਪੁਰੇ ਦੇ ਰਹਿਣ ਵਾਲੇ ਹਾਂ, ਸਾਡਾ ਸ਼ਹਿਰ ਹਰਿਆਣੇ ਦੇ ਨਾਲ ਲਗਦਾ।" 'ਅਸਲ 'ਚ ਤੁਹਾਡੀ ਬੋਲੀ ਸੁਣ ਕੇ ਮੈਂ ਇਹ ਗੱਲ ਪੁੱਛੀ ਹੈ ਕਿਉਂਕਿ ਇਥੇ ਨੇੜੇ ਹੀ ਇਕ ਪਿੰਡ ਬਘਿਆਣਾ ਪੈਂਦਾ, ਉਥੇ ਵੀ ਸਾਰੇ ਬੰਦੇ ਤੁਹਾਡੇ ਵਾਂਗ ਹੀ ਬੋਲਦੇ ਹਨ।" ਉਸ ਦੇ ਮੂੰਹੋਂ ਇਹ ਸੁਣ ਕੇ ਤਾਂ ਚੰਗਿਆੜੇ ਹੀ ਨਿਕਲ ਗਏ। ਜਿਹੜੇ ਅਪਣੇ ਆਪ ਨੂੰ ਜ਼ਿਆਦਾ ਪੜ੍ਹ ਲਿਖੇ ਸਮਝਦੇ ਹਨ ਉਹ ਸਾਡੀ ਬੋਲੀ ਵਾਲਿਆਂ ਨੂੰ ਤਾਂ ਜੰਗਲੀ ਹੀ ਦੱਸਦੇ ਹਨ। ਹੋਰਾਂ ਦੀ ਤਾਂ ਗੱਲ ਛੱਡੋ ਜਿਹੜੇ ਸਾਡੀ ਅਪਣੇ ਬੋਲੀ ਵਾਲੇ ਕੁੱਝ ਚਾਰ ਪੈਸੇ ਵਾਲੇ ਹੋ ਗਏ ਹਨ, ਉਹ ਆਪ ਹੀ ਕਹਿਣਗੇ, "ਜੋਹ ਬੀ ਕੋਈ ਬੋਲੀ ਐ ਯਾਰ ਲੋਕ ਮਾਹਨੂੰ ਮਖੌਲ ਕਰਾਂ ਬਈ ਥਮ੍ਹੇ ਕਿਹੜੀ



*ਰਸ਼ੀਦ ਜਨਰਲ ਸਟੋਰ 'ਤੇ ਨਿਸਾਰ*

ਧਰਤੀ ਕੇ ਵਾਸੀ ਐਂ।" ਮੈਂ ਉਨ੍ਹਾਂ ਨੂੰ ਕਹੇ ਕਰਾਂ, "ਜੇ ਮਾੜ੍ਹੀ ਮਾਂ ਕੇ ਨਕਸ਼ ਲੋਕਾਂ ਨੂੰ ਚੰਗੇ ਨੀ ਲਗਦੇ ਇਸਕਾ ਮਤਲਬ ਜੋਹ ਨੀ ਹੈ ਬਈ ਹਮੇਂ ਉਸ ਨੂੰ ਘਰਾਂ ਤੇ ਕੱਢ ਦਹੈਂ। ਮਾੜ੍ਹੀ ਬੋਲੀ ਬੀ ਮਾੜ੍ਹੀ ਮਾਂ ਐ।" ਪਰ ਕਾਲੇ ਅੰਗਰੇਜ਼ਾਂ ਨਾਲ ਕੌਣ ਜਿੱਤ ਸਕਦਾ। ਖੈਰ ਨਿਸਾਰ ਨੇ ਮੈਨੂੰ ਹੋਰ ਦਸਿਆ, "ਸਾਡੀ ਭੂਆ ਦੇ ਘਰ ਵਾਲੇ ਵੀ ਤੁਹਾਡੇ ਵਾਂਗ ਹੀ ਬੋਲਦੇ ਹਨ, ਉਹ ਵੀ ਬਘਿਆਣੇ ਹੀ ਰਹਿੰਦੇ ਹਨ। ਉਨ੍ਹਾਂ ਦਾ ਇਕ ਮੁੰਡਾ ਤਈਅਬ ਹੁਸੈਨ ਇਥੇ ਹੀ ਪੁਲਿਸ ਵਿਚ ਨੌਕਰੀ ਕਰਦੈ।" ਉਸ ਦੇ ਮੂੰਹੋਂ ਇੰਨਾ ਸੁਣਨ ਦੀ ਦੇਰ ਸੀ ਕਿ ਮੈਂ ਕਿਹਾ, "ਯਾਰ ਫਿਰ ਤਾਂ ਅੱਜ ਨਜ਼ਾਰਾ ਆ ਜਾਵੇਗਾ ਜੇ ਕਿਤੇ ਤੂੰ ਮੈਨੂੰ ਉਸ ਨਾਲ ਮਿਲਾ ਦੇਵੇਂ।" "ਤੁਸੀਂ ਇਸ ਤਰ੍ਹਾਂ ਕਰੋ ਸ਼ਾਮ ਨੂੰ ਪਤਾ ਕਰਿਓ।" ਨਿਸਾਰ ਨੇ ਕਿਹਾ। ਉਸ ਸਮੇਂ ਜਸਬੀਰ ਵੀ ਮੇਰੇ ਨਾਲ ਸੀ। ਅਸੀਂ ਉਥੋਂ ਗੁਰਦਵਾਰੇ ਵਾਪਸ ਆ ਗਏ। ਅਪਣੀ ਧਰਤੀ ਤੋਂ ਸੈਂਕੜੇ ਕਿਲੋਮੀਟਰ ਦੂਰ, ਧਰਮ ਤੇ ਸਿਆਸਤ ਦੇ ਠੇਕੇਦਾਰਾਂ ਵਲੋਂ ਬਣਾਈ ਸਰਹੱਦ ਟੱਪ ਕੇ ਅਪਣੀ ਮਾਂ ਬੋਲੀ ਸੁਣਨ ਦਾ ਚਾਅ ਹੱਦਾਂ ਬੰਨ੍ਹੇ ਟੱਪ ਗਿਆ। ਕਿਸੇ ਤਰ੍ਹਾਂ ਸ਼ਾਮ ਹੋਈ। ਮੈਂ ਫਿਰ ਨਿਸਾਰ ਨੂੰ ਜਾ ਮਿਲਿਆ। ਉਸ ਨੇ ਦਸਿਆ, "ਭਾ ਜੀ ਉਹ ਹਾਲੇ ਡਿਊਟੀ ਤੋਂ ਨਹੀਂ ਆਇਆ। ਤੁਸੀਂ ਕੱਲ੍ਹ ਨੂੰ ਆਇਉ, ਮੈਂ ਜ਼ਰੂਰ ਤੁਹਾਡੇ ਮੇਲ ਕਰਵਾ ਦਿਆਂਗਾ।" ਦੂਜੇ ਦਿਨ ਸਾਡੇ ਜਥੇ ਨੇ ਸ਼ਾਮ ਨੂੰ ਲਾਹੌਰ ਲਈ ਰਵਾਨਾ ਹੋ ਜਾਣਾ ਸੀ। ਕਿਸੇ ਤਰ੍ਹਾਂ ਗੁਰਦਵਾਰੇ ਵਿਚ ਆ ਕੇ ਰਾਤ ਕੱਟੀ। ਦੂਜੇ ਦਿਨ ਮੈਂ ਫਿਰ ਜਸੀਬਰ ਨੂੰ ਅਪਣੇ ਨਾਲ ਲੈ ਕੇ ਨਿਸਾਰ ਕੋਲ ਜਾ ਵਜਿਆ। ਉਸ ਨੇ ਜਦੋਂ ਦਸਿਆ ਕਿ ਤਈਅਬ ਉਥੇ ਹੀ ਨੇੜੇ ਪੈਂਦੇ ਉਨ੍ਹਾਂ ਦੇ ਘਰ ਦੀ ਬੈਠਕ ਵਿਚ ਅਪਣੇ ਦੋਸਤਾਂ ਨਾਲ ਬੈਠਾ ਹੈ, ਤਾਂ ਇੰਨੀ ਖੁਸ਼ੀ ਹੋਈ ਕਿ ਜੀਅ ਕੀਤਾ ਨਿਸਾਰ ਨੂੰ ਜੱਫੀ ਪਾ ਲਵਾਂ। ਉਸ ਨੇ ਦੁਕਾਨ ਤੋਂ ਇਕ ਮੁੰਡਾ ਸਾਡੇ ਨਾਲ ਭੇਜ ਦਿਤਾ। ਦੋ ਤਿੰਨ ਗਲੀਆਂ ਲੰਘਣ ਤੋਂ ਬਾਅਦ ਉਹ ਸਾਨੂੰ ਇਕ ਬੈਠਕ ਵਿਚ ਲੈ ਗਿਆ। ਉਨ੍ਹਾਂ ਨੂੰ ਵੀ ਨਿਸਾਰ ਨੇ ਮੇਰੇ ਆਉਣ ਬਾਰੇ ਜਾਣਕਾਰੀ ਦਿਤੀ ਹੋਈ ਸੀ। ਉਹ ਸਾਰੇ ਹੀ ਬੜੇ ਮੋਹ ਨਾਲ ਮਿਲੇ। ਹਾਲੇ ਕੁਰਸੀਆਂ 'ਤੇ ਬੈਠੇ ਹੀ ਸੀ ਕਿ ਕਿਸੇ ਨੇ ਮੈਨੂੰ ਕਿਹਾ, "ਥਮੇ ਕਿਥੇ ਕੇ ਐਂ ਬਾਈ ?" ਮੈਨੂੰ ਫਟ ਪਤਾ ਲੱਗ ਗਿਆ ਕਿ ਉਹ ਤਈਅਬ ਹੁਸੈਨ ਹੈ। ਬੋਲੀ ਤੋਂ ਵੱਡੀ ਹੋਰ ਕਿਸੇ ਦੀ ਪਛਾਣ ਦਾ ਸਬੂਤ ਹੋਰ ਕੀ ਹੋ ਸਕਦਾ ਸੀ। ਬੜੇ ਦਿਨਾਂ ਬਾਅਦ ਅਪਣੀ ਮਾਂ ਬੋਲੀ ਕਿਸੇ ਉਪਰੇ ਨਾਲ ਬੋਲਣ ਦਾ ਮੌਕਾ ਮਿਲ ਰਿਹਾ ਸੀ। ਇਸ ਕਰ ਕੇ ਗੱਲਬਾਤ ਵਿਚ ਕਿਸੇ ਜਕੋ ਤੱਕੀ ਦਾ ਕੋਈ ਮਤਲਬ ਹੀ ਨਹੀਂ ਸੀ। ਮੈਂ ਤਈਅਬ ਹੁਸੈਨ ਨਾਲ ਪੁਆਧੀ ਵਿਚ ਹੀ ਸਿੱਧਾ ਹੋ ਲਿਆ। ਉਸ ਨੇ ਨਾਲ ਬੈਠੇ ਮੁੰਡਿਆਂ ਨਾਲ ਮੇਰੀ ਜਾਣ ਪਛਾਣ ਕਰਵਾਈ। ਉਨ੍ਹਾਂ ਚੋਂ ਇਕ ਰਾਸ਼ਦ ਜੱਟ ਤੇ ਦੂਜਾ ਰਹਿਮਤ ਅਲੀ ਸੀ। ਉਹ ਵੀ ਉਸ ਦੇ ਨਾਲ ਹੀ ਪੁਲਿਸ ਵਿਚ ਡਿਊਟੀ ਕਰਦੇ ਸਨ। ਮੈਂ ਉਨ੍ਹਾਂ ਨੂੰ ਪੁਛਿਆ ਕਿ ਤੁਹਾਨੂੰ ਸਾਡੀ ਬੋਲੀ ਸਮਝ





ਆਉਂਦੀ ਹੈ। ਰਾਸ਼ਦ ਜੱਟ ਕਹਿਣ ਲਗਿਆ, "ਭਾ ਜੀ ਮੁਹੱਬਤਾਂ ਦੀ ਬੋਲੀ ਨੂੰ ਤੁਸੀਂ ਕਿਸੇ ਵੀ ਲਹਿਜੇ ਵਿਚ ਬੋਲੋ, ਸੁਣਨ ਵਾਲੇ ਦੇ ਦਿਲਾਂ ਵਿਚ ਉਤਰਦੀ ਜਾਂਦੀ ਹੈ।" ਤਈਅਬ ਨੇ ਉਸ ਵੇਲੇ ਅਪਣੇ ਪਿੰਡ ਬਘਿਆਣੇ ਫੋਨ ਕੀਤਾ ਤੇ ਅਪਣੇ ਬਾਪੂ ਨਾਲ ਮੇਰੀ ਗੱਲ ਕਰਵਾਈ। ਉਸ ਨੇ ਦਸਿਆ ਕਿ ਉਨ੍ਹਾਂ ਦਾ ਪਿਛਲਾ ਪਿੰਡ ਅੰਬਾਲਾ ਜ਼ਿਲ੍ਹੇ ਦੀ ਤਹਿਸੀਲ ਪਿਹੋਵਾ ਵਿਚ ਪੈਂਦੇ ਗੁਥਮਲਾ।

ਤਈਅਬ ਨੇ ਮੈਨੂੰ ਕਿਹਾ, "ਯਾਰ ਥਾਰੀ ਗੈਲ ਮੁਲਾਕਾਤ ਏ ਦੇਰ ਗੈਲ ਹੋਈ ਐ, ਇਬ ਥਾਰੇ ਜਾਣੇ ਕਾ ਸਮਾਂ ਹੋ ਗਿਆ ਨਹੀਂ ਤੋ ਥਾਨੂੰ ਅਪਣੇ ਗੌਂ ਕੀ ਸੈਰ ਕਰਵਾ ਕੈ ਲਿਆਂਦੇ।" ਮੈਂ ਕਿਹਾ, "ਚਲੋ ਅਗਲੀ ਵਾਰੀ ਲਾਂਭੇ ਤਾਰੇਂਗੇ।'

ਰਾਸ਼ਦ ਜੱਟ ਇਕ ਕਾਗਜ਼ ਮੇਰੇ ਮੂਹਰੇ ਕਰ ਕੇ ਕਹਿਣ ਲਗਿਆ, "ਸਰਦਾਰ ਸਾਹਬ ਇਕ ਕੰਮ ਕਰੋ, ਇਸ ਕਾਗਜ਼ 'ਤੇ ਮੁਹੱਬਤ ਦਾ ਕੋਈ ਵੀ ਸਿਰਨਾਵਾਂ ਲਿਖ ਦਿਉ।" ਮੈਂ ਹੈਰਾਨ ਹੋ ਕੇ ਉਸ ਨੂੰ ਪੁਛਿਆ, "ਤੁਸੀਂ ਕੀ ਕਰੋਗੇ ਇਸ ਦਾ, ਨਾਲੇ ਇਹ ਤੁਹਾਨੂੰ ਸਮਝ ਵੀ ਨਹੀਂ ਆਉਣਾ।" 'ਸਰਦਾਰ ਸਾਹਿਬ ਇਸ ਮੁਲਾਕਾਤ ਵਿਚ ਤੁਹਾਡੇ ਨਾਲ ਮੁਹੱਬਤ ਇੰਨੀ ਹੋ ਗਈ ਹੈ ਕਿ ਮੇਰਾ ਜੀਅ ਕਰਦੈ ਕਿ ਕੋਈ ਤੁਹਾਡੀ ਨਿਸ਼ਾਨੀ ਅਪਣੇ ਕੋਲ ਰੱਖਾਂ।"

ਇਹ ਸੁਣ ਕੇ ਮੇਰੀਆਂ ਅੱਖਾਂ ਸਿੱਲੀਆਂ ਹੋ ਗਈਆਂ। ਧਰਮ ਦਾ ਕੋਈ ਠੇਕੇਦਾਰ ਜੇ ਉਥੇ ਹੁੰਦਾ ਤਾਂ ਮੈਂ ਉਸ ਨੂੰ ਕਹਿੰਦਾ ਕਿ ਵਾਘੇ 'ਤੇ ਲੀਕ ਖਿੱਚਣ ਵਾਲਿਉ ਦਿਲਾਂ ਵਿਚ ਲੀਕ ਮਾਰ ਕੇ ਵਿਖਾਉ। ਮੈਂ ਕਾਗਜ਼ 'ਤੇ ਲਿਖਿਆ ਕਿ ਮੁਹੱਬਤਾਂ ਦੇ ਪਾਣੀ ਜਦੋਂ ਵਗਦੇ ਹਨ ਤਾਂ ਦੁਨੀਆਂ ਦੀ ਕੋਈ ਵੀ ਵਲਗਣ ਉਨ੍ਹਾਂ ਦਾ ਰਾਹ ਨਹੀਂ ਰੋਕ ਸਕਦੀ। ਰਾਸ਼ਦ ਜੱਟ ਨੇ ਉਹ ਕਾਗਜ਼ ਮੇਰੇ ਤੋਂ ਲੈ ਕੇ ਸੰਭਾਲ ਕੇ ਅਪਣੇ ਕੋਲ ਰੱਖ ਲਿਆ। ਠੰਢੇ ਪਿਆਉਣ ਤੋਂ ਬਾਅਦ ਅਗਲੀ ਵਾਰ ਫਿਰ ਮਿਲਣ ਦਾ ਵਾਅਦਾ ਕਰ ਕੇ ਅਸੀਂ ਉਨ੍ਹਾਂ ਤੋਂ ਵਿਦਾ ਲਈ। ਜਦੋਂ ਅਸੀਂ ਵਾਪਸ ਭਾਰਤ ਆ ਗਏ ਤਾਂ ਮੈਂ ਰਾਸ਼ਦ ਨੂੰ ਫੋਨ ਕੀਤਾ, ਅਗੋਂ ਉਹ ਕਹਿਣ ਲਗਿਆ," ਸਰਦਾਰ ਸਾਹਬ ਮੈਂ ਤੁਹਾਡਾ ਦਿਤਾ ਹੋਇਆ ਕਾਗਜ਼ ਅਪਣੀ ਤਸਵੀਰ ਕੱਢ ਕੇ, ਉਸ ਦੇ ਫਰੇਮ ਵਿਚ ਸਜ਼ਾ ਕੇ ਰੱਖ ਲਿਐ ਤੇ ਹਰੇਕ ਦੋਸਤ ਨੂੰ ਵਿਖਾਉਂਦਾ ਹਾਂ।" ਮੈਂ ਉਸ ਨੂੰ ਕਿਹਾ ਕਿ ਯਾਰ ਤੂੰ ਸੋਹਣਾ ਬਹੁਤ ਹੈਂ। ਅਗੋਂ ਉਸ ਨੇ ਹੋਰ ਚੰਗਿਆੜਾ ਕਢਿਆ,"ਸਰਦਾਰ ਸਾਹਿਬ ਤੁਹਾਡੀ ਭਰਜਾਈ ਵੀ ਬਹੁਤ ਸੋਹਣੀ ਹੈ। ਅਗਲੀ ਵਾਰ ਆਏ ਤਾਂ ਦਰਸ਼ਨ ਕਰਵਾਵਾਂਗੇ।"

ਉਸ ਦੀ ਇਹ ਗੱਲ ਸੁਣ ਕੇ ਮੈਨੂੰ ਫਜ਼ਲ ਸ਼ਾਹ ਦੀ ਸੋਹਣੀ ਦੀ ਕੀਤੀ ਸਿਫ਼ਤ ਯਾਦ ਆ ਗਈ। ਵੇਖੋ ਫ਼ਜ਼ਲ ਸ਼ਾਹ ਕਿਵੇਂ ਸ਼ਬਦਾਂ ਨੂੰ ਕਲਾਬਾਜ਼ੀਆਂ ਖੁਆਉਂਦੈ :

*ਹੋਠ ਲਾਲ ਸੂਹੇ ਵਾਂਗ ਲਾਲ ਰੱਤੇ*
*ਲਾਲ ਵੇਖ ਸ਼ਰਮਾਂਵਦੇ ਲਾਲੀਆਂ ਨੂੰ*
*ਵਲਾਂ ਵਾਲੀਆਂ ਉਹਦੀਆਂ ਵਾਲੀਆਂ ਨੇ*
*ਲੁੱਟ ਲਿਆ ਜਹਾਨ ਦੇ ਵਾਲੀਆਂ ਨੂੰ*

# ਨਾ ਮੈਂ ਮੋਮਨ ਵਿਚ ਮਸੀਤਾਂ
# ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ

ਅੱਜ ਤੋਂ ਪੰਜ ਸੌ ਸਾਲ ਪਹਿਲਾਂ ਬਾਬਾ ਨਾਨਕ ਨੇ ਨਨਕਾਣੇ ਦੀ ਧਰਤੀ 'ਤੇ ਸੱਚ ਦਾ ਇਕ ਸੂਰਜ ਚੜ੍ਹਾਇਆ ਸੀ। ਉਨ੍ਹਾਂ ਦਾ ਮਕਸਦ ਅਪਣੀ ਸ਼ਖ਼ਸੀ ਪੂਜਾ ਕਰਵਾਉਣਾ ਬਿਲਕੁਲ ਨਹੀਂ ਸੀ ਸਗੋਂ ਮਨੁੱਖਤਾ ਦੇ ਵਿਹੜੇ ਵਿਚ ਪਿਆਰ ਦੀ ਕੋਈ ਰਾਸ ਰਚਾਉਣਾ ਸੀ।

ਨਨਕਾਣੇ ਵਿਖੇ ਬਾਬੇ ਨਾਨਕ ਦੀ ਯਾਦ ਵਿਚ ਬਣੇ ਗੁਰਦਵਾਰਿਆਂ ਵਿਚ, ਇਹ ਵੇਖ ਕੇ ਬਹੁਤ ਹੈਰਾਨੀ ਹੋਈ ਕਿ ਉਥੇ ਉਹ ਸੱਭ ਕੁੱਝ ਹੋ ਰਿਹਾ ਹੈ, ਜਿਸ ਨੂੰ ਉਨ੍ਹਾਂ ਨੇ, ਇਕ ਤਰ੍ਹਾਂ ਨਾਲ ਮਨੁੱਖਤਾ ਵਿਰੁਧ ਜੁਰਮ ਕਰਾਰ ਦਿਤਾ ਸੀ।



ਆਲੇ 'ਚ ਰੱਖੀ ਬਾਬੇ ਨਾਨਕ ਦੀ ਕਰਾਮਾਤੀ ਤਸਵੀਰ

ਗੁਰਦਵਾਰਾ ਮਾਲ ਜੀ ਬਾਰੇ ਇਹ ਮਸ਼ਹੂਰ ਹੈ ਕਿ ਉਥੇ ਬਾਬਾ ਨਾਨਕ ਨੂੰ ਮੱਝਾਂ ਚਾਰਦੇ ਹੋਏ, ਅਰਾਮ ਕਰਦਿਆਂ ਸਮੇਂ, ਸੱਪ ਨੇ ਛਾਂ ਕਰ ਦਿਤੀ ਸੀ। ਇਸ ਗੁਰਦਵਾਰੇ ਵਿਚ ਇਕ ਰੁੱਖ ਉਤੇ ਲੀਰਾਂ ਬੰਨ੍ਹੀਆਂ ਹੋਈਆਂ ਹਨ ਜਿਨ੍ਹਾਂ ਬਾਰੇ ਦਸਿਆ ਗਿਆ ਕਿ ਸ਼ਰਧਾਲੂ ਅਪਣੀਆਂ ਸੁੱਖਾਂ ਪੂਰੀਆਂ ਹੋਣ 'ਤੇ ਬੰਨ੍ਹ ਜਾਂਦੇ ਹਨ। ਗੁਰਦਵਾਰੇ ਵਿਚ ਹੀ ਇਕ ਪਾਸੇ ਇਕ ਥੜ੍ਹਾ ਜਿਹਾ ਬਣਿਆ ਹੋਇਐ ਜਿਸ ਵਿਚ ਬਣੇ ਆਲੇ ਵਿਚ ਗੁਰੂ ਨਾਨਕ ਸਾਹਿਬ ਦੀ ਉਹ ਤਸਵੀਰ ਰੱਖੀ ਹੋਈ ਹੈ ਜਿਸ ਵਿਚ ਸੱਪ ਨੂੰ ਉਨ੍ਹਾਂ ਦੇ ਸਿਰ ਉਤੇ ਛਾਂ ਕਰਦੇ ਵਿਖਾਇਆ ਗਿਆ ਹੈ। ਜਿਨ੍ਹਾਂ ਨੇ ਅੰਮ੍ਰਿਤ ਛਕਿਆ





ਹੋਇਆ ਸੀ, ਉਹ ਵੀ ਉਸ ਆਲੇ ਵਿਚ ਹੀ ਮੱਥਾ ਟੇਕੀ ਜਾ ਰਹੇ ਸਨ।

ਗੁਰਦਵਾਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ, ਗੁਰਦਵਾਰਾ ਸੁਧਾਰ ਲਹਿਰ ਦੌਰਾਨ ਜਿਹੜੇ ਜੰਡ ਹੇਠ ਭਾਈ ਲਛਮਣ ਸਿੰਘ ਨੂੰ 20 ਫ਼ਰਵਰੀ, 1921 ਨੂੰ ਨਰੈਣੂ ਮਹੰਤ ਦੇ ਬਦਮਾਸ਼ਾਂ ਨੇ ਜੀਉਂਦੇ ਜੀਅ ਜੰਡ ਨਾਲ ਬੰਨ੍ਹ ਕੇ ਸ਼ਹੀਦ ਕੀਤਾ ਸੀ, ਉਸ ਦੇ ਹੇਠਾਂ ਅਜਕਲ ਲੋਕ ਲੂਣ ਦੀਆਂ ਥੈਲੀਆਂ ਨਾਲ ਮੱਥੇ ਟੇਕਦੇ ਹਨ।

ਗੁਰਦਵਾਰਾ ਸੱਚਾ ਸੌਦਾ ਵਿਖੇ ਜਿਹੜਾ ਰਾਗੀ ਕੀਰਤਨ ਕਰ ਰਿਹਾ ਸੀ, ਉਹ ਕੁਫ਼ਰ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਸਾਖੀ ਸੁਣਾ ਰਿਹਾ ਸੀ ਕਿ "ਗੁਰੂ ਸਾਹਿਬ ਅਪਣੀ ਦੇਹ ਘਰ ਵਿਚ ਛੱਡ ਕੇ, ਅਪਣੇ ਸੇਵਕਾਂ ਦੇ ਕੰਮ ਸੁਆਰਨ ਲਈ ਜਾਂਦੇ ਸਨ।" ਗੁਰਦਵਾਰਾ ਕਿਆਰਾ ਸਾਹਿਬ ਬਾਰੇ ਮਸ਼ਹੂਰ ਹੈ ਕਿ ਗੁਰੂ ਸਾਹਿਬ ਜਦੋਂ ਉਥੇ ਮੱਝਾਂ ਚਾਰ ਰਹੇ ਸਨ ਤਾਂ ਉਨ੍ਹਾਂ ਦੀਆਂ ਮੱਝਾਂ ਨੇ ਇਕ ਜੱਟ ਦਾ ਖੇਤ ਉਜਾੜ ਦਿਤਾ। ਜਦੋਂ ਉਹ ਜੱਟ ਹਾਕਮ ਕੋਲ ਸ਼ਿਕਾਇਤ ਲੈ ਕੇ ਗਿਆ ਤਾਂ ਹਾਕਮ ਉਸ ਦੇ ਨਾਲ ਟੁਰ ਪਿਆ ਪਰ ਜਦੋਂ ਉਨ੍ਹਾਂ ਆ ਕੇ ਵੇਖਿਆ ਤਾਂ ਖੇਤ ਹਰਿਆ ਭਰਿਆ ਸੀ।

ਸਾਡੀ ਸ਼ਰਧਾ ਦਾ ਵੀ ਕੋਈ ਅੰਤ ਨਹੀਂ। ਜਦੋਂ ਕੋਈ ਭਨਿਆਰੇ ਵਾਲੇ ਵਰਗਾ, ਅਪਣੀਆਂ ਕਰਾਮਾਤਾਂ ਵਾਲੀ ਕੋਈ ਕਿਤਾਬ ਨੂੰ 'ਗ੍ਰੰਥ' ਦਾ ਨਾਂ ਦੇ ਕੇ ਛਾਪਦਾ ਹੈ ਤਾਂ ਅਸੀ ਉਸ ਦੇ ਵਿਰੋਧ ਵਿਚ ਡੰਡੇ ਚੁੱਕ ਲੈਂਦੇ ਹਾਂ ਪਰ ਜਦੋਂ ਅਪਣੇ ਗੁਰੂਆਂ ਦੀ ਗੱਲ ਚਲਦੀ ਹੈ ਤਾਂ ਅਸੀ ਉਹੀ ਸੱਭ ਕੁੱਝ ਉਨ੍ਹਾਂ ਨਾਲ ਜੋੜਨ ਲਈ ਬੇਸਿਰ-ਪੈਰ ਦੀਆਂ ਦਲੀਲਾਂ ਦੇਣ ਲੱਗ ਪੈਂਦੇ ਹਾਂ। ਜੇਕਰ ਇਹ ਗੱਲ ਮੰਨ ਵੀ ਲਈ ਜਾਵੇ ਕਿ ਗੁਰੂ ਸਾਹਿਬ ਕਰਾਮਾਤਾਂ ਕਰਦੇ ਰਹੇ ਹਨ ਤਾਂ ਉਨ੍ਹਾਂ ਨੇ ਸੱਭ ਤੋਂ ਪਹਿਲਾਂ ਇਨ੍ਹਾਂ ਕਰਾਮਾਤਾਂ ਦੀ ਵਰਤੋਂ ਲੋਕਾਂ ਨੂੰ ਗ਼ਰੀਬੀ, ਅਨਪੜ੍ਹਤਾ ਤੇ ਜਹਾਲਤ ਤੋਂ ਮੁਕਤੀ ਦਿਵਾਉਣ ਲਈ ਕਰਨੀ ਸੀ ਕਿਉਂਕਿ ਉਹ, ਬਿਨਾਂ ਕਿਸੇ ਧਾਰਮਕ ਵਿਤਕਰੇ ਤੋਂ, ਪੂਰੀ ਲੁਕਾਈ ਨੂੰ ਇਕੋ ਨੂਰ ਦੀ ਪੈਦਾਇਸ਼ ਮੰਨਦੇ ਸਨ। ਅਸਲ ਵਿਚ ਬਾਬਾ ਨਾਨਕ ਨੂੰ ਜਾਦੂਗਰ ਸਾਬਤ ਕਰਨਾ ਧਰਮ ਦੇ ਪੁਜਾਰੀਆਂ ਅਤੇ ਹਾਕਮਾਂ ਨੂੰ ਬਹੁਤ ਸੂਤ ਬੈਠਦੈ ਕਿਉਂਕਿ ਇਸ ਦੀ ਆੜ ਹੇਠ ਉਹ ਆਮ ਬੰਦੇ ਦੀ ਪਹੁੰਚ ਬਾਬੇ ਨਾਨਕ ਦੇ ਉਸ ਫ਼ਲਸਫ਼ੇ ਤਕ ਨਹੀਂ ਹੋਣ ਦੇਂਦੇ ਜਿਹੜਾ ਪੁਜਾਰੀਆਂ ਅਤੇ ਹਾਕਮਾਂ ਦੇ ਲੋਟੂ ਟੋਲੇ ਵਿਰੁਧ ਬਗ਼ਾਵਤ ਕਰਨ ਦਾ ਸੁਨੇਹਾ ਦੇਂਦਾ ਹੈ।

ਜਥੇ ਵਿਚ ਗਏ ਸ਼ਰਧਾਲੂ ਕਿੰਨੀ ਸ਼ਰਧਾ ਲੈ ਕੇ ਗਏ ਸਨ, ਇਸ ਦਾ ਵੀ ਇਥੇ ਜ਼ਿਕਰ ਕਰਨਾ ਬਣਦੈ। ਜਿੰਨੇ ਵੀ ਬੰਦੇ ਜਥੇ ਵਿਚ ਗਏ ਸਨ, ਉਨ੍ਹਾਂ 'ਚੋਂ ਬਹੁਤੇ ਅਪਣਾ ਕੀਮਤੀ ਸਮਾਨ ਗੁਆ ਕੇ ਪਰਤੇ। ਕਿਸੇ ਦਾ ਮੋਬਾਈਲ, ਕਿਸੇ ਦਾ ਕੈਮਰਾ ਤੇ ਕਿਸੇ ਦਾ ਹੋਰ ਕੀਮਤੀ ਸਮਾਨ, ਜੋ ਵੀ ਹੱਥ ਲਗਿਆ, ਸਾਫ਼ ਕਰ ਦਿਤਾ ਗਿਆ। ਫ਼ਿਰੋਜ਼ਪੁਰ ਦੇ ਇਕ ਬੰਦੇ ਦੇ ਤਾਂ ਗੁਸਲਖਾਨੇ ਵਿਚ ਨਹਾਉਣ ਸਮੇਂ 15000 ਰੁਪਏ ਹੀ ਚੋਰੀ ਹੋ ਗਏ। ਅਸਲ ਵਿਚ ਜਥੇ ਵਿਚ ਗਏ ਬੰਦੇ ਹੀ ਚੋਰੀਆਂ ਕਰਨ ਲੱਗੇ ਹੋਏ ਸਨ। ਬਾਬੇ ਨਾਨਕ ਦੀ ਸੋਚ ਨੂੰ ਸਲਾਮੀ ਦੇਣ ਦਾ ਕਿੰਨੇ ਕਮਾਲ ਦਾ ਤਰੀਕਾ ਲਭਿਆ ਸੀ ਉਨ੍ਹਾਂ ਨੇ। ਮੈਨੂੰ ਸਫ਼ਰ ਦਾ ਚੰਗਾ

ਤਜਰਬਾ ਹੋਣ ਕਾਰਨ, ਸਾਡਾ ਸਿਰਫ਼ ਚੱਪਲਾਂ ਗੁਆ ਕੇ ਹੀ ਸਰ ਗਿਆ। ਇਸ ਸ਼ਰਧਾ ਦਾ ਸਿਖਰ ਮੈਨੂੰ ਉਦੋਂ ਵੇਖਣ ਨੂੰ ਮਿਲਿਆ ਜਦੋਂ ਨਨਕਾਣਾ ਸਾਹਿਬ ਗੁਰਦਵਾਰੇ ਵਿਚ ਇਕ ਬੰਦੇ ਨੇ ਕਾਲੀ ਨਾਗਣੀ ਦਾ ਡਲਾ ਅਪਣੀ ਜੇਬ ’ਚੋਂ ਕੱਢ ਕੇ ਹੱਥ ’ਤੇ ਰੱਖ ਲਿਆ। ਉਹ ਅਪਣੇ ਨੇੜੇ ਖੜਿਆਂ ਨੂੰ ਕਹਿਣ ਲੱਗਾ, “ਜੇ ਕਿਸੇ ਦੇ ਹੱਡ-ਪੈਰ ਦੁਖਦੇ ਹੋਣ ਤਾਂ ਲੈ ਲਉ, ਇਹ ਵੀ ਬਾਬੇ ਦਾ ਲੰਗਰ ਹੀ ਹੈ।”

ਜਦੋਂ ਜੱਥਾ ਵਾਪਸੀ ਸਮੇਂ ਵਾਘਾ ਸਟੇਸ਼ਨ ’ਤੇ ਪੁਜਿਆ ਤਾਂ ਪੰਜਾਬ ਤੋਂ ਬਾਹਰ ਦੇ ਜੱਥੇ ਦੇ ਦੋ ਮੈਂਬਰ ਅਪਣੇ ਤਜਰਬੇ ਸਾਂਝੇ ਕਰ ਰਹੇ ਸਨ। ਇਕ ਕਹਿ ਰਿਹਾ ਸੀ, “ਲੈ ਬਈ, ਧਾਰਮਕ ਯਾਤਰਾ ਤਾਂ ਅਪਣੀ ਹੁਣ ਹੋ ਗਈ ਖ਼ਤਮ, ਚਲ ਹੁਣ ਆਪਾਂ ਅਸਲ ਜ਼ਿੰਦਗੀ ਵਿਚ ਪਰਤੀਏ।” ਦੂਜਾ ਬੇਸਬਰੀ ਨਾਲ ਬੋਲਿਆ, “ਯਾਰ ਕੜਾਹ ਖਾ-ਖਾ ਕੇ ਮੂੰਹ ਦਾ ਸੁਆਦ ਖ਼ਰਾਬ ਹੋ ਗਿਐ। ਜੇ ਕਿਤੇ ਕੌੜਾ ਘੁੱਟ ਮਿਲ ਜਾਵੇ ਤਾਂ ਧਰਮ ਨਾਲ ਨਜ਼ਾਰਾ ਆ ਜਾਵੇ।” ਪਹਿਲੇ ਨੇ ਗੱਲ ਬੋਚਦਿਆਂ ਕਿਹਾ, “ਮਿੱਤਰਾ, ਚਿੰਤਾ ਨਾ ਕਰ। ਅੱਜ ਅੰਮ੍ਰਿਤਸਰ ਚਲ ਕੇ, ਯਾਤਰਾ ਦੇ ਸਾਰੇ ਉਲਾਂਭੇ ਲਾਹੇ ਜਾਣਗੇ। ਵ੍ਹਿਸਕੀ ਦੇ ਨਾਲ-ਨਾਲ ਮੱਛੀ ਦੇ ਪਕੌੜੇ ਵੀ ਚਲਣਗੇ।” ਜਿੰਨੀ ਸ਼ਿੱਦਤ ਨਾਲ ਉਹ ਸ਼ਰਾਬ ਦੀਆਂ ਗੱਲਾਂ ਕਰ ਰਹੇ ਸਨ, ਇਸ ਤਰ੍ਹਾਂ ਸ਼ਾਇਦ ਰਾਂਝੇ ਨੇ ਵੀ ਹੀਰ ਨੂੰ ਯਾਦ ਨਹੀਂ ਕੀਤਾ ਹੋਣਾ। ਹਾਲੇ ਤਾਂ ਸ਼ੁਕਰ ਹੈ ਕਿ ਪਾਕਿਸਤਾਨ ਵਿਚ ਸ਼ਰਾਬ ਦਾ ਕੋਈ ਠੇਕਾ ਨਹੀਂ। ਜੇ ਹੁੰਦਾ, ਫਿਰ ਤਾਂ ਸ਼ਾਇਦ ਕੌੜੇ ਪਾਣੀ ਦੇ ਯਾਰਾਂ ਨੂੰ ਲੱਦ ਕੇ ਲਿਆਉਣ ਲਈ, ਮਾਲ ਗੱਡੀ ਭੇਜਣੀ ਪਿਆ ਕਰਦੀ।

ਮੈਂ ਜਦੋਂ ਜੱਥੇ ਦੇ ਹੀ ਇਕ ਬੰਦੇ ਨਾਲ, ਸਿੱਖਾਂ ਵਲੋਂ ਨਸ਼ਿਆਂ ਦੀ ਵਰਤੋਂ ਬਾਰੇ ਗੱਲ ਕੀਤੀ ਤਾਂ ਅਗੋਂ ਉਸ ਦਾ ਜਵਾਬ ਸੀ, “ਸਿੱਖੀ ਇਕ ਇਨਕਲਾਬੀ ਧਰਮ ਹੈ, ਇੰਨੀ ਕੁ ਛੋਟ ਤਾਂ ਸਿੱਖਾਂ ਨੂੰ ਮਿਲਣੀ ਹੀ ਚਾਹੀਦੀ ਹੈ।” ਬਾਬੇ ਨਾਨਕ ਦੀ ਸੱਭ ਤੋਂ ਵੱਡੀ ‘ਕਰਾਮਾਤ’ ਜਾਤ-ਪਾਤ, ਊਚ-ਨੀਚ ਦੇ ਸੱਭ ਭਰਮ ਤੋੜ ਕੇ ਪੂਰੀ ਮਨੁੱਖਤਾ ਨੂੰ ਇਕੋ ਮਾਲਾ ਦੇ ਮਣਕੇ ਦਸਣਾ ਸੀ ਪਰ ਅੱਜ ਅਸੀ ਜਾਤ ਪਾਤ ਨੂੰ ਉਸੇ ਤਰ੍ਹਾਂ ਗੋਦੀ ਚੁੱਕੀ ਫਿਰਦੇ ਹਾਂ। ਦਲਿਤਾਂ ਨੂੰ ਅਸੀ ਅੱਜ ਵੀ ਗੁਰਦਵਾਰਿਆਂ ਵਿਚ ਨਹੀਂ ਵੜਨ ਦੇਂਦੇ। ਸੌਦਾ ਸਾਧ ਦੀ ਨਾਮ ਚਰਚਾ ਵਿਰੁਧ ਤਾਂ ਹਰੇਕ ਡਾਂਗ ਚੁੱਕ ਲੈਂਦਾ ਹੈ, ਕਦੇ ਇਹ ਨਹੀਂ ਸੁਣਿਆ ਕਿ ਕਿਸੇ ਪਿੰਡ ਵਿਚ ਦਲਿਤਾਂ ਨੂੰ ਗੁਰਦਵਾਰੇ ਨਹੀਂ ਵੜਨ ਦਿਤਾ ਗਿਆ ਜਾਂ ਉਨ੍ਹਾਂ ਦਾ ਬਾਈਕਾਟ ਕਰਨ ’ਤੇ, ਕੋਈ ਉਨ੍ਹਾਂ ਦੀ ਹਮਾਇਤ ਵਿਚ ਗਿਆ ਹੋਵੇ। ਅਮਲਾਂ ਤੋਂ ਬਿਨਾਂ ਧਰਮ ਇਕ ਲਾਸ਼ ਵਰਗਾ ਹੁੰਦਾ ਹੈ। ਅਮਲ ਹੀ ਅਸਲ ਵਿਚ ਕਿਸੇ ਧਰਮ ਦੀ ਰੂਹ ਹੁੰਦੇ ਹਨ।

*ਪੜ੍ਹੀ ਨਮਾਜ਼ ਤੇ ਨਿਆਜ ਨਾ ਸੁਖਿਆ*
*ਤੇਰੀਆਂ ਕਿਸ ਕੰਮ ਪੜ੍ਹੀਆਂ ਨਮਾਜ਼ਾਂ*
*ਇਲਮ ਪੜ੍ਹਿਆ ਤੇ ਅਮਲ ਨਾ ਕਰਿਆ*
*ਤੇਰੀਆਂ ਕਿਸ ਕੰਮ ਦਿਤੀਆਂ ਅਵਾਜ਼ਾਂ*
*ਬੁੱਲੇ ਸ਼ਾਹ ਪਤਾ ਤਦ ਲਗਸੀ*
*ਜਦ ਚਿੜੀ ਫਸੀ ਹੱਥ ਬਾਜ਼ਾਂ*





*ਉਥੇ ਅਮਲਾਂ ’ਤੇ ਹੋਣਗੇ ਨਿਬੇੜੇ*
*ਕਿਸੇ ਨਹੀਂ ਤੇਰੀ ਜਾਤ ਪੁਛਣੀ*
*ਝੂਠੇ ਮਾਣ ਝੂਠੇ ਸੱਭ ਝੇੜੇ ..*

*(ਬੁੱਲ੍ਹੇ ਸ਼ਾਹ)*

ਜਿਹੜੇ ਕਰੋੜਾਂ ਰੁਪਏ ਨਨਕਾਣੇ ਵਿਚ ਖ਼ਰਚੇ ਜਾ ਰਹੇ ਹਨ, ਉਨ੍ਹਾਂ ਨਾਲ ਬਾਬੇ ਨਾਨਕ ਦੇ ਫ਼ਲਸਫ਼ੇ ਦਾ ਕਿੰਨਾ ਪ੍ਰਚਾਰ ਹੋ ਰਿਹਾ ਹੈ, ਉਸ ਦਾ ਅੰਦਾਜ਼ਾ ਲਹਿੰਦੇ ਪੰਜਾਬ ਦੀ ਜ਼ਨਾਨਾ ਪੁਲਿਸ ਦੀ ਇਕ ਬੀਬੀ ਵਲੋਂ ਕੀਤੇ ਸਵਾਲ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਜਦੋਂ ਅਸੀ ਲਾਹੌਰ ਗਏ ਤਾਂ ਗੁਰਦਵਾਰਾ ਡੇਹਰਾ ਸਾਹਿਬ ਵਿਖੇ ਜ਼ਨਾਨਾ ਪੁਲਿਸ ਵਾਲੀ ਇਕ ਬੀਬੀ ਜਸਬੀਰ ਤੋਂ ਬੈਗ ਖੁਲ੍ਹਵਾ ਕੇ ਵੇਖਣ ਲੱਗ ਪਈ। ਜਸਬੀਰ ਕਹਿਣ ਲੱਗੀ ਕਿ “ਪਹਿਲਾਂ ਗੱਡੀ ਚੜ੍ਹਨ ਲਗਿਆਂ ਨਨਕਾਣੇ ਬੈਗ ਖੋਲ੍ਹ ਕੇ ਵੇਖੇ ਗਏ, ਹੁਣ ਤੁਸੀ ਫਿਰ ਖੁਲ੍ਹਵਾ ਰਹੇ ਹੋ।” ਅਗੋਂ ਉਹ ਬੀਬੀ ਪੁੱਛਣ ਲੱਗੀ ਕਿ “ਨਨਕਾਣਾ ਕਿਥੇ ਹੈ ?” ਜਸਬੀਰ ਨੇ ਦਸਿਆ ਕਿ “ਜਿਥੇ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ ਸੀ।” ਉਸ ਤੋਂ ਬਾਅਦ ਉਸ ਨੇ ਜਿਹੜਾ ਸਵਾਲ ਕੀਤਾ, ਉਹ ਸਚਮੁਚ ਹੀ ਬੰਬ ਸੁੱਟਣ ਵਰਗਾ ਸੀ। ਉਹ ਪੁੱਛਣ ਲੱਗੀ ਕਿ “ਗੁਰੂ ਨਾਨਕ ਕੌਣ ਸੀ ?” ਜਿਹੜੇ ਨਨਕਾਣੇ ਤੇ ਲਾਹੌਰ ਵਿਚ ਏ.ਸੀ ਸਰਾਵਾਂ ਬਣਾਉਣ ਲੱਗੇ ਹੋਏ ਹਨ, ਉਨ੍ਹਾਂ ਨੂੰ ਸਮਝ ਆ ਜਾਣੀ ਚਾਹੀਦੀ ਹੈ ਕਿ ਸੋਨੇ ਤੇ ਸੰਗਮਰਮਰ ਦੀਆਂ ਕੰਧਾਂ ਕਿਸੇ ਫ਼ਲਸਫ਼ੇ ਦੀ ਬੁਨਿਆਦ ਬਣਨ ਦੀ ਥਾਂ, ਸਗੋਂ ਕਈ ਵਾਰ ਉਸ ਦੀ ਕਬਰ ਬਣ ਜਾਂਦੀਆਂ ਹਨ। ਨਨਕਾਣੇ ਵਿਚ ਰਹਿਣ ਵਾਲੀ ਬਹੁਤੀ ਅਬਾਦੀ ਨੂੰ ਵੀ ਇਸ ਗੱਲ ਦਾ ਕੋਈ ਇਲਮ ਨਹੀਂ ਕਿ ਬਾਬਾ ਨਾਨਕ ਕੌਣ ਸੀ ਤੇ ਉਸ ਦੀ ਮਨੁੱਖਤਾ ਨੂੰ ਕੀ ਦੇਣ ਹੈ ? ਬਾਬੇ ਨਾਨਕ ਦੇ ਪ੍ਰਕਾਸ਼ ਉਤਸਵ ਮੌਕੇ ਕੋਈ ਕਿਤਾਬਚਾ ਛਾਪ ਕੇ ਵੰਡਣ ਦੀ ਥਾਂ, ਬਾਬੇ ਨਾਨਕ ਦੀ ਵਿਚਾਰਧਾਰਾ ਨੂੰ ਫੁੱਲਾਂ ਦੀ ਵਰਖਾ ਹੇਠ ਲੁਕਾਅ ਦਿਤਾ ਜਾਂਦਾ ਹੈ।

ਅੱਜ ਜੇਕਰ ਸਿਰਫ਼ ਬਾਬੇ ਨਾਨਕ ਵਲੋਂ ਪਰਾਇਆ ਹੱਕ ਖਾਣ ਵਿਰੁਧ ਉਚਾਰੇ ਸ਼ਬਦ ਦੀ ਕਸਵੱਟੀ ’ਤੇ ਹੀ ਆਮ ਸਿੱਖਾਂ ਨੂੰ ਪਰਖਿਆ ਜਾਵੇ ਤਾਂ ਉਹ ਕਿਤੇ ਨੇੜੇ ਵੀ ਨਹੀਂ ਖੜਦੇ। ਪੰਜਾਬ ਵਿਚ ਤਾਂ ਸਿੱਖਾਂ ਦੀ ਬਹੁਗਿਣਤੀ ਹੈ। ਉੱਚੇ ਅਹੁਦਿਆਂ ’ਤੇ ਬੈਠੇ ਸਿੱਖਾਂ ਦੀ ਬਹੁਗਿਣਤੀ, ਅਪਣੇ ਹੀ ਭਰਾਵਾਂ ਤੋਂ ਰਿਸ਼ਵਤਾਂ ਲੈ ਕੇ, ਇਕ ਤਰ੍ਹਾਂ ਨਾਲ ਉਨ੍ਹਾਂ ਦਾ ਲਹੂ ਪੀ ਕੇ ਕੋਠੀਆਂ, ਕਾਰਾਂ ਦੀ ਮਾਲਕ ਬਣੀ ਹੋਈ ਹੈ। ਇਨ੍ਹਾਂ ’ਚੋਂ ਹੀ ਬਹੁਤੇ ਗੁਰਦਵਾਰਿਆਂ ਵਿਚ ਅਖੰਡ ਪਾਠ ਕਰਵਾਉਂਦੇ ਤੇ ਲੰਗਰ ਚਲਾਉਂਦੇ ਹਨ। ਜੇ ਲੋਕਾਂ ਦਾ ਹੱਕ ਖਾਣ ਵਾਲੇ, ਅਪਣੇ ਹੀ ਭਰਾਵਾਂ ਦੇ ਸੁਪਨਿਆਂ ਦਾ ਖ਼ੂਨ ਕਰਨ ਵਾਲੇ ਸਿੱਖ ਹਨ ਤਾਂ ਫਿਰ ਮਲਕ ਭਾਗੋ ਕੌਣ ਸੀ ?

ਮੇਰੇ ਅਪਣੇ ਇਲਾਕੇ ਵਿਚ ਫ਼ਤਿਹਗੜ੍ਹ ਸਾਹਿਬ ਦੇ ਜੋੜ ਮੇਲੇ ’ਤੇ ਹਰ ਸਾਲ ਕਰੋੜਾਂ ਰੁਪਏ ਦੇ ਲੰਗਰ ਲਗਾਏ ਜਾਂਦੇ ਹਨ। ਲੰਗਰ ਵੀ ਦਾਲ, ਰੋਟੀ ਦੇ ਨਹੀਂ ਸਗੋਂ ਦੇਸੀ ਘਿਉ

ਦੀ ਪੰਜੀਰੀ ਤੇ ਘਰ ਦੇ ਕੱਢੇ ਖੋਏ ਦੀਆਂ ਬਰਫ਼ੀਆਂ ਦੇ। ਇਕ ਇਕ ਲੰਗਰ 'ਤੇ ਔਸਤਨ ਇਕ-ਇਕ ਲੱਖ ਰੁਪਏ ਤਕ ਦਾ ਖ਼ਰਚਾ ਹੁੰਦਾ ਹੈ। ਉਹ ਪੈਸਾ ਪਿੰਡਾਂ ਵਿਚ ਕਿਸੇ ਗ਼ਰੀਬ ਜਾਂ ਦਲਿਤ ਦੀ ਸਹਾਇਤਾ ਕਰਨ ਵਿਚ ਲਗਾਉਣ ਦੀ ਥਾਂ, ਰੱਜੇ ਹੋਏ ਮੋਟੇ ਢਿੱਡਾਂ ਵਾਲਿਆਂ ਨੂੰ, ਹੱਥ ਜੋੜ ਜੋੜ ਕੇ, ਪੰਜੀਰੀ ਖੁਆਉਣ ਵਿਚ ਖ਼ਰਚ ਕੀਤਾ ਜਾਂਦਾ ਹੈ। ਮਨੁੱਖਤਾ ਨਾਲ ਪਿਆਰ ਤੋਂ ਬਿਨਾਂ ਧਾਰਮਕ ਰਸਮਾਂ ਪਖੰਡ ਬਣ ਜਾਂਦੀਆਂ ਹਨ। "ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ" ਦਾ ਨਾਹਰਾ, ਬਾਬੇ ਨਾਨਕ ਨੇ ਪੂਰੀ ਮਨੁੱਖਤਾ ਨੂੰ ਇਕ ਦਸਣ ਲਈ ਲਾਇਆ ਸੀ। ਪਰ ਧਰਮ 'ਚੋਂ ਪਖੰਡ ਨੂੰ ਬਾਹਰ ਕਢਣਾ ਪੁਜਾਰੀਆਂ ਨੂੰ ਰਾਸ ਨਹੀਂ ਆਉਂਦਾ।

*ਸ਼ਰ੍ਹਾ ਕਹੇ ਚਲ ਪਾਸ ਮੁੱਲਾਂ ਦੇ, ਸਿੱਖ ਲੈ ਅਦਬ ਅਦਾਬਾਂ ਨੂੰ,*
*ਇਸ਼ਕ ਕਹੇ ਇਕ ਹਰਫ਼ ਬਥੇਰਾ, ਠੱਪ ਰੱਖ ਹੋਰ ਕਿਤਾਬਾਂ ਨੂੰ।*
*ਸ਼ਰ੍ਹਾ ਕਹੇ ਚਲ ਬਹਿਸ਼ਤੀ ਚਲੀਏ, ਬਹਿਸ਼ਤਾਂ ਦੇ ਮੇਵੇ ਖਾਵਾਂਗੇ,*
*ਇਸ਼ਕ ਕਹੇ ਉਥੇ ਪਹਿਰਾ ਸਾਡਾ, ਆਪ ਹੱਥੀਂ ਵਰਤਾਵਾਂਗੇ।*

(ਬੁੱਲ੍ਹੇ ਸ਼ਾਹ)

ਇਸ ਆਸ ਨਾਲ ਕਿ ਉਹ ਦਿਨ ਜ਼ਰੂਰ ਆਵੇਗਾ ਜਦੋਂ ਬਾਬੇ ਨਾਨਕ ਦੀ ਦਰੜੇ ਹੋਏ ਲੋਕਾਂ ਦੇ ਹੱਕ ਵਿਚ ਉਠਾਈ ਆਵਾਜ਼, ਇਕ ਦਿਨ ਪੂਰੇ ਆਲਮ ਵਿਚ ਗੂੰਜੇਗੀ। ਗ਼ਰੀਬਾਂ, ਮਜ਼ਲੂਮਾਂ ਨੂੰ ਉਨ੍ਹਾਂ ਦੇ ਹੱਕ ਮਿਲਣਗੇ। ਮਲਕ ਭਾਗੋ, ਲਾਲੋਆਂ ਦੀ ਲੁੱਟ ਨਹੀਂ ਕਰ ਸਕਣਗੇ। ਉਹ ਦਿਨ ਸਚਮੁਚ ਹੀ ਮਨੁੱਖਤਾ ਦੇ ਇਨਕਲਾਬ ਦਾ ਦਿਨ ਹੋਵੇਗਾ। ਉਸ ਦਿਨ ਦੇ ਛੇਤੀ ਆਉਣ ਦੀ ਉਮੀਦ ਨਾਲ ਮੈਂ ਨਨਕਾਣੇ ਦੀ ਧਰਤੀ ਨੂੰ ਅਪਣੀ ਰੂਹ ਦਾ ਸਲਾਮ ਪੇਸ਼ ਕੀਤਾ ਤੇ ਉੱਚਾ ਬੁਰਜ ਲਾਹੌਰ ਦਾ ਵੇਖਣ ਲਈ ਚਾਲੇ ਪਾ ਦਿਤੇ।





# ਪੰਜ ਪਾਣੀਆਂ ਦਾ ਸਿਰਨਾਵਾਂ

ਰੂਹ ਦੇ ਰਿਸ਼ਤੇ ਉਸ ਰੁੱਖ ਵਰਗੇ ਹੁੰਦੇ ਹਨ ਜਿਹੜਾ ਮਾਰੂਥਲ ਦੀ ਵਰ੍ਹਦੀ ਅੱਗ ਵਿਚ ਵੀ, ਜ਼ਿੰਦਗੀ ਤੋਂ ਭਟਕੇ ਮੁਸਾਫ਼ਰਾਂ ਨੂੰ ਠੰਢੀ ਛਾਂ ਦੇਂਦਾ ਹੈ। ਰੂਹ ਦਾ ਭਾਵੇਂ ਅਪਣਾ ਕੋਈ ਰੰਗ ਨਹੀਂ ਹੁੰਦਾ ਪਰ ਰੂਹ ਦੇ ਦਰਿਆ ਵਿਚ ਗੋਤੇ ਲਾਉਣ ਵਾਲਿਆਂ ਦੀ ਜ਼ਿੰਦਗੀ ਸਤਰੰਗੀ ਹੋ ਜਾਂਦੀ ਹੈ। ਅਜਿਹੇ ਬੰਦਿਆਂ ਦੇ ਦਿਲ 'ਚੋਂ ਹਰ ਸਮੇਂ ਦੁਆ ਉਠਦੀ ਹੈ ਕਿ ਕੋਈ ਵੀ ਅਜਿਹਾ ਮੁਬਾਰਕ ਪਲ ਨਾ ਹੋਵੇ, ਜਿਹੜਾ ਉਨ੍ਹਾਂ ਦੇ ਪਿਆਰਿਆਂ ਦੀ ਜ਼ਿੰਦਗੀ ਦੇ ਬੂਹੇ 'ਤੇ ਦਸਤਕ ਦਿਤੇ ਬਿਨਾਂ ਅੱਗੇ ਲੰਘ ਜਾਵੇ। ਰੂਹ ਦੇ ਇਕ ਅਜਿਹੇ ਹੀ ਦਰਿਆ ਵਿਚ ਗੋਤਾ ਲਾਉਣ ਲਈ ਤਾਂ ਮੈਂ ਪਾਕਿ ਪੁਜਿਆ ਸੀ, ਸਫ਼ਰ ਤਾਂ ਉਸ ਤਕ ਪੁੱਜਣ ਦਾ ਇਕ ਬਹਾਨਾ ਸੀ।

*ਕੋਠੇ 'ਤੇ ਕਾਨਾ ਏ, ਮਿਲਣਾ ਤੇ ਰੱਬ ਨੂੰ ਏ,*
*ਤੇਰਾ ਪਿਆਰ ਤਾਂ ਬਹਾਨਾ ਏ।*

ਜੇ ਕਿਸੇ ਦਾ ਕੈਨੇਡਾ ਜਾਂ ਅਮਰੀਕਾ ਦਾ ਵੀਜ਼ਾ ਲਗਦੈ ਤਾਂ ਉਹ ਸਾਰੇ ਦੇਸ਼ਾਂ ਵਿਚ ਕਿਤੇ ਵੀ ਜਾਣ ਲਈ ਆਜ਼ਾਦ ਹੈ ਪਰ ਭਾਰਤ ਜਾਂ ਪਾਕਿਸਤਾਨ ਦਾ ਵੀਜ਼ਾ ਅਜਿਹਾ ਹੈ ਕਿ ਉਸ ਨੂੰ ਪ੍ਰਾਪਤ ਕਰ ਕੇ ਨਾ ਤਾਂ ਬੰਦਾ ਹੱਸ ਸਕਦੈ ਤੇ ਨਾ ਹੀ ਰੋ ਸਕਦੈ। ਉਂਜ ਵੀ ਪਾਸਪੋਰਟ 'ਤੇ ਕੋਈ ਸਟਿਕਰ ਆਦਿ ਨਹੀਂ ਲਗਦਾ ਸਗੋਂ ਇਕ ਮੋਹਰ ਜਹੀ ਲਾ ਦੇਂਦੇ ਹਨ ਜਿਵੇਂ ਕਿਸੇ ਲਾਲੇ ਦੀ ਦੁਕਾਨ ਦੇ ਸੌਦੇ ਦੀ ਰਸੀਦ 'ਤੇ ਲੱਗੀ ਹੁੰਦੀ ਹੈ।

ਜੇ ਕੋਈ ਭਾਰਤੀ, ਪਾਕਿਸਤਾਨ ਜਾਂਦਾ ਹੈ ਤਾਂ ਉਸ ਦਾ ਵੀਜ਼ਾ ਲਾਹੌਰ ਜਾਂ ਨਨਕਾਣਾ ਸਾਹਿਬ ਦਾ ਲੱਗੇਗਾ। ਪਰ ਜੇ ਉਹ ਉਥੇ ਕਿਸੇ ਹੋਰ ਸ਼ਹਿਰ ਜਾਂ ਪਿੰਡ ਵਿਚ ਜਾਣਾ ਚਾਹੁੰਦਾ ਹੈ ਤਾਂ ਇਹ ਮੁਮਕਿਨ ਨਹੀਂ। ਇਸੇ ਤਰ੍ਹਾਂ ਜੋ ਕੋਈ ਪਾਕਿ ਦਾ ਬੰਦਾ ਭਾਰਤ ਦੀ ਯਾਤਰਾ 'ਤੇ ਆਉਂਦਾ ਹੈ ਤਾਂ ਉਸ ਨੂੰ ਵੀਜ਼ਾ ਮਿਲੇਗਾ ਜਲੰਧਰ, ਹੁਸ਼ਿਆਰਪੁਰ ਜਾਂ ਪਟਿਆਲੇ ਦਾ। ਜੇ ਉਹ ਪਟਿਆਲੇ ਆ ਕੇ ਰਾਜਪੁਰਾ ਆਉਣਾ ਚਾਹੇ ਤਾਂ ਆ ਜਾ ਨਹੀਂ ਸਕਦਾ।

ਪੰਜਾਬੀਆਂ ਨਾਲ, ਧਰਮ ਅਤੇ ਸਿਆਸਤ ਦੇ ਠੇਕੇਦਾਰਾਂ ਨੇ, ਸਿਰਫ਼ 1947 ਵਿਚ ਹੀ ਠੱਗੀ ਨਹੀਂ ਮਾਰੀ ਸਗੋਂ ਅੱਜ ਵੀ ਉਹ ਅਪਣੀਆਂ ਸ਼ੈਤਾਨੀ ਚਾਲਾਂ ਨਾਲ ਸਾਨੂੰ ਇਕ-ਦੂਜੇ ਦੇ ਨੇੜੇ ਨਹੀਂ ਆਉਣ ਦੇ ਰਹੇ। ਇਸ ਝੂਠੀ-ਸੱਚੀ ਆਜ਼ਾਦੀ ਦਾ ਪੰਜਾਬੀਆਂ ਨੇ ਅਪਣਾ ਖ਼ੂਨ ਡੋਲ੍ਹ ਕੇ ਮੁੱਲ ਤਾਰਿਆ ਪਰ ਆਜ਼ਾਦੀ ਹਾਸਲ ਕਰ ਕੇ ਵੀ ਹਾਲੇ ਅਸੀ ਕੈਦ

ਹੀ ਭੁਗਤ ਰਹੇ ਹਾਂ ਤੇ ਅਪਣੇ ਭਰਾਵਾਂ ਨੂੰ ਵੀ ਨਹੀਂ ਮਿਲ ਸਕਦੇ। ਇਸ ਤੋਂ ਵੱਡੀ ਤਰਾਸਦੀ ਹੋਰ ਕੀ ਹੋਵੇਗੀ? ਦਿਲ ਮੁਹੰਮਦ ਨੇ ਅਪਣੇ ਇਲਾਕੇ ਦੇ ਐਮ.ਐਲ.ਏ. ਨੂੰ ਵੀ ਮਿਲ ਕੇ ਬਹੁਤ ਕੋਸ਼ਿਸ਼ਾਂ ਕੀਤੀਆਂ ਕਿ ਕਿਸੇ ਤਰ੍ਹਾਂ ਸਾਡਾ ਉਸ ਦੇ ਪਿੰਡ ਚੱਕ ਨੰਬਰ 17 ਦਾ ਗੇੜਾ ਲੱਗ ਜਾਵੇ ਪਰ ਉਸ ਦੀ ਕੋਈ ਪੇਸ਼ ਨਾ ਗਈ। ਸਤਲੁਜ ਤੇ ਝਨਾਅ ਦੇ ਤਾਰੂ, ਸਿਆਸਤ ਦੇ ਚਿੱਕੜ ਵਿਚ ਗੋਤੇ ਲਾਉਣ ਵਾਲੇ ਡੱਡੂਆਂ ਸਾਹਮਣੇ ਬੇਬਸ ਹੋ ਕੇ ਰਹਿ ਗਏ।

*ਇਕ ਮੁੱਦਤ ਤੋਂ ਤਰਸ ਰਹੇ ਨੇ ਖੰਭ ਸਾਡੇ ਪ੍ਰਵਾਜ਼ਾਂ ਨੂੰ*
*ਭੋਲੇਪਨ ਵਿਚ ਇਕ ਪਿੰਜਰੇ ਨੂੰ ਦਿਤਾ ਘਰ ਦਾ ਨਾਮ ਅਸੀ*

– *ਸੁਖਵਿੰਦਰ ਅੰਮ੍ਰਿਤ*

ਹੁਣ ਫਿਰ ਸਾਡਾ ਮੇਲ ਲਾਹੌਰ ਵਿਚ ਹੀ ਹੋ ਸਕਦਾ ਸੀ। ਲਾਹੌਰ ਸਾਡੇ ਕੋਲ ਦੋ ਹੀ ਦਿਨ ਸਨ ਤੇ ਮੇਰੇ ਲਈ ਇਸ ਤੋਂ ਵੱਧ ਕਰਤਾਰੀ ਪਲ ਹੋਰ ਕੀ ਹੋ ਸਕਦੇ ਸਨ ਕਿ ਮੈਂ 15 ਸਾਲ 'ਚ ਪਹਿਲੀ ਵਾਰ ਅਪਣੇ ਭਰਾ ਨੂੰ ਮਿਲਣਾ ਸੀ। 17 ਅਪ੍ਰੈਲ ਨੂੰ ਅਸੀ ਤੜਕੇ ਹੀ ਉਠ ਕੇ ਤਿਆਰ ਹੋ ਗਏ। ਅਸਗਰ ਭੱਟੀ ਨੇ ਸਾਨੂੰ ਕਲਿਆਣ ਸਿੰਘ ਦੇ ਮੋਬਾਈਲ 'ਤੇ ਫੋਨ ਕਰ ਕੇ ਦੱਸ ਦਿਤਾ ਸੀ ਕਿ ਉਹ ਸਾਨੂੰ ਲੈਣ ਆ ਰਿਹਾ ਹੈ। ਛੇਤੀ ਹੀ ਉਹ ਭੂੰਡ (ਆਟੋ) ਲੈ ਕੇ ਗੁਰਦਵਾਰਾ ਡੇਰਾ ਸਾਹਿਬ ਦੇ ਬਾਹਰ ਪੁੱਜ ਗਿਆ ਤੇ ਅਸੀ ਉਥੋਂ ਚਾਲੇ ਪਾ ਦਿਤੇ। ਮੈਂ ਮਨ ਹੀ ਮਨ ਵਿਚ ਦਿਲ ਮੁਹੰਮਦ ਬਾਰੇ ਸੋਚ ਰਿਹਾ ਸੀ। ਉਸ ਵਲੋਂ ਲਿਖੀਆਂ ਚਿੱਠੀਆਂ, ਉਸ ਦਾ ਪੰਜਾਬੀ ਮੋਹ, ਮੇਰੇ ਦਿਲ ਦੀਆਂ ਗਲੀਆਂ 'ਚੋਂ ਗੇੜੇ ਕੱਢ ਰਿਹਾ ਸੀ।

ਅਸਗ਼ਰ, ਜਸਬੀਰ ਨੂੰ ਅਪਣੀ ਬੇਗ਼ਮ ਮਿਸਬਾ ਦੀਆਂ ਗੱਲਾਂ ਸੁਣਾ ਕੇ ਖ਼ੁਸ਼ ਕਰਨ ਲੱਗਾ ਹੋਇਆ ਸੀ। ਰਾਹ ਵਿਚ ਜੇ ਕਿਤੇ ਆਟੋ ਰੁਕਦਾ ਸੀ ਤਾਂ ਲੋਕ ਮੇਰੇ ਵਲ ਵੇਖਣ ਲੱਗ ਜਾਂਦੇ ਸਨ ਕਿਉਂਕਿ ਪੱਗ ਵਾਲਾ ਬੰਦਾ ਉਨ੍ਹਾਂ ਲਈ ਵਖਰੀ ਸ਼ੈਅ ਸੀ। ਕੋਈ ਪੰਦਰਾਂ ਕੁ ਮਿੰਟ ਦੇ ਸਫ਼ਰ ਤੋਂ ਬਾਅਦ ਅਸੀ ਉਥੇ ਪੁੱਜ ਗਏ ਜਿਥੇ ਸੜਕ 'ਤੇ ਇਕ ਪਾਸੇ ਖੜਾ ਦਿਲ ਮੁਹੰਮਦ ਅਪਣੇ ਦਿਲ ਦੇ ਸਾਰੇ ਅਰਮਾਨਾਂ ਨੂੰ ਅਪਣੀਆਂ ਅੱਖਾਂ ਵਿਚ ਭਰ ਕੇ, ਸਾਡੀ ਉਡੀਕ ਕਰ ਰਿਹਾ ਸੀ। ਉਥੇ ਹੀ, ਇਕ ਮਕਾਨ ਵਿਚ, ਦਿਲ ਮੁਹੰਮਦ ਨੇ ਸਾਡੇ ਨਾਲ ਮੁਲਾਕਾਤ ਦਾ ਇੰਤਜ਼ਾਮ ਕੀਤਾ ਹੋਇਆ ਸੀ। ਅਸਗ਼ਰ ਨੇ ਆਟੋ ਸੱਜੇ ਪਾਸੇ ਰੁਕਵਾ ਦਿਤਾ ਜਦਕਿ ਦਿਲ ਮੁਹੰਮਦ ਖੱਬੇ ਪਾਸੇ ਖੜਾ ਸਾਡਾ ਰਾਹ ਵੇਖ ਰਿਹਾ ਸੀ। ਉਸ ਨੂੰ ਸਾਡੇ ਪੁੱਜਣ ਦਾ ਪਤਾ ਹੀ ਨਾ ਲੱਗਾ ਤੇ ਅਸੀ ਅਛਪੋਲੇ ਹੀ ਉਸ ਦੇ ਸਾਹਮਣੇ ਪੁੱਜ ਗਏ। ਅਗਲੇ ਹੀ ਪਲ ਜਿਵੇਂ ਸੁਪਨਿਆਂ ਦਾ ਚੰਨ ਧਰਤੀ 'ਤੇ ਉਤਰ ਆਇਆ ਹੋਵੇ। ਜਿਵੇਂ ਜ਼ਿੰਦਗੀ ਦੇ ਖੜੇ ਪਾਣੀਆਂ ਵਿਚ ਅਰਮਾਨਾਂ ਦੀ ਕੋਈ ਲਹਿਰ ਉਠ ਪਈ ਹੋਵੇ। ਮੇਰੀ ਜ਼ਿੰਦਗੀ ਦਾ ਸੁਪਨਾ, ਜ਼ਿੰਦਗੀ ਦੀ ਕਿਤਾਬ 'ਤੇ ਚਾਵਾਂ ਦੀਆਂ ਬਾਤਾਂ ਪਾ ਰਿਹਾ ਸੀ।

ਅਸੀ ਇਕ ਦੂਜੇ ਦੀਆਂ ਗਲਵਕੜੀਆਂ ਵਿਚ ਸੀ। ਉਸ ਸਮੇਂ ਸਾਡੇ ਕੋਲ ਇਕ ਦੂਜੇ ਨੂੰ ਦੇਣ ਲਈ ਹੰਝੂਆਂ ਤੋਂ ਬਿਨਾਂ ਹੋਰ ਕੀ ਹੋ ਸਕਦਾ ਸੀ? ਇਸ ਮਿਲਣੀ ਵਿਚ ਜਿਥੇ ਉਮਰਾਂ ਦਾ ਰੰਜ ਸੀ, ਉਥੇ ਅਪਣੇ ਪਿਆਰੇ ਦੀਆਂ ਬਾਹਵਾਂ ਵਿਚ ਹੋਣ ਦੀ ਤਸੱਲੀ ਵੀ ਸੀ।





*ਇਕ ਤੇਰੇ ਵਿਯੋਗ ਦਾ ਸੇਕ ਡਾਢਾ*
*ਦੂਜਾ ਉਮਰ ਦੀ ਸਿਖਰ ਦੁਪਹਿਰ ਆਈ*
*ਤੇਰੇ ਆਉਣ ਦੀ ਮਿਲੀ ਖ਼ਬਰ ਸਾਨੂੰ*
*ਸਾਡੀ ਜਾਨ ਦੇ ਵਿਚ ਜਾਨ ਆਈ*
*ਦੋਵੇਂ ਅੱਖੀਆਂ ਸਾਡੀਆਂ ਝੂਮ ਪਈਆਂ*
*ਮੱਥੇ ਵਿਚ ਨਸੀਬਾਂ ਨੇ ਪੈਲ ਪਾਈ*

– *ਅੰਮ੍ਰਿਤਾ ਪ੍ਰੀਤਮ*

ਦਿਲ ਮੁਹੰਮਦ ਨੇ ਜਿਹੜੇ ਘਰ ਵਿਚ ਸਾਡੇ ਨਾਲ ਮਿਲਣੀ ਦਾ ਇੰਤਜ਼ਾਮ ਕੀਤਾ ਸੀ, ਉਥੇ ਪੁੱਜੇ ਤਾਂ ਦਿਲ ਮੁਹੰਮਦ ਦੀ ਬੇਗ਼ਮ ਨਸੀਮ ਅਖ਼ਤਰ ਨੂੰ ਸਲਾਮ ਕੀਤੀ।

ਦਿਲ ਮੁਹੰਮਦ ਦੀ ਧੀ ਸਾਦੀਆ ਦਿਲ ਨੇ ਜਦੋਂ ਮੈਨੂੰ ਚਾਚਾ ਕਹਿ ਕੇ ਸਲਾਮ ਕੀਤੀ ਤਾਂ ਇਸ ਤਰ੍ਹਾਂ ਲਗਿਆ ਜਿਵੇਂ ਮੇਰਾ ਕੱਦ ਹੋਰ ਉੱਚਾ ਹੋ ਗਿਆ ਹੋਵੇ। ਹਾਂ ਬਈ, ਮੈਂ ਇਧਰਲੇ ਪੰਜਾਬ ਵਿਚ ਹੀ ਨਹੀਂ ਸਗੋਂ ਵਾਘੇ ਤੋਂ ਪਾਰ ਵੀ ਕਿਸੇ ਦਾ ਚਾਚਾ ਲਗਦਾਂ। ਉਸ ਦੀ ਦੂਜੀ ਧੀ ਉਜਮਾ ਦਿਲ ਬਾਜ਼ਾਰ ਗਈ ਹੋਈ ਸੀ, ਥੋੜੀ ਦੇਰ ਬਾਅਦ ਉਹ ਵੀ ਗਈ। ਉਸ ਨੇ ਵੀ ਮੈਨੂੰ ਚਾਚਾ ਕਿਹਾ ਤਾਂ ਧਰਮ ਤੇ ਸਿਆਸਤ ਦੇ ਠੱਗਾਂ ਦਾ ਕੱਦ ਮੈਨੂੰ ਬਹੁਤ ਛੋਟਾ ਲਗਿਆ। ਛੇਤੀ ਹੀ ਗੱਲਾਂ ਦਾ ਕੜਾਹ ਬਣਨ ਲੱਗ ਪਿਆ ਤੇ ਸਾਰੇ ਗੱਫੇ ਲਾਉਣ ਲੱਗ ਪਏ। ਜਸਬੀਰ ਤਾਂ ਰਸੋਈ ਵਿਚ ਰੋਟੀ ਦੀ ਤਿਆਰੀ ਕਰਵਾਉਣ ਲੱਗ ਪਈ। ਮੈਂ ਤੇ ਦਿਲ ਮੁਹੰਮਦ ਨੇ ਫਿਰ ਅਪਣੀ ਕਿਤਾਬਾਂ ਦੀ ਕਹਾਣੀ ਛੇੜ ਲਈ। ਉਹ ਮੈਨੂੰ ਬਹਾਵਲਪੁਰੀ ਦੇ ਇਕ ਲਿਖਾਰੀ ਦੀਆਂ ਬਹੁਤ ਹੀ ਕਮਾਲ ਦੀਆਂ ਕਵਿਤਾਵਾਂ ਸੁਣਾਉਣ ਲੱਗ ਪਿਆ। ਭਾਬੀ ਨਸੀਮ ਅਖ਼ਤਰ ਕਹਿਣ ਲੱਗੀ, "ਇਹਨੂੰ ਤਾਂ ਕਿਤਾਬਾਂ ਦੀਆਂ ਗੱਲਾਂ ਤੋਂ ਬਿਨਾਂ ਹੋਰ ਕੋਈ ਕੰਮ ਈ ਨਹੀਂ। ਜੇ ਕਿਤੇ ਬਾਜ਼ਾਰ ਵਿਚ ਕਿਤਾਬਾਂ ਪਈਆਂ ਵੇਖ ਲਵੇ ਤਾਂ ਫਿਰ ਅਗੇ ਟੁਰਨ ਦਾ ਨਾਂ ਹੀ ਨਹੀਂ ਲੈਂਦਾ।"

ਮੈਂ ਕਿਹਾ, "ਭਾਬੀ ਜੀ, ਇਧਰ ਵੀ ਇਸੇ ਰੋਗ ਦੇ ਮਾਰੇ ਹੋਏ ਹਾਂ। ਸੋ, ਚਿੰਤਾ ਨਾ ਕਰੋ, ਜਿਹੜੇ ਰੋਗ 'ਚ ਬੱਕਰੀ ਮਰ ਗਈ, ਉਹੀ ਰੋਗ ਪਠੋਰੀ ਨੂੰ।"

ਦਿਲ ਮੁਹੰਮਦ ਨੂੰ ਪੰਜਾਬੀ ਨਾਲ ਜਨੂਨ ਦੀ ਹੱਦ ਤਕ ਮੋਹ ਹੈ। ਉਸ ਨੇ ਅਪਣੇ ਪਿੰਡ ਵਿਚ ਹੀ ਸਕੂਲ ਖੋਲ੍ਹਿਆ ਹੋਇਐ। ਉਹ ਮੈਨੂੰ ਦੱਸਣ ਲੱਗਾ "ਮੈਂ ਅਪਣੇ ਸਕੂਲ ਵਿਚ ਵੀ ਪੰਜਾਬੀ ਹੀ ਪੜ੍ਹਾਉਂਦਾ ਹਾਂ। ਮੇਰੇ ਪਿੰਡ ਦੇ ਕਈ ਬੰਦੇ ਕਹਿੰਦੇ ਨੇ ਕਿ ਮੈਂ ਬੱਚਿਆਂ ਨੂੰ ਸਿੱਖਾਂ ਦੀ ਬੋਲੀ ਪੜ੍ਹਾਉਣ ਲੱਗਾ ਹੋਇਆਂ। ਮੈਂ ਗੁੱਸੇ ਵਿਚ ਕਹਿੰਦਾ ਹਾਂ ਕਿ ਸਿੱਖ ਪੰਜਾਬੀ ਦੇ ਮਾਮੇ ਲਗਦੇ ਨੇ?" ਉਸ ਨੂੰ ਇਸ ਗੱਲ ਦਾ ਬੇਹੱਦ ਦੁੱਖ ਹੈ ਕਿ ਲਹਿੰਦੇ ਪੰਜਾਬ ਵਿਚ ਉਰਦੂ ਦਾ ਗ਼ਲਬਾ ਪਾ ਕੇ ਪੰਜਾਬੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਲੋਕ ਅਪਣੀ ਬੋਲੀ ਛੱਡ ਕੇ ਉਰਦੂ ਦੇ ਮੋਢਿਆਂ 'ਤੇ ਸਵਾਰ ਹੋ ਰਹੇ ਹਨ।

*ਕੋਟ ਸੀ ਬਣਾਉਣਾ ਫਿਰੇ ਨਿੱਕਰਾਂ ਦਾ ਮੇਚ ਲੈਂਦਾ,*
*ਲਿਆਉਣੀ ਸਲਵਾਰ ਤੇ ਕਮੀਜ਼ ਲੈਂਦਾ ਫਿਰੇ ਨਾਪ ਦੀ ।*

*ਹੋਇਆ ਅਧਰੰਗ ਵੈਦ ਖੰਘ ਦੀ ਦਵਾਈ ਕਰੇ*
*ਪੇਟ ਦਰਦ ਨੂੰ ਕਰੂ ਕੀ ਗੋਲੀ ਤਾਪ ਦੀ ।*

*ਮਾਦਰੀ ਜ਼ਬਾਨ ਛੱਡ, ਗ਼ੈਰਾਂ ਦੇ ਮਗਰ ਲੱਗਾ,*
*ਇਹਤੋਂ ਵੱਧ ਬੇਵਕੂਫ਼ਾ ਗੱਲ ਕਿਹੜੀ ਪਾਪ ਦੀ ।*

*(ਬਾਬੂ ਰਜਬ ਅਲੀ)*

ਦਿਲ ਮੁਹੰਮਦ ਨੇ ਗੁਰਮੁਖੀ ਆਬੂਧਾਬੀ ਰਹਿੰਦੇ ਸਮੇਂ ਏਧਰਲੇ ਪੰਜਾਬ ਦੇ ਇਕ ਪੰਜਾਬੀ ਤੋਂ ਸਿਖੀ ਸੀ। ਉਸ ਨੇ ਹੋਰ ਕਮਾਲ ਦੀ ਗੱਲ ਦੱਸੀ ਕਿ "ਇਕ ਵਾਰ ਮੈਂ ਚੜ੍ਹਦੇ ਪੰਜਾਬ ਦੇ ਇਕ ਬੰਦੇ ਨਾਲ ਸਹੀ ਪੰਜਾਬੀ ਲਿਖਣ ਦੇ ਮੁਕਾਬਲੇ ਵਿਚ 500 ਡਾਲਰ ਦੀ ਸ਼ਰਤ ਜਿੱਤ ਲਈ ਸੀ ਪਰ ਮੈਂ ਪੰਜ ਸੌ ਡਾਲਰ ਇਹ ਕਹਿ ਕੇ ਨਾ ਲਏ ਕਿ ਆਪਾਂ ਘਰ ਤੋਂ ਏਨੀ ਦੂਰ ਰੋਜ਼ੀ ਰੋਟੀ ਲਈ ਆਏ ਹਾਂ ਤੇ ਸਾਡੇ ਲਈ 500 ਡਾਲਰ ਬਹੁਤ ਵੱਡੀ ਰਕਮ ਹੈ। ਚਲ ਤੂੰ ਠੰਢੇ ਹੀ ਪਿਆ ਦੇ, ਫਿਰ ਵੀ ਸਾਡਾ ਪੰਜਾਬੀ ਭਰਾ ਏਂ।"

ਦਿਲ ਮੁਹੰਮਦ ਪੰਜਾਬੀ ਤੋਂ ਇਲਾਵਾ, ਹਿੰਦੀ, ਅੰਗਰੇਜ਼ੀ, ਉਰਦੂ, ਅਰਬੀ, ਪਰਸ਼ੀਅਨ ਤੇ ਫ਼ਾਰਸੀ ਵੀ ਜਾਣਦਾ ਹੈ। ਅਸੀ ਹਾਲੇ ਅਪਣੇ ਗੀਤ ਗਾ ਹੀ ਰਹੇ ਸੀ ਕਿ ਖਾਣਾ ਤਿਆਰ ਹੋ ਗਿਆ। ਦਿਲ ਮੁਹੰਮਦ ਦਾ ਪੁੱਤਰ ਕਾਸ਼ਿਫ਼ ਨਦੀਮ ਵੀ ਅਪਣੀ ਡਿਊਟੀ ਤੋਂ ਪੁੱਜ ਗਿਆ। ਉਹ ਮੈਨੂੰ ਕਹਿਣ ਲੱਗਾ, "ਕੋਈ ਵੀ ਦਿਨ ਅਜਿਹਾ ਨਹੀਂ ਹੁੰਦਾ ਜਦੋਂ ਅੱਬਾ ਤੁਹਾਡਾ ਜ਼ਿਕਰ ਨਹੀਂ ਕਰਦੇ।" ਮੈਂ ਉਸ ਨੂੰ ਕਲਾਵੇ ਵਿਚ ਲੈ ਲਿਆ। ਉਸ ਦਿਨ ਤੋਂ ਵੱਧ ਚੰਗਾ ਦਿਨ ਹੋਰ ਸਾਡੇ ਲਈ ਕਿਹੜਾ ਹੋ ਸਕਦਾ ਸੀ। ਸਚਮੁਚ ਦਿਲ ਮੁਹੰਮਦ ਤੇ ਮੇਰੇ ਲਈ ਤਾਂ ਉਸ ਦਿਨ ਹੀ ਈਦ ਸੀ।

*ਸੱਭ ਲੋਕਾਂ ਨੇ ਈਦ ਮਨਾਈ ਚੰਨ ਦੇ ਦਰਸ਼ਨ ਕਰ ਕੇ,*
*ਇਕ ਦੂਜੇ ਨੂੰ ਜੱਫੀਆਂ ਪਾਉਂਦੇ ਮੋਸ਼ੇ ਮੋਸ਼ੇ ਕਰ ਕੇ,*
*ਅਸੀ ਮਨਾਈ ਈਦ ਯਾਰ ਦਿਆਂ ਕਦਮਾਂ ਵਿਚ ਸਿਰ ਧਰ ਕੇ,*
*ਐਸਾ ਸੀਨੇ ਨਾਲ ਲਾਇਆ ਕਿ ਤਸੱਲੀ ਹੋ ਗਈ,*
*ਨਿਗਾਹ ਸਾਡੇ ਯਾਰ ਦੀ ਸਵੱਲੀ ਹੋ ਗਈ ।*

*(ਗੁਰਦਾਸ ਮਾਨ)*

ਉਸ ਦੇ ਦਿਲ ਵਿਚ 47 ਤੋਂ ਪਹਿਲਾਂ ਦੇ ਪੰਜਾਬ ਦਾ ਨਕਸ਼ਾ ਕਿਵੇਂ ਉਕਰਿਆ ਹੋਇਐ, ਪੰਜ ਦਰਿਆਵਾਂ ਦੀ ਧਰਤੀ ਨਾਲ ਉਸ ਨੂੰ ਕਿੰਨਾ ਮੋਹ ਹੈ, ਇਸ ਦਾ ਅੰਦਾਜ਼ਾ ਉਸ ਦੇ ਇਨ੍ਹਾਂ ਬੋਲਾਂ ਤੋਂ ਹੀ ਲਾਇਆ ਜਾ ਸਕਦੈ, "ਬਹੁਤੇ ਲੋਕ ਤਾਂ ਜਦੋਂ ਗੱਲ ਕਰਦੇ ਹਨ ਤਾਂ ਉਹ ਲਹਿੰਦੇ ਤੇ ਚੜ੍ਹਦੇ ਪੰਜਾਬ ਦਾ ਜ਼ਿਕਰ ਕਰਦੇ ਹਨ ਪਰ ਮੈਂ ਤਾਂ ਲਹਿੰਦਾ ਤੇ ਚੜ੍ਹਦਾ





ਕੁੱਝ ਵੀ ਨਹੀਂ ਕਹਿੰਦਾ। ਜੇ ਮੈਂ ਜਲੰਧਰ ਦੀ ਗੱਲ ਕਰਨੀ ਹੋਵੇ ਤਾਂ ਮੈਂ ਕਦੇ ਨਹੀਂ ਕਹਿੰਦਾ ਕਿ ਜਲੰਧਰ ਚੜ੍ਹਦੇ ਪੰਜਾਬ ਵਿਚ ਹੈ। ਮੈਂ ਕਹਿੰਦਾ ਹਾਂ ਕਿ ਲੁਧਿਆਣੇ ਦੇ ਨੇੜੇ ਪੈਂਦਾ ਜਲੰਧਰ ਜਾਂ ਅਪਣਾ ਪਟਿਆਲਾ ਤਾਂ ਰਾਜਪੁਰੇ ਦੇ ਨੇੜੇ ਹੀ ਹੈ।" ਜਦੋਂ ਉਹ ਇਹ ਸ਼ਬਦ ਬੋਲ ਰਿਹਾ ਸੀ ਤਾਂ ਉਸ ਦੇ ਬੋਲ ਪੰਜ ਪਾਣੀਆਂ ਨਾਲ ਇਕਮਿਕ ਹੋਏ ਲਗਦੇ ਸਨ।

ਅਪਣੇ ਪਿਆਰੇ ਦੇ ਗਲ ਲੱਗ ਕੇ ਮਿਲਣਾ ਵੀ ਜ਼ਿੰਦਗੀ ਦਾ ਬਹੁਤ ਵੱਡਾ ਇਨਾਮ ਹੁੰਦਾ ਹੈ। ਉਸ ਸਮੇਂ ਇਸ ਤਰ੍ਹਾਂ ਲਗਦੈ ਕਿ ਅੱਜ ਅਸੀ ਅਪਣੇ ਮੂੰਹ ਤੋਂ ਚਾਹੇ ਕੁੱਝ ਵੀ ਉਚਾਰ ਦਈਏ, ਉਹ ਸੱਚ ਹੋ ਜਾਵੇਗਾ। ਉਸ ਹਾਲਤ ਨੂੰ ਪ੍ਰਗਟਾਉਣ ਲਈ ਫਿਰ ਬਾਬਾ ਬੁਲ੍ਹੇ ਸ਼ਾਹ ਤੋਂ ਚੰਗੇ ਸ਼ਬਦ ਕੀਹਦੇ ਕੋਲ ਹੋ ਸਕਦੇ ਹਨ:

*ਅੱਜ ਤਾਂ ਦਿਨ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ*
*ਹੱਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ*
*ਆਉ ਸਈਉਂ ਰਲ ਦਿਉ ਨੀ ਵਧਾਈ, ਮੈਂ ਵਰ ਪਾਇਆ ਰਾਂਝਣ ਮਾਹੀ*

ਜੇ ਤੁਸੀ ਲਾਹੌਰ ਗਏ ਤਾਂ ਇਕ ਵਾਰੀ ਦਿਲ ਮੁਹੰਮਦ ਦੇ ਫ਼ੋਨ ਨੰਬਰ 00923464346401 'ਤੇ ਘੰਟੀ ਜ਼ਰੂਰ ਮਾਰਿਉ। ਉਹ ਤੁਹਾਡੇ ਸੁਨੇਹੇ ਨੂੰ ਰੱਬ ਦੀ ਆਵਾਜ਼ ਮੰਨ ਕੇ, ਭੱਜ ਉਠੇਗਾ। ਜਦੋਂ ਤੁਸੀ ਉਸ ਦੀ ਪੰਜ ਪਾਣੀਆਂ ਦੀ ਲਹਿਰ ਵਰਗੀ ਜੱਫੀ ਵਿਚ ਹੋਵੋਗੇ ਤਾਂ ਤੁਹਾਨੂੰ ਯਕੀਨ ਨਹੀਂ ਆਉਣਾ ਕਿ ਕਿਸੇ ਦੇ ਕਲਾਵੇ ਵਿਚ ਏਨਾ ਨਿੱਘ ਵੀ ਹੋ ਸਕਦੈ। ਜਦੋਂ ਤੁਸੀ ਉਸ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖੋਗੇ ਤਾਂ ਮੁਹੱਬਤ ਦੇ ਉਹ ਵਲਵਲੇ ਨਜ਼ਰ ਆਉਣਗੇ ਜਿਨ੍ਹਾਂ ਨੂੰ ਮਾਣਨ ਤੋਂ ਬਾਅਦ ਰੂਹ 'ਚੋਂ ਆਵਾਜ਼ ਆਵੇਗੀ ਕਿ ਸਾਡਾ ਦੁਨੀਆਂ 'ਚ ਆਉਣਾ ਬੇਕਾਰ ਨਹੀਂ ਗਿਆ।

# ਇਹ ਜੱਗ ਸਰਾਏ ਮੁਸਾਫ਼ਰਾਂ ਦੀ

ਲਾਹੌਰ ਦਾ ਸ਼ਾਹੀ ਕਿਲ੍ਹਾ ਵੇਖਣ ਦੀ ਮੇਰੀ ਲੰਬੇ ਸਮੇਂ ਤੋਂ ਇੱਛਾ ਸੀ। ਦੂਜੇ ਦਿਨ ਅਸੀ ਸ਼ਾਹੀ ਕਿਲ੍ਹੇ ਵਲ ਚਾਲੇ ਪਾ ਦਿਤੇ। ਸ਼ਾਹੀ ਕਿਲ੍ਹਾ ਗੁਰਦਵਾਰਾ ਡੇਹਰਾ ਸਾਹਿਬ ਦੇ ਨਾਲ ਹੀ ਲਗਦਾ ਹੈ। ਦਿਲ ਮੁਹੰਮਦ ਸਾਨੂੰ ਉਥੇ ਹੀ ਦਰਵਾਜ਼ੇ 'ਤੇ ਮਿਲ ਗਿਆ। ਉਹ ਰਾਤ ਲਾਹੌਰ ਹੀ ਠਹਿਰਿਆ ਸੀ ਜਦਕਿ ਬਾਕੀ ਪ੍ਰਵਾਰ ਨੂੰ ਵਾਪਸ ਪਿੰਡ ਭੇਜ ਦਿਤਾ ਸੀ। ਅਸੀ ਰਾਤ ਨੂੰ ਗੁਰਦਵਾਰਾ ਡੇਹਰਾ ਸਾਹਿਬ ਵਿਖੇ ਪੁੱਜ ਗਏ ਸੀ। ਥੋੜੀ ਦੇਰ 'ਚ ਹੀ ਅਸਗਰ ਭੱਟੀ ਵੀ ਉਥੇ ਆ ਗਿਆ। ਜਦੋਂ ਅਸੀ ਕਿਲ੍ਹੇ ਦੇ ਦਰਵਾਜ਼ੇ ਤੋਂ ਟਿਕਟ ਲੈਣ ਲੱਗੇ ਤਾਂ ਉਥੇ ਅਜੀਬੋ-ਗ਼ਰੀਬ ਹਾਲਾਤ ਦਾ ਸਾਹਮਣਾ ਕਰਨਾ ਪਿਆ। ਟਿਕਟ ਦੇਣ ਵਾਲਾ ਕਹਿੰਦਾ, "ਵਿਦੇਸ਼ੀਆਂ ਲਈ ਟਿਕਟ 200 ਰੁਪਏ ਹੈ ਤੇ ਪਾਕਿਸਤਾਨੀਆਂ ਲਈ ਦਸ ਰੁਪਏ।" ਮੈਂ ਸੋਚਿਆ ਕਿ ਇਹ ਉਹੀ ਦਰਵਾਜ਼ਾ ਹੈ, ਜਿਥੇ ਕਦੇ ਖ਼ਾਲਸਾਈ ਫ਼ੌਜ ਦਾ ਜਾਹੋ-ਜਲਾਲ, ਦੁਨੀਆਂ ਦੀ ਕਿਸੇ ਵੀ ਵੱਡੀ ਤੋਂ ਵੱਡੀ ਸਲਤਨਤ ਨੂੰ, ਮਾਤ ਪਾਉਂਦਾ ਸੀ ਤੇ ਜਿਥੇ ਖਲੋ ਕੇ ਜਦੋਂ ਹਰੀ ਸਿੰਘ ਨਲੂਏ ਵਰਗੇ ਸ਼ੇਰ ਗਰਜਦੇ ਸਨ ਤਾਂ ਪਠਾਨਾਂ ਦੀਆਂ ਰੂਹਾਂ ਨੂੰ ਕਾਬਲ, ਕੰਧਾਰ ਤਕ ਕਾਂਬਾ ਛਿੜ ਪੈਂਦਾ ਸੀ। ਅੱਜ ਉਸੇ ਧਰਤੀ 'ਤੇ ਅਸੀ 'ਬਗਾਨੇ' ਹੋਣ ਦਾ 'ਮਾਣ' ਹਾਸਲ ਕਰ ਲਿਆ ਸੀ। ਸਮੇਂ ਦਾ ਕਿੰਨਾ ਵੱਡਾ ਮਖ਼ੌਲ ਸੀ, ਇਸ ਦਾ ਮੈਨੂੰ ਕਿਲ੍ਹੇ ਅੰਦਰ ਵੜ ਕੇ ਬੁਰੀ ਤਰ੍ਹਾਂ ਅਹਿਸਾਸ ਹੋਇਆ। ਮੈਨੂੰ ਸ਼ਾਹ ਮੁਹੰਮਦ ਦੇ ਬੋਲ ਯਾਦ ਆ ਗਏ:

*ਇਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,*
*ਦਗ਼ੇਬਾਜ਼ ਦਾ ਧਾਰ ਕੇ ਭੇਸ ਮੀਆਂ।*
*ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,*
*ਸਦਾ ਨਹੀਂ ਜੇ ਬਾਲ ਵਰੇਸ ਮੀਆਂ।*
*ਸਦਾ ਨਹੀਂ ਦੌਲਤਾਂ ਫ਼ੀਲ ਘੋੜੇ,*
*ਸਦਾ ਨਹੀਂ ਜੇ ਰਾਜਿਆ ਦੇਸ਼ ਮੀਆਂ।*
*ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,*
*ਸਦਾ ਰਹਿਣੇ ਨਾ ਕਾਲੜੇ ਕੇਸ ਮੀਆਂ।*

ਟਿਕਟਾਂ ਲੈ ਕੇ ਅੰਦਰ ਗਏ ਤਾਂ ਅੱਗੇ ਇਕ ਬੋਰਡ 'ਤੇ ਕਿਲ੍ਹੇ ਬਾਰੇ ਜਾਣਕਾਰੀ ਦਿਤੀ ਹੋਈ ਸੀ। ਸਾਰੀ ਜਾਣਕਾਰੀ ਉਰਦੂ ਅਤੇ ਅੰਗਰੇਜ਼ੀ ਵਿਚ ਸੀ, ਪੰਜਾਬੀ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਦਿਲ ਮੁਹੰਮਦ ਕਹਿੰਦਾ, "ਵੇਖੋ, ਹੈ ਨਾ ਠੱਗੀ? ਪੰਜਾਬ ਦੀ ਰਾਜਧਾਨੀ ਹੋਵੇ ਤੇ ਪੰਜਾਬ ਦਾ ਕਿਲ੍ਹਾ ਹੋਵੇ ਪਰ ਪੰਜਾਬੀ ਨੂੰ ਹੀ ਦੇਸ਼ ਨਿਕਾਲਾ ਦਿਤਾ





ਹੋਵੇ?" ਸਚਮੁਚ ਹੀ ਉਸ ਧਰਤੀ ਉਤੇ, ਜਿਥੇ ਦੁਨੀਆਂ ਵਿਚ ਸੱਭ ਤੋਂ ਵੱਧ ਪੰਜਾਬੀ ਬੋਲੀ ਬੋਲਣ ਵਾਲੇ ਰਹਿੰਦੇ ਹਨ, ਪੰਜਾਬੀ ਦੀ ਹਾਲਤ ਦਾਸੀਆਂ ਤੋਂ ਵੀ ਮਾੜੀ ਹੋਈ ਪਈ ਹੈ।

*ਫਿਰ ਨੁਕਸਾਨ ਉਠਾਇਆ ਉਰਦੂ, ਘਰ ਜੰਮ ਵੈਰੀ ਤੋਂ,*
*ਟੁੱਟ ਪੈਣੇ ਨੇ ਕੱਢ 'ਤੀ, ਬਾਹੋਂ ਪਕੜ ਕਚਹਿਰੀ 'ਚੋਂ।*
*ਅਣ ਪੁੱਜ ਕੀ ਕਰ ਸਕਦੀ, ਜ਼ਹਿਰ ਬਥੇਰਾ ਘੋਲੀ ਦਾ,*
*ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।*

*(ਬਾਬੂ ਰਜਬ ਅਲੀ)*



*ਜਲਾਲ-ਉਦ-ਦੀਨ ਮੁਹੰਮਦ ਅਕਬਰ*

ਲਾਹੌਰ ਦੇ ਸ਼ਾਹੀ ਕਿਲ੍ਹੇ ਦੀ ਸ਼ੁਰੂਆਤ ਦਾ ਦੌਰ ਮੁਗ਼ਲ ਕਾਲ ਨਾਲ ਜੁੜਦਾ ਹੈ। ਜਲਾਲ-ਉਦ-ਦੀਨ ਮੁਹੰਮਦ ਅਕਬਰ (1556-1605 ਈਸਵੀ) ਨੇ ਸੱਭ ਤੋਂ ਪਹਿਲਾਂ ਇਸ ਕਿਲ੍ਹੇ ਦੀ ਉਸਾਰੀ ਕਰਵਾਈ ਸੀ। ਨੂਰ-ਉਦ-ਦੀਨ ਜਹਾਂਗੀਰ (1605-1627 ਈਸਵੀ) ਤੇ ਸਾਹਿਬ-ਉਦ-ਦੀਨ ਸ਼ਾਹ ਜਹਾਨ (1627-1658) ਈਸਵੀ ਨੇ ਇਸ ਵਿਚ ਵੱਖ-ਵੱਖ ਮਹਿਲ ਬਣਾ ਕੇ, ਇਸ ਦੀ ਇਮਾਰਤਸਾਜ਼ੀ ਵਿਚ ਵਾਧਾ ਕੀਤਾ। ਔਰੰਗਜ਼ੇਬ ਆਲਮਗੀਰ (1658-1707) ਨੇ ਕਿਲ੍ਹੇ ਦੇ ਆਲਮਗੀਰੀ ਗੇਟ ਸਾਹਮਣੇ ਬਾਦਸ਼ਾਹੀ ਮਸਜਿਦ ਦੀ ਉਸਾਰੀ ਕਰਵਾਈ। ਲਾਹੌਰ ਦੇ ਇਤਿਹਾਸ ਦਾ ਸਿੱਖਾਂ ਨਾਲ ਵੀ ਗੂੜ੍ਹਾ ਸਬੰਧ ਰਿਹਾ ਹੈ। 1767 ਈਸਵੀ ਤੋਂ 1798 ਈਸਵੀ ਤਕ ਲਾਹੌਰ 'ਤੇ ਤਿੰਨ ਸਿੱਖ ਸਰਦਾਰਾਂ ਗੁੱਜਰ ਸਿੰਘ, ਲਹਿਣਾ ਸਿੰਘ ਤੇ ਸ਼ੋਭਾ ਸਿੰਘ ਨੇ ਰਾਜ ਕੀਤਾ। 1799 ਤੋਂ 1839 ਤਕ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਖ਼ਾਲਸਾ ਰਾਜ ਦੇ ਝੰਡੇ ਝੂਲਦੇ ਰਹੇ।

ਕਿਲ੍ਹੇ ਵਿਚ ਅਕਬਰ ਦੇ ਸਮੇਂ ਦੀਆਂ ਬਣੀਆਂ ਬਹੁਤੀਆਂ ਇਮਾਰਤਾਂ, ਸਮੇਂ ਦੀ ਗਰਦ ਵਿਚ ਗੁਆਚ ਚੁਕੀਆਂ ਹਨ। ਸਿਰਫ਼ ਇਕੋ ਇਮਾਰਤ 'ਮਸਤੀ ਗੇਟ' ਹਾਲੇ ਵੀ ਸਮੇਂ ਦੀਆਂ ਹਨੇਰੀਆਂ ਸਾਹਮਣੇ ਅੜ ਕੇ ਖੜਾ ਹੈ। ਕਿਲ੍ਹੇ ਦਾ ਸ਼ਾਹੀ ਬੁਰਜ ਗੇਟ 1631-32 ਵਿਚ ਬਣਾਇਆ ਗਿਆ ਸੀ। ਕਿਲ੍ਹੇ ਦੀ ਸ਼ਾਨ ਆਲਮਗੀਰੀ ਗੇਟ, ਜਿਹੜਾ ਕਿ ਇਸ ਸਮੇਂ ਕਿਲ੍ਹੇ ਦਾ ਵੱਡਾ ਦਰਵਾਜ਼ਾ ਹੈ, ਔਰੰਗਜ਼ੇਬ ਨੇ 1673-74 ਵਿਚ ਬਣਾਇਆ ਸੀ। ਕਿਲ੍ਹੇ ਵਿਚ ਬਣੀ ਮੋਤੀ ਮਸਜਿਦ ਵੀ ਅਪਣੀ ਕਲਾ ਵਿਚ ਬੇਜੋੜ ਹੈ। ਇਸ ਨੂੰ ਸ਼ਾਹ ਜਹਾਨ ਨੇ 1645 ਈਸਵੀ ਵਿਚ ਬਣਵਾਇਆ ਸੀ। ਮੁਗ਼ਲ ਬਾਦਸ਼ਾਹਾਂ ਨੇ ਇਸ ਤਰ੍ਹਾਂ ਦੀਆਂ ਹੀ ਮਸਜਿਦਾਂ ਦਿੱਲੀ ਅਤੇ ਆਗਰਾ ਦੇ ਕਿਲ੍ਹਿਆਂ ਵਿਚ ਵੀ ਬਣਵਾਈਆਂ। ਇਨ੍ਹਾਂ ਨੂੰ ਬਣਾਉਣ ਵਿਚ ਚਿੱਟੇ ਸੰਗਮਰਮਰ ਦੀ ਵਰਤੋਂ ਕੀਤੀ ਗਈ। ਕਿਲ੍ਹੇ ਵਿਚ ਬਣੀ ਹੋਈ ਅੱਠ ਦਰਾ

ਇਮਾਰਤ ਨੂੰ ਮਹਾਰਾਜਾ ਰਣਜੀਤ ਸਿੰਘ ਅਪਨੀ ਅਦਾਲਤ ਵਜੋਂ ਵਰਤਦਾ ਸੀ। ਇਸ ਨੂੰ ਬਣਾਉਣ ਲਈ ਚਿੱਟੇ ਅਤੇ ਲਾਲ ਸੰਗਮਰਮਰ ਦੀ ਵਰਤੋਂ ਕੀਤੀ ਗਈ ਹੈ। ਸ਼ਾਹੀ ਕਿਲ੍ਹੇ ਵਿਚ ਤਿੰਨ ਅਜਾਇਬ ਘਰ ਹਨ। ਮੁਗ਼ਲ ਗੈਲਰੀ ਖ਼੍ਵਾਬਗਾਹ ਜਹਾਂਗੀਰ ਵਿਚ, ਅਸਲਾਖ਼ਾਨਾ ਅਜਾਇਬ ਘਰ ਦਲਾਨ-ਏ-ਸੰਗ ਵਿਚ ਤੇ ਸਿੱਖ ਗੈਲਰੀ ਮਹਾਰਾਣੀ ਜਿੰਦਾਂ ਦੀ ਹਵੇਲੀ ਵਿਚ ਬਣੀ ਹੋਈ ਹੈ। ਮੁਗ਼ਲ ਗੈਲਰੀ ਵਿਚ ਇਤਿਹਾਸਕ ਖਰੜੇ, ਪੁਰਾਣੇ ਚਿੱਤਰ, ਸਿੱਕੇ ਆਦਿ ਰੱਖੇ ਹੋਏ ਹਨ। ਅਸਲਾ ਅਜਾਇਬ ਘਰ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਵਿਚ ਵਰਤੇ ਗਏ ਹਥਿਆਰ ਰੱਖੇ ਹੋਏ ਹਨ। ਮਹਾਰਾਣੀ ਬੰਬਾ ਵਲੋਂ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੀਆਂ ਚੀਜ਼ਾਂ ਸਿੱਖ ਗੈਲਰੀ ਵਿਚ ਰਖੀਆਂ ਹੋਈਆਂ ਹਨ।



*ਮਹਾਰਾਜਾ ਰਣਜੀਤ ਸਿੰਘ*

ਮਹਾਰਾਣੀ ਬੰਬਾ ਦੀ 10 ਮਾਰਚ, 1957 ਨੂੰ ਲਾਹੌਰ ਵਿਚ ਮੌਤ ਹੋ ਗਈ ਸੀ। ਉਸ ਨੇ ਅਪਣੀਆਂ ਸਿੱਖ ਰਾਜ ਦੀਆਂ ਦੁਰਲੱਭ ਵਸਤਾਂ ਨੂੰ ਪੀਰ ਕਰੀਮ ਬਖ਼ਸ਼ ਸਪਰਾ ਨੂੰ ਸੌਂਪ ਦਿਤਾ ਸੀ ਜਿਸ ਨੇ ਉਨ੍ਹਾਂ ਨੂੰ ਪਾਕਿਸਤਾਨ ਸਰਕਾਰ ਨੂੰ ਵੇਚ ਦਿਤਾ। ਹੁਣ ਉਹ ਸਿੱਖ ਗੈਲਰੀ ਵਿਚ ਰਖੀਆਂ ਹੋਈਆਂ ਹਨ। ਅਸੀ ਇਲਿਆਸ ਭੱਟੀ ਵਲੋਂ ਕਿਲ੍ਹੇ ਬਾਰੇ ਲਿਖਿਆ ਇਕ ਕਿਤਾਬਚਾ ਲੈ ਲਿਆ। ਇਸ ਵਿਚ ਕਿਲ੍ਹੇ ਦੇ ਇਤਿਹਾਸ ਅਤੇ ਇਮਾਰਤਾਂ ਬਾਰੇ ਬਹੁਤ ਹੀ ਸੁਚੱਜੇ ਢੰਗ ਨਾਲ ਜਾਣਕਾਰੀ ਦਿਤੀ ਗਈ ਹੈ। ਅਸੀ ਇਕ ਗਾਈਡ ਕਰ ਲਿਆ। ਉਹ ਮੇਰੀ ਪੱਗ ਵੇਖ ਕੇ ਹੀ ਸਾਡੇ ਕੋਲ ਆਇਆ ਸੀ। ਉਸ ਨੇ ਅਪਣੇ ਪੇਸ਼ੇਵਰ ਅੰਦਾਜ਼ ਵਿਚ ਸ਼ੁਰਲੀ ਛੱਡੀ, "ਮੈਂ ਤੁਹਾਨੂੰ ਵੇਖ ਕੇ ਹੀ ਇਧਰ ਆਇਆ ਹਾਂ, ਸੋਚਿਆ ਕਿ ਅੱਜ ਸਰਦਾਰਾਂ ਨੂੰ ਚੰਗੀ ਤਰ੍ਹਾਂ ਉਨ੍ਹਾਂ ਦੇ 'ਤਖ਼ਤ' ਦੇ ਦਰਸ਼ਨ ਕਰਵਾ ਦਈਏ।" ਅਜਿਹਾ ਕਹਿੰਦੇ ਸਮੇਂ ਉਹ ਵਿਅੰਗ ਕਰ ਰਿਹਾ ਸੀ ਜਾਂ ਸਹਿਜ ਸੁਭਾਅ ਕਹਿ ਰਿਹਾ ਸੀ, ਇਸ ਦਾ ਪਤਾ ਲਾਉਣਾ ਬਹੁਤ ਔਖਾ ਸੀ। ਉਸ ਨੇ ਸਾਡਾ ਕੰਮ ਕਾਫ਼ੀ ਸੌਖਾ ਕਰ ਦਿਤਾ। ਕਿਲ੍ਹੇ ਦੀਆਂ ਬਹੁਤੀਆਂ ਇਮਾਰਤਾਂ ਭਾਵੇਂ ਢਹਿ-ਢੇਰੀ ਹੋ ਗਈਆਂ ਹਨ ਪਰ ਇਸ ਦਾ ਜਲੌਅ ਹਾਲੇ ਵੀ ਵੇਖਿਆਂ ਹੀ ਬਣਦਾ ਹੈ। ਸਿੱਖ ਗੈਲਰੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਘੋੜੇ ਦੀ ਨਸਲ ਦਾ ਘੋੜਾ, ਉਸ ਤਰ੍ਹਾਂ ਹੀ ਤਿਆਰ-ਬਰ-ਤਿਆਰ ਖੜਾ ਹੈ ਜਿਵੇਂ ਰਣਜੀਤ ਸਿੰਘ ਹੁਣੇ ਉਸ ਉਤੇ ਆ ਕੇ ਸਵਾਰ ਹੋਵੇਗਾ।

ਸਿੱਖਾਂ ਦੀਆਂ ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ ਨੂੰ ਅੰਗਰੇਜ਼ ਚਿੱਤਰਕਾਰਾਂ ਨੇ





ਬਹੁਤ ਹੀ ਕਮਾਲ ਦੇ ਢੰਗ ਨਾਲ ਚਿਤਰਿਆ ਹੈ। ਕਈ ਤਸਵੀਰਾਂ ਵਿਚ ਤਾਂ ਸਿੰਘਾਂ ਵਲੋਂ ਅੰਗਰੇਜ਼ਾਂ ਦੇ ਆਹੂ ਲਾਹੁਣ ਦਾ ਬਹੁਤ ਹੀ ਕਮਾਲ ਦਾ ਨਜ਼ਾਰਾ ਪੇਸ਼ ਕੀਤਾ ਗਿਆ ਹੈ। ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ ਨੂੰ ਫਿਰ ਸ਼ਾਹ ਮੁਹੰਮਦ ਦੇ ਬੋਲ ਹੀ ਅਸਲ ਵਿਚ ਪ੍ਰਗਟਾਉਂਦੇ ਹਨ :

*ਉਧਰ ਆਪ ਫਰੰਗੀ ਨੂੰ ਭਾਂਜ ਆਈ,*
*ਦੌੜੇ ਜਾਣ ਗੋਰੇ ਦਿਤੀ ਕੰਡ ਮੀਆਂ ।*
*ਚਲੇ ਤੋਪਖਾਨੇ ਸਾਰੇ ਗੋਰਿਆਂ ਦੇ,*
*ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ ।*
*ਕਿਨ੍ਹੇ ਜਾ ਕੇ ਲਿਆ ਕੇ ਖ਼ਬਰ ਦਿਤੀ,*
*ਨੰਦਨ ਹੋਇ ਬੈਠੀ ਤੇਰੀ ਰੰਡ ਮੀਆਂ ।*
*ਸ਼ਾਹ ਮੁਹੰਮਦਾ ਵੇਖ ਮੈਦਾਨ ਜਾ ਕੇ,*
*ਉਡਦੀ ਗੋਰਿਆਂ ਦੀ ਪਈ ਝੰਡ ਮੀਆਂ ।*

ਪੰਜ ਪਾਣੀਆਂ ਦੇ ਵਾਰਸਾਂ ਨੇ ਕਿਵੇਂ ਮੈਦਾਨ-ਏ-ਜੰਗ ਵਿਚ ਫ਼ਰੰਗੀਆਂ ਦੀਆਂ ਨਾਸਾਂ ਵਿਚ ਮਿੱਟੀ ਪਾਈ, ਸ਼ਾਹ ਮੁਹੰਮਦ ਦੀ ਕਲਮ ਫਿਰ ਪੈਲਾਂ ਪਾਉਂਦੀ ਐ :

*ਆਈਆਂ ਪਲਟਣਾਂ ਬੀੜ ਕੇ ਤੋਪਖਾਨੇ,*
*ਅੱਗੋਂ ਸਿੰਘਾਂ ਨੇ ਪਾਸੇ ਤੋੜ ਸੁੱਟੇ ।*
*ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,*
*ਹੱਲੇ ਤਿੰਨੇ ਫ਼ਰੰਗੀ ਦੇ ਮੋੜ ਸੁੱਟੇ ।*
*ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,*
*ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ ।*
*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,*
*ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ ।*

ਸਿੱਖ ਅਜਾਇਬ ਘਰ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਵਲੋਂ ਵਰਤਿਆ ਬੈਂਡ ਅਤੇ ਲੜਾਈ ਦੇ ਹੋਰ ਹਥਿਆਰ, ਸਿੰਘਾਂ ਵਲੋਂ ਦੱਰਾ ਖ਼ੈਬਰ ਤਕ ਮਾਰੀਆਂ ਮੱਲਾਂ ਦੀ ਬਾਤ ਪਾ ਰਹੇ ਸਨ।

ਉਸ ਸਮੇਂ ਦੇ ਤੀਰ, ਬੰਦੂਕਾਂ, ਹਾਥੀਆਂ ਵਲੋਂ ਸੁੰਢ ਵਿਚ ਫੜ ਕੇ ਚਲਾਏ ਜਾਂਦੇ ਸੰਗਲੀਆਂ ਵਾਲੇ ਗੋਲੇ ਮੈਦਾਨ-ਏ-ਜੰਗ ਦਾ ਨਜ਼ਾਰਾ ਪੇਸ਼ ਕਰ ਰਹੇ ਸਨ। ਸਿੱਖ ਆਰਟ ਗੈਲਰੀ ਵਿਚ ਪੁਰਾਤੱਤਵ ਮਹਿਕਮੇ ਦਾ ਇਕ ਮੁਲਾਜ਼ਮ ਡਿਊਟੀ 'ਤੇ ਸੀ। ਉਹ ਮੇਰੀ ਪੱਗ ਵੇਖ ਕੇ ਮੈਨੂੰ ਬੜੇ ਹੀ ਚਾਅ ਨਾਲ ਸਿੱਖ ਰਾਜ ਦੀਆਂ ਵਸਤੂਆਂ ਬਾਰੇ ਜਾਣਕਾਰੀ ਦੇਣ ਲੱਗ ਪਿਆ। ਉਸ ਦਾ ਗੱਲ ਕਰਨ ਦਾ ਅੰਦਾਜ਼ ਬਹੁਤ ਹੀ ਕਮਾਲ ਦਾ ਸੀ। ਮੇਰਾ ਜੀਅ

ਕਰ ਆਇਆ ਕਿ ਇਹੋ ਜਹੇ ਬੰਦੇ ਦਾ ਮਾਣ ਕਰਨਾ ਚਾਹੀਦਾ ਹੈ। ਮੈਂ ਉਸ ਨੂੰ ਪੰਜਾਹ ਰੁਪਏ ਦੇ ਕੇ, ਉਸ ਦਾ ਹੱਥ ਫੜ ਕੇ ਅਪਣੇ ਮੱਥੇ ਨਾਲ ਲਾਇਆ। ਅਗਲੇ ਹੀ ਪਲ ਵੰਡੇ ਹੋਏ ਪੰਜ ਪਾਣੀਆਂ ਦੇ ਵਾਰਸ ਇਕ-ਦੂਜੇ ਦੇ ਕਲਾਵੇ ਵਿਚ ਸਨ। ਗੈਲਰੀ ਤੋਂ ਬਾਹਰ ਆ ਕੇ ਗਾਈਡ ਨੇ ਸਾਨੂੰ ਇਕ ਅਟਾਰੀ ਵਲ ਇਸ਼ਾਰਾ ਕਰ ਕੇ ਦਸਿਆ, "ਉਥੇ ਮਹਾਰਾਜਾ ਰਣਜੀਤ ਸਿੰਘ ਨੇ ਅਪਨਾ ਆਖ਼ਰੀ ਸਮਾਂ ਬਿਤਾਇਆ। ਉਸ ਸਮੇਂ ਬੀਮਾਰੀ ਦੀ ਹਾਲਤ ਵਿਚ ਮਹਾਰਾਜੇ ਦੀ ਗੱਲ ਸਿਰਫ਼ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼ੂਦੀਨ ਨੂੰ ਹੀ ਸਮਝ ਆਉਂਦੀ ਸੀ।" ਕਿਲ੍ਹੇ ਦੀਆਂ ਕਈ ਇਮਾਰਤਾਂ ਉਤੇ ਬਹੁਤ ਹੀ ਕਮਾਲ ਦੀ ਚਿੱਤਰਕਾਰੀ ਕੀਤੀ ਹੋਈ ਹੈ। ਪਰ ਇਸ ਬੇਸ਼ਕੀਮਤੀ ਖ਼ਜ਼ਾਨੇ ਨੂੰ ਲੋਕਾਂ ਨੇ ਖੁਰਚ ਖੁਰਚ ਕੇ ਖ਼ਰਾਬ ਕਰ ਦਿਤਾ ਹੈ। ਕਿਲ੍ਹਾ ਵੇਖਦੇ ਸਮੇਂ ਮੈਂ ਸੋਚ ਰਿਹਾ ਸੀ ਕਿ ਕਿਥੇ ਨੇ ਉਹ ਜਿਨ੍ਹਾਂ ਨੇ ਇਥੇ ਕਦੇ ਇਕ-ਇਕ ਇੱਟ ਉਤੇ ਅਪਨਾ ਨਾਂ ਲਿਖਿਆ ਸੀ? ਜਿਥੇ ਅਕਬਰ ਵਰਗਿਆਂ ਦੀ ਤੂਤੀ ਬੋਲਦੀ ਸੀ? ਰਣਜੀਤ ਸਿੰਘ ਵਰਗੇ ਖ਼ਾਲਸਾ ਰਾਜ ਦੀ ਨੀਂਹ ਰੱਖਣ ਤੋਂ ਬਾਅਦ ਸਮੇਂ ਦੀ ਹਨੇਰੀ 'ਚ ਗੁਆਚ ਗਏ। ਸ਼ਾਹ ਮੁਹੰਮਦ ਦੇ ਬੋਲ ਹਵਾ 'ਚ ਗੂੰਜਦੇ ਹਨ :

*ਇਹ ਜੱਗ ਸਰਾਏ ਮੁਸਾਫ਼ਰਾਂ ਦੀ,*
*ਇਥੇ ਜ਼ੋਰ ਵਾਲੇ ਕਈ ਆਏ ਗਏ।*
*ਸ਼ਦਾਦ, ਨਮਰੂਦ, ਫਰਔਨ ਜਹੇ,*
*ਦਾਅਵਾ ਬੰਨ੍ਹ ਖ਼ੁਦਾਏ ਕਹਾਏ ਗਏ।*
*ਅਕਬਰ ਸ਼ਾਹ ਜਹੇ ਵਿਚ ਦਿੱਲੀ ਦੇ ਜੀ,*
*ਫੇਰੀ ਵਾਂਗ ਵਣਜਾਰਿਆਂ ਪਾਏ ਗਏ।*
*ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,*
*ਵਾਜੇ ਕੂੜ ਦੇ ਕਈ ਵਜਾਏ ਗਏ।*





# ਯਾਰ ਬਿਨਾਂ ਗੱਲ ਬਣਦੀ ਨਾਹੀਂ ਜੇ ਕੋਈ ਗੱਲ ਬਣਾਵੇ

ਜਸਬੀਰ ਅਕਸਰ ਮੈਨੂੰ ਕਹਿੰਦੀ ਰਹਿੰਦੀ ਹੈ ਕਿ "ਤੇਰੀ ਪੱਗ ਇੰਜ ਹੁੰਦੀ ਹੈ ਜਿਵੇਂ ਪੁਲਿਸ ਵਾਲਿਆਂ ਨੇ ਸਰਹੰਦ ਵਾਲੀ ਸਭਾ 'ਤੇ ਤੰਬੂ ਲਾਇਆ ਹੁੰਦੈ। ਅਜੀਬ ਬੰਦੇ ਨਾਲ ਵਿਆਹ ਕਰਵਾਇਐ ਜਿਸ ਨੂੰ ਚੱਜ ਦੀ ਪੱਗ ਵੀ ਨਹੀਂ ਬੰਨ੍ਹਣੀ ਆਉਂਦੀ।" ਉਸ ਦੀ ਗੱਲ ਵਿਚ ਸਚਮੁਚ ਬੜਾ ਦਮ ਹੈ। ਕੋਈ ਵੀ ਭਾਗਾਂ ਵਾਲਾ ਦਿਨ ਅਜਿਹਾ ਨਹੀਂ ਲੰਘਿਆ ਹੋਣਾ ਜਦੋਂ ਮੈਂ ਪਹਿਲੀ ਵਾਰ ਵਿਚ ਹੀ ਪੱਗ ਬੰਨ੍ਹਣ ਵਿਚ ਕਾਮਯਾਬ ਹੋਇਆ ਹੋਵਾਂ। ਇਕ ਦਿਨ ਤਾਂ ਸਵੇਰੇ ਸਾਢੇ ਅੱਠ ਵਜੇ ਪੱਗ ਬੰਨ੍ਹਣ ਲਗਿਆ ਤੇ ਦਸ ਵਜੇ, ਆਖ਼ਰੀ ਲੜ ਟੰਗਣ ਵਿਚ ਕਾਮਯਾਬ ਹੋਇਆ। ਜੇ ਪੱਗ ਬੰਨ੍ਹ ਲਵਾਂ ਤਾਂ ਅੱਗੋਂ ਮੇਰੇ ਦੋਸਤ ਟਿਪਣੀਆਂ ਕਰਨਗੇ, "ਪੱਗ ਕਿਵੇਂ ਬੰਨ੍ਹੀ ਐ ਜਿਵੇਂ ਗਿੱਦੜ ਦੇ ਸਿਰ 'ਤੇ ਛੱਜ ਰਖਿਆ ਹੁੰਦੈ? ਲਗਦੈ ਹੁਣੇ ਤੂੜੀ ਢੋਹ ਕੇ ਆਇਐਂ।"

ਪਰ ਇਕ ਦੂਜਾ ਪੱਖ ਇਹ ਵੀ ਹੈ ਕਿ ਅਪਨੀ ਇਸੇ ਪੱਗ ਕਾਰਨ ਹੀ ਮੈਂ ਬਹੁਤ ਚੰਗੇ ਬੰਦਿਆਂ ਦੀ ਦੋਸਤੀ ਦਾ ਨਿੱਘ ਮਾਨਣ ਵਿਚ ਵੀ ਕਾਮਯਾਬ ਹੋਇਆ ਹਾਂ। ਮੁੰਬਈ ਹੋਵੇ ਜਾਂ ਕੇਰਲਾ, ਮੇਰੀ ਪੱਗ ਮੈਨੂੰ 'ਭਾਅ ਜੀ' ਹੋਣ ਦਾ ਮਾਣ ਦਿਵਾਉਂਦੀ ਹੈ। ਇਸੇ ਕਰ ਕੇ ਮੈਨੂੰ ਅਪਣੇ ਸਿਰ ਉਤੇ ਬੰਨ੍ਹੀ ਪੱਗ ਦੋਸਤਾਂ ਦੇ ਦਿਲ ਦੇ ਦਰਵਾਜ਼ੇ 'ਤੇ ਦਸਤਕ ਦੇਣ ਦਾ ਪਰਵਾਨਾ ਲਗਦੀ ਹੈ। ਲਾਹੌਰ ਦਾ ਸ਼ਾਹੀ ਕਿਲ੍ਹਾ ਵੇਖਦੇ ਸਮੇਂ ਮੇਰੀ ਪੱਗ ਨੇ ਇਕ ਵਾਰ ਫਿਰ ਅਜਿਹੀ ਹੀ ਦੋਸਤੀ ਦਾ ਸਬੱਬ ਬਣਾ ਦਿਤਾ। ਸ਼ਾਹੀ ਕਿਲ੍ਹਾ ਵੇਖਣ ਤੋਂ ਬਾਅਦ ਅਸੀ ਕਿਲ੍ਹੇ ਵਿਚ ਹੀ ਇਕ ਕੰਟੀਨ 'ਤੇ ਬੈਠ ਗਏ। ਦਿਲ ਮੁਹੰਮਦ ਦੇ ਕੁੱਝ ਬਹੁਤ ਹੀ ਅਜ਼ੀਜ਼ ਦੋਸਤਾਂ ਨੇ ਸਾਨੂੰ ਮਿਲਣ ਲਈ ਉਥੇ ਆਉਣਾ ਸੀ। ਉਨ੍ਹਾਂ ਨੂੰ ਅਸੀ ਫ਼ੋਨ ਕਰ ਕੇ ਅਪਣੇ ਟਿਕਾਣੇ ਦੀ ਸੂਚਨਾ ਦੇ ਦਿਤੀ ਸੀ। ਛੇਤੀ ਹੀ ਉਹ ਵੀ ਆ ਗਏ। ਮਾਸਟਰ ਕਰਾਮਤ ਅਲੀ, ਮਾਸਟਰ ਸਲੀਮ ਵਿਰਕ ਅਤੇ ਮੁਹੰਮਦ ਜ਼ਕਰੀਆ ਆਫ਼ਤਾਬ ਇੰਜ ਮਿਲੇ ਜਿਵੇਂ ਪਤਾ ਨਹੀਂ ਕਿੰਨੀਆਂ ਦੁਆਵਾਂ ਬਾਅਦ ਇਹ ਦਿਨ ਆਇਆ ਹੋਵੇ।

ਅਸੀ ਸਾਰੇ ਬੈਠ ਕੇ ਆਪਸ ਵਿਚ ਗੱਪਾਂ ਮਾਰਨ ਲੱਗ ਪਏ। ਸਾਡੇ ਕੋਲ ਕਈ ਕੁਰਸੀਆਂ ਖ਼ਾਲੀ ਪਈਆਂ ਸਨ। ਅਸੀ ਹਾਲੇ ਗੱਲਾਂ ਕਰ ਹੀ ਰਹੇ ਸੀ ਕਿ ਸਾਡੇ ਨਾਲ ਖ਼ਾਲੀ ਪਈ ਕੁਰਸੀ ਉਤੇ ਇਕ ਬੰਦਾ ਆ ਕੇ ਬੈਠ ਗਿਆ। ਉਸ ਦੇ ਚਿਹਰੇ ਤੋਂ ਇੰਜ ਲਗਦਾ ਸੀ ਜਿਵੇਂ ਉਹ ਕਈ ਦਿਨਾਂ ਤੋਂ ਸੁੱਤਾ ਨਹੀਂ ਸੀ। ਅਸੀ ਉਸ ਦੇ ਇਸ ਤਰ੍ਹਾਂ ਬੈਠਣ ਤੋਂ ਬੜੇ

ਹੈਰਾਨ ਹੋਏ। ਮੈਂ, ਦਿਲ ਮੁਹੰਮਦ ਅਤੇ ਅਸ.ਗ਼ਰ ਭੱਟੀ ਨੇ ਇਕ ਦੂਜੇ ਵਲ ਸਵਾਲੀਆ ਨਜ਼ਰਾਂ ਨਾਲ ਵੇਖਿਆ। ਸਾਡੀਆਂ ਨਜ਼ਰਾਂ ਤਾੜ ਕੇ ਉਹ ਆਪ ਹੀ ਦੱਸਣ ਲੱਗ ਪਿਆ, "ਇਥੇ ਬੈਠਣ ਲਈ ਮਾਫ਼ੀ ਚਾਹਵਾਂਗਾ।" ਮੇਰੇ ਵਲ ਇਸ਼ਾਰਾ ਕਰ ਕੇ ਕਹਿਣ ਲੱਗਾ, "ਭਾਅ ਜੀ ਦੀ ਪੱਗ ਵੇਖ ਕੇ ਮੈਂ ਸੋਚਿਆ ਕਿ 'ਉਧਰੋਂ' ਆਏ ਨੇ, ਚਲੋ ਕੋਈ ਦਿਲ ਦੀ ਗੱਲ ਹੀ ਸਾਂਝੀ ਕਰਾਂਗੇ।" ਜਦੋਂ ਉਹ ਬੋਲ ਰਿਹਾ ਸੀ ਤਾਂ ਅਸ.ਗ਼ਰ ਭੱਟੀ ਨੂੰ ਇੰਜ ਲੱਗਾ ਕਿ ਸ਼ਾਇਦ ਉਸ ਨੇ ਇਹ ਆਵਾਜ਼ ਕਿਤੇ ਸੁਣੀ ਹੈ। ਅਸ.ਗ਼ਰ ਨੇ ਉਸ ਬੰਦੇ ਨੂੰ ਪੁਛਿਆ, "ਤੁਹਾਡੀ ਆਵਾਜ਼ ਸੁਣੀ ਜਹੀ ਲਗਦੀ ਹੈ! ਤੁਸੀ ਰੇਡੀਉ 'ਤੇ ਪ੍ਰੋਗਰਾਮ ਪੇਸ਼ ਕਰਦੇ ਹੋ?" ਉਸ ਦੇ ਚਿਹਰੇ 'ਤੇ ਚੜ੍ਹਦੇ ਦੀ ਲਾਲੀ ਵਰਗਾ ਖੇੜਾ ਆ ਗਿਆ। ਕਹਿਣ ਲੱਗਾ, "ਹਾਂ ਜੀ, ਤੁਸੀ ਠੀਕ ਕਿਹੈ। ਮੈਂ ਰੇਡੀਉ 'ਤੇ ਵੀ ਪ੍ਰੋਗਰਾਮ ਪੇਸ਼ ਕਰਦਾ ਹਾਂ। ਅਫ਼ਜ਼ਲ ਸਾਹਿਰ ਨਾਂ ਹੈ ਬੰਦੇ ਦਾ।" ਏਨਾ ਸੁਣਦਿਆਂ ਹੀ ਸਾਡੀ ਹੈਰਾਨੀ ਦਾ ਕੋਈ ਪਾਰਾਵਾਰ ਨਾ ਰਿਹਾ। ਪੰਜਾਬੀ ਦਾ ਇਕ ਬਹੁਤ ਵੱਡਾ ਸ਼ਾਇਰ ਸਾਡੇ ਵਿਚਕਾਰ ਬੈਠਾ ਸੀ। ਫਿਰ ਤਾਂ ਅਸ.ਗ਼ਰ ਭੱਟੀ ਨੇ ਗੱਲ ਹੀ ਸਿਰੇ ਲਾ ਦਿਤੀ। ਉਹ ਕਹਿਣ ਲੱਗਾ, "ਅਫ਼ਜ਼ਲ ਸਾਹਿਰ ਸਾਹਬ ਨੂੰ ਮੈਂ ਰੇਡੀਉ 'ਤੇ ਬਹੁਤ ਸੁਣਿਆ ਹੈ। ਅੱਜ ਇਸ ਤੋਂ ਵੱਧ ਭਾਗਾਂ ਵਾਲਾ ਦਿਨ ਹੋਰ ਕਿਹੜਾ ਹੋ ਸਕਦੈ ਕਿ ਉਹ ਸਾਡੇ ਵਿਚਕਾਰ ਬੈਠੇ ਨੇ। ਅੱਜ ਫਿਰ ਕਿਉਂ ਨਾ ਉਨ੍ਹਾਂ ਦੇ ਮੁਖ ਤੋਂ ਕੁੱਝ ਸੁਣਿਆ ਜਾਵੇ?" ਅਸੀ ਸਾਰਿਆਂ ਨੇ ਹਾਮੀ ਭਰੀ। ਅਸੀ ਫਿਰ ਕੰਟੀਨ ਤੋਂ ਉਠ ਕੇ ਸ਼ਾਹੀ ਕਿਲ੍ਹੇ ਦੇ ਖੁਲ੍ਹੇ ਵਿਹੜੇ ਵਿਚ ਆ ਬੈਠੇ।

ਅਫ਼ਜ਼ਲ ਸਾਹਿਰ ਨੇ ਫਿਰ ਸ਼ਬਦਾਂ ਦੀ ਕਿਸ਼ਤੀ 'ਤੇ ਸਵਾਰ ਹੋ ਕੇ ਦਿਲ ਦਰਿਆ ਵਿਚ ਗੋਤੇ ਲਾਉਣੇ ਸ਼ੁਰੂ ਕਰ ਦਿਤੇ। ਪਹਿਲਾਂ ਉਸ ਨੇ ਸਾਨੂੰ ਅਪਣੀ ਨਜ਼ਮ ਸੁਣਾਈ, 'ਸੱਜਣ ਜੀ, ਸਾਡੇ ਸੁਫਨੇ ਰਹਿ ਗਏ ਕੋਰੇ।'

*ਸੁਫ਼ਨੇ ਰਹਿ ਗਏ ਕੋਰੇ!*
*ਸੱਜਣ! ਸਾਡੇ ਸੁਫ਼ਨੇ ਰਹਿ ਗਏ ਕੋਰੇ*
*ਅੱਖੀਆਂ ਅੰਦਰ ਪਾੜ ਪਏ,*
*ਜਿਉਂ ਕੰਧਾਂ ਵਿਚ ਮਘੋਰੇ*
*ਸੱਜਣ! ਸਾਡੇ ਸੁਫ਼ਨੇ ਰਹਿ ਗਏ ਕੋਰੇ*

*ਜੁਗ ਕੂੜ ਪਸਾਰਾ ਕਹਿਰ ਦਾ*
*ਸਾਨੂੰ ਚਸਕਾ ਲੱਗਾ ਜ਼ਹਿਰ ਦਾ*
*ਦਿਲ ਪਾਰਾ ਕਿਤੇ ਨਾ ਠਹਿਰ ਦਾ*
*ਸਾਨੂੰ ਧੜਕੂ ਅੱਠੇ ਪਹਿਰ ਦਾ*
*ਇਕ ਪਾਸਾ ਮਰਿਆ ਸ਼ਹਿਰ ਦਾ*
*ਵਿਚ ਭੁੱਖਾ ਫਨੀਅਰ ਲਹਿਰ ਦਾ*





*ਮਾਵਾਂ ਨੇ ਖੀਸੇ ਫੋਲ਼ ਕੇ,*
*ਪੁੱਤ ਸਫ਼ਰਾਂ ਤੇ ਟੋਰੇ*
*ਸਾਡੇ ਸੁਫ਼ਨੇ ਰਹਿ ਗਏ ਕੋਰੇ*

*ਅਸੀਂ ਸਈਆਂ ਨੈਣਾਂ ਵਾਲ਼ੀਆਂ*
*ਸਾਨੂੰ ਜੋਇਆ ਅੰਨ੍ਹੇ ਹਾਲ਼ੀਆਂ*
*ਮਨ ਧੋਭੇ ਸੱਧਰਾਂ ਗਾਲ਼ੀਆਂ*
*ਸਾਡਾ ਜੀਵਨ ਵਿੱਚ ਕੁਠਾਲ਼ੀਆਂ*
*ਖਸਮਾਂ ਦੀਆਂ ਅੱਗਾਂ ਬਾਲ਼ੀਆਂ*
*ਦਿਲ ਗੁੰਨ੍ਹੇ ਵਿਚ ਕਨਾਲ਼ੀਆਂ*

*ਇਸ ਔਤਰ ਜਾਣੇ ਸਮੇਂ ਨੇ*
*ਸਾਹ ਬਰਫ਼ਾਂ ਵਾਂਗੂ ਖੋਰੇ*
*ਸਾਡੇ ਸੁਫ਼ਨੇ ਰਹਿ ਗਏ ਕੋਰੇ*

*ਅੱਖੀਆਂ ਅੰਦਰ ਪਾੜ ਪਏ*
*ਜਿਉਂ ਕੰਧਾਂ ਵਿਚ ਮਘੋਰੇ*
*ਸਾਡੇ ਸੁਫ਼ਨੇ ਰਹਿ ਗਏ ਕੋਰੇ*

ਫਿਰ ਉਸ ਨੇ ਅਪਣੀ ਪ੍ਰਸਿੱਧ ਕਵਿਤਾ ਪਾਕਿਸਤਾਨ ਦੀ ਵਾਰ ਛੇੜ ਲਈ:

*ਸਾਡੇ ਬਾਬੇ ਲੀਕਾਂ ਚੁੰਮੀਆਂ, ਸਾਨੂੰ ਮੱਤ ਕੀ ਆਉਣੀ*
*ਅੰਗ ਲਮਕਣ ਨੰਗੀ ਤਾਰ 'ਤੇ, ਵਿਚ ਰੱਤ ਕੀ ਆਉਣੀ*

*ਅਸੀਂ ਝੂਠੋਂ ਝੂਠੀ ਖੇਡ ਕੇ ਇਕ ਸੱਚ ਬਣਾਇਆ*
*ਫਿਰ ਉਸ ਨੂੰ ਧਰਮੀ ਲਹਿਰ ਦਾ, ਇਕ ਤੜਕਾ ਲਾਇਆ*

*ਅਸੀਂ ਅੱਖਾਂ ਮਲ ਮਲ ਵੇਖੀਏ ਕੀ ਖੇਡਾਂ ਹੋਈਆਂ*
*ਕਿਤੇ ਸ਼ੇਰਾਂ ਵਰਗੇ ਸੂਰਮੇ ਅੱਜ ਭੇਡਾਂ ਹੋਈਆਂ*

*ਚੰਗਾ ਈ ਸੀ ਪੁੱਤਰਾ, ਜੇ ਦੇਸ਼ 'ਚ ਰਹਿੰਦੇ*
*ਸਾਨੂੰ ਆਣ ਅੰਗਰੇਜ਼ਾਂ ਰੋਲਿਆ, ਸਾਡੇ ਬਾਬੇ ਕਹਿੰਦੇ*

*ਸਾਨੂੰ ਸੱਜਾ ਹੱਥ ਵਿਖਾ ਕੇ, ਮਾਰੀ ਸੁ ਖੱਬੀ*
*ਅਸੀਂ ਜੰਨਤ ਵਲ ਨੂੰ ਨੱਠ ਪਏ, ਤੇ ਦੋਜ਼ਖ਼ ਲੱਭੀ*

*ਸਾਨੂੰ ਸੁਰਤ ਨਾ ਆਈ ਹੋਂਵਦੇ, ਕਿੰਜ ਘਾਟੇ ਵਾਧੇ*
*ਅਸੀਂ ਬਾਂਦਰ ਕਿੱਲਾ ਖੇਡਿਆ, ਤੇ ਛਿੱਤਰ ਖਾਧੇ*

*ਅਸੀਂ ਮੀਂਹ ਤੋਂ ਕਣਕਾਂ ਸਾਂਭੀਆਂ, ਸਾਨੂੰ ਚੌਧਰ ਪੈ ਗਈ*
*ਸਾਡਾ ਮਿੱਟੀ ਦੇ ਵਿਚ ਮੂੰਹ ਤੁੰਨ ਕੇ, ਸਾਡੇ ਸਿਰ ’ਤੇ ਬਹਿ ਗਈ*

*ਕੀ ਦੱਸਾਂ! ਸ਼ਾਹ ਦੀ ਮੰਡੀਏ, ਕਿੰਜ ਮੰਦਾ ਹੁੰਦਾ*
*ਮੈਂ ਰੱਬ ਨਾਲ ਦੁਖੜੇ ਫੋਲਦਾ, ਜੇ ਬੰਦਾ ਹੁੰਦਾ*

ਅਫ਼ਜ਼ਲ ਸਾਹਿਰ ਨੇ ਫਿਰ ਸਾਥੋਂ ਵਿਦਾ ਲਈ। ਉਸ ਦੇ ਜਾਣ ਤੋਂ ਕਿੰਨੀ ਦੇਰ ਬਾਅਦ ਤਕ ਅਸੀ ਉਸ ਦੇ ਸ਼ਬਦਾਂ ਦੀਆਂ ਡੂੰਘਾਈਆਂ ਨਾਪਦੇ ਰਹੇ।

ਉਸ ਤੋਂ ਬਾਅਦ ਮੇਰੇ ਭਰਾ ਮੈਨੂੰ ਬਾਜ਼ਾਰ ਵਲ ਲੈ ਟੁਰੇ। ਸ਼ਾਹੀ ਕਿਲ੍ਹੇ ਦੇ ਬਿਲਕੁਲ ਸਾਹਮਣੇ ਹੀ ਲਾਹੌਰ ਦੀ ਹੀਰਾ ਮੰਡੀ ਹੈ। ਉਥੋਂ ਲੰਘਣ ਸਮੇਂ ਮੈਨੂੰ ਫ਼ੌਜੀਆ ਸਈਦ ਦੀ ਹੀਰਾ ਮੰਡੀ ਬਾਰੇ ਲਿਖੀ ਕਿਤਾਬ ‘ਹੀਰਾ ਮੰਡੀ ਲਾਹੌਰ ਦੀ’ ਦੇ ਕਿਰਦਾਰਾਂ ਦਾ ਚੇਤਾ ਆ ਗਿਆ ਤੇ ਕਿਸੇ ਫ਼ਿਲਮ ਦੀ ਰੀਲ ਵਾਂਗ ਉਹ ਮੇਰੀਆਂ ਅੱਖਾਂ ਸਾਹਮਣਿਉਂ ਲੰਘਣ ਲੱਗ ਪਏ।

ਮੈਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਬੋਲ ਯਾਦ ਆ ਗਏ ਕਿ “ਮੈਂ ਕੰਜਰ ਕੋਠਿਆਂ ਵਿਚ ਵੀ ਮਨੁੱਖਤਾ ਦੇ ਅਜਿਹੇ ਮੁਜੱਸਮੇ ਵੇਖੇ ਹਨ, ਜਿਨ੍ਹਾਂ ਸਾਹਮਣੇ ਆਮ ਮਨੁੱਖ ਬੌਣੇ ਲਗਦੇ ਹਨ।” ਅਪਣੇ ਸੁਪਨੇ ਵੇਚ ਕੇ, ਹੋਰਾਂ ਦੇ ਸੁਪਨਿਆਂ ਵਿਚ ਰੰਗ ਭਰਨ ਵਾਲੇ ਹੀਰਾ ਮੰਡੀ ਦੇ ਜੀਊਂਦੇ ਕਿਰਦਾਰਾਂ ਸਾਹਮਣੇ ਮੈਂ ਅਪਣਾ ਸਿਰ ਝੁਕਾ ਦਿਤਾ। ਦਿਲ ਮੁਹੰਮਦ ਨੇ ਮੈਨੂੰ ਦਸਿਆ ਸੀ ਕਿ ਉਸ ਦੇ ਦੋਸਤ ਮੈਨੂੰ ਦਾਅਵਤ ਦੇਣਗੇ। ਦਿਲ ਮੁਹੰਮਦ, ਮਾਸਟਰ ਕਰਾਮਤ ਅਲੀ ਤੇ ਮੁਹੰਮਦ ਜ਼ਕਰੀਆ ਆਫ਼ਤਾਬ ਨਾਲ ਟੁਰਦਾ ਮੈਨੂੰ ਅਪਣਾ ਆਪ ਭਰਿਆ ਭਰਿਆ ਲੱਗ ਰਿਹਾ ਸੀ। ਮੈਨੂੰ ਉਨ੍ਹਾਂ ਨੇ ਇਕ ਤਰ੍ਹਾਂ ਨਾਲ ਅਪਣੇ ਮੋਢਿਆਂ ਉਤੇ ਬਿਠਾਇਆ ਹੋਇਆ ਸੀ। ਮੁਹੰਮਦ ਜ਼ਕਰੀਆ ਆਫ਼ਤਾਬ ਲਿਖਦਾ ਵੀ ਹੈ ਤੇ ਉਹ ਰਸਤੇ ਵਿਚ ਅਪਣੀਆਂ ਕਵਿਤਾਵਾਂ ਨਾਲ ਸਾਨੂੰ ਨਿਹਾਲ ਕਰਦਾ ਰਿਹਾ। ਫਿਰ ਉਹ ਸਾਨੂੰ ਇਕ ਬਹੁਤ ਹੀ ਵਧੀਆ ਹੋਟਲ ਵਿਚ ਲੈ ਗਏ। ਜਦੋਂ ਖਾਣਾ ਖਾਣ ਤੋਂ ਬਾਅਦ ਬਿਲ ਦੇਣ ਦੀ ਗੱਲ ਹੋਈ ਤਾਂ ਉਹ ਸਾਰੇ ਇਕ-ਦੂਜੇ ਤੋਂ ਅੱਗੇ ਹੋ ਗਏ। ਕਰਾਮਤ ਅਲੀ ਕਹਿ ਰਿਹਾ ਸੀ, “ਬਈ ਤੁਸੀ ਸਾਰੇ ਮੇਰੇ ਤੋਂ ਛੋਟੇ ਹੋ। ਤੁਸੀ ਕਿਵੇਂ ਪੈਸੇ ਦੇ ਸਕਦੇ ਹੋ। ਅੱਜ ਮੇਰਾ ਹੱਕ ਬਣਦੈ। ਤੁਸੀ ਅਗਲੀ ਵਾਰੀ ਦਿਲ ਦੀਆਂ ਰੀਝਾਂ ਪੂਰੀਆਂ ਕਰ ਲੈਣਾ।” ਮੈਂ ਅਪਣੇ ਮਨ ਵਿਚ ਸੋਚਾਂ ਕਿ ਬਈ ਇਹ ਕਿਹੋ ਜਹੇ ਬੰਦੇ ਨੇ। ਫਿਰ ਉਹ ਮੈਨੂੰ ਅਨਾਰਕਲੀ ਬਾਜ਼ਾਰ ਵਿਚ ਲੈ ਗਏ। ਰਾਹ ਜਾਂਦੇ ਕਈ ਮੁਸਾਫ਼ਰਾਂ ਨੇ ਮੇਰੇ ਨਾਲ ਜੱਫੀਆਂ ਪਾਈਆਂ। ਇਕ ਗ਼ਰੀਬੜਾ ਜਿਹਾ ਬਜ਼ੁਰਗ ਮੇਰੀ ਨਜ਼ਰੀਂ ਪਿਆ। ਉਹ ਬਹੁਤ ਹਸਰਤ ਭਰੀਆਂ ਅੱਖਾਂ ਨਾਲ ਮੈਨੂੰ ਵੇਖ ਰਿਹਾ ਸੀ। ਜਦੋਂ ਮੈਂ ਉਸ ਨੂੰ ਸਲਾਮ ਕਿਹਾ ਤਾਂ ਉਸ ਨੇ ਮੇਰਾ ਹੱਥ ਫੜ ਕੇ ਚੁੰਮਿਆ ਤੇ ਅਪਣੀ ਛਾਤੀ ਨਾਲ ਲਾ ਲਿਆ। ਇਹ ਸਾਰਾ ਕੁੱਝ ਏਨਾ ਭਾਵੁਕਤਾ ਭਰਿਆ ਸੀ ਕਿ ਅੱਖਾਂ ਵਿਚ ਹੰਝੂਆਂ ਦੇ ਹੜ੍ਹ ਨੂੰ ਡਕਣਾ ਮੁਸ਼ਕਲ ਹੋ ਗਿਆ। ਉਸ ਨੇ ਮੇਰੇ ਲਈ ਦੁਆਵਾਂ ਦੀ ਝੜੀ ਲਾ ਦਿਤੀ। ਉਨ੍ਹਾਂ ਦੇ ਦਿਲ ਵਿਚ ਸਾਡੇ ਲਈ ਕਿੰਨੀ ਮੁਹੱਬਤ ਹੈ, ਇਹ ਮਿਲਣੀ ਉਸ ਦਾ ਜੀਊਂਦਾ ਸਬੂਤ ਸੀ। ਅਨਾਰਕਲੀ ਬਾਜ਼ਾਰ ਵਿਚ ਮੇਰੇ ਭਰਾ ਕਹਿ ਰਹੇ ਸਨ ਕਿ “ਮਨਜੀਤ,








*ਅਨਾਰਕਲੀ ਬਾਜ਼ਾਰ*

ਅੱਜ ਕਿਸੇ ਵੀ ਚੀਜ਼ ’ਤੇ ਹੱਥ ਰੱਖ ਦੇ, ਉਹ ਤੇਰੀ ਹੈ।” ਪੈਸੇ ਤਾਂ ਮੇਰੇ ਉਪਰੋਂ ਇਸ ਤਰ੍ਹਾਂ ਵਾਰੇ ਜਾ ਰਹੇ ਸਨ ਜਿਵੇਂ ਜੇਠ ਮਹੀਨੇ ਵਾਵਰੋਲਿਆਂ ਨਾਲ ਤੂੜੀ ਉਡਦੀ ਹੁੰਦੀ ਹੈ।

ਦਿਲ ਮੁਹੰਮਦ ਕਹਿੰਦਾ, “ਤੇਰੀ ਮੁਹੱਬਤ ਸਾਹਮਣੇ ਸਾਡੇ ਲਈ ਇਨ੍ਹਾਂ ਕਾਗ਼ਜ਼ਾਂ ਦੀ ਕੀ ਵੁੱਕਤ ਐ?” ਜੇ ਮੈਂ ਉਨ੍ਹਾਂ ਨੂੰ ਪੈਸੇ ਖ਼ਰਚ ਕਰਨ ਤੋਂ ਰੋਕਦਾ ਤਾਂ ਉਹ ਕਹਿੰਦੇ, “ਅੱਜ ਤੂੰ ਨਹੀਂ ਬੋਲਣਾ। ਅੱਜ ਰੱਬ ਨੇ ਸਾਡੇ ਹੱਕ ਵਿਚ ਫ਼ਤਵਾ ਦਿਤਾ ਹੈ। ਅੱਜ ਕਿਸਮਤ ਦੀ ਰਾਣੀ ਨੇ ਖ਼ੁਦ ਆ ਕੇ ਸਾਡਾ ਦਰਵਾਜ਼ਾ ਖੜਕਾਇਐ। ਅੱਜ ਸਾਨੂੰ ਮਨ ਆਈਆਂ ਕਰ ਲੈਣ ਦੇ। ਕੌਣ ਜਾਣਦੈ ਕਿ ਇਹ ਦਿਨ ਦੁਬਾਰਾ ਆਵੇ ਜਾਂ ਨਾ।” ਉਨ੍ਹਾਂ ਦੀ ਮੁਹੱਬਤ ਦੀ ਪ੍ਰਵਾਜ਼ ਵੇਖ ਕੇ, ਮੇਰੀਆਂ ਅੱਖਾਂ ’ਚੋਂ ਹੰਝੂ ਕਿਰ ਰਹੇ ਸਨ। ਸਚਮੁਚ ਉਸ ਦਿਨ ਲਾਹੌਰ ਵਿਚ ਮੇਰੇ ਤੋਂ ਵੱਡਾ ਹੋਰ ਕੌਣ ਹੋ ਸਕਦਾ ਸੀ।

# ਬੀਬੀ ਸੁਲਤਾਨਾ ਕਿਥੇ ਐ

ਪੰਜਾਬੀ ਦਾ ਮਸ਼ਹੂਰ ਲਿਖਾਰੀ ਕਰਤਾਰ ਸਿੰਘ ਦੁੱਗਲ ਅਪਣੇ ਜ਼ਿੰਦਗੀਨਾਮੇ 'ਕਿਸ ਪਹੁ ਖੋਲਉ ਗੰਠੜੀ' ਵਿਚ ਲਿਖਦਾ ਕਿ ਜਦੋਂ ਉਹ 1940 ਵਿਚ ਲਾਹੌਰ ਰੇਡੀਉ 'ਤੇ ਕੰਮ ਕਰਦਾ ਸੀ ਤਾਂ ਉਸ ਦੇ ਨਾਲ ਇਕ ਮੁਸਲਮਾਨ ਬੀਬੀ ਸੁਲਤਾਨਾ ਵੀ ਕੰਮ ਕਰਦੀ ਸੀ। ਦੁੱਗਲ ਕਈ ਵਾਰ ਲਾਹੌਰ ਦੀ ਮਾਲ ਰੋਡ ਤੋਂ ਬੀਬੀ ਸੁਲਤਾਨਾ ਦੇ ਸਾਈਕਲ ਦੇ ਪਿਛੇ ਬੈਠੇ ਕੇ ਅਪਣੇ ਘਰ ਨੂੰ ਜਾਂਦਾ ਹੁੰਦਾ ਸੀ। ਇਹ ਸੱਤਰ ਸਾਲ ਪਹਿਲਾਂ ਦੀ ਗੱਲ ਹੈ, ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਲਾਹੌਰ ਵਿਚ ਉਸ ਸਮੇਂ ਤੀਵੀਆਂ ਨੂੰ ਵੀ ਕਿੰਨੀ ਆਜ਼ਾਦੀ ਸੀ ਪਰ ਅੱਜ ਹਾਲਤ ਇਹ ਹੈ ਕਿ ਲਾਹੌਰ ਵਿਚ ਕੋਈ ਵੀ ਬੀਬੀ ਸਾਈਕਲ ਜਾਂ ਸਕੂਟਰ ਚਲਾਉਂਦੀ ਨਹੀਂ ਮਿਲਦੀ। ਸਾਈਕਲ ਸਕੂਟਰ ਚਲਾਉਣਾ ਤਾਂ ਇਕ ਪਾਸੇ ਬਾਜ਼ਾਰ ਵਿਚ ਵੀ ਕਿਧਰੇ ਬੀਬੀਆਂ ਨਜ਼ਰ ਨਹੀਂ ਆਉਂਦੀਆਂ ਸਿਵਾਏ ਬੱਚੀਆਂ ਤੇ ਇੱਕਾ ਦੁੱਕਾ ਬਜ਼ੁਰਗ ਤੀਵੀਆਂ ਦੇ। ਬੀਬੀ ਸੁਲਤਾਨਾ ਦਾ ਕਮਾਲ ਸੀ ਕਿ ਉਹ ਇਕ ਮੁਸਲਮਾਨ ਕੁੜੀ ਹੋ ਕੇ ਵੀ ਇਕ ਸਿੱਖ ਨੌਜਵਾਨ ਨੂੰ ਅਪਣੇ ਪਿਛੇ ਬਿਠਾ ਕੇ ਸਾਈਕਲ ਚਲਾਉਂਦੀ ਸੀ। ਅੱਜ ਜੇ ਲਾਹੌਰ ਵਿਚ ਕਿਸੇ ਨੂੰ ਇਹ ਗੱਲ ਦੱਸੀ ਜਾਵੇ ਤਾਂ ਉਹ ਸ਼ਾਇਦ ਹੀ ਇਸ ਗੱਲ 'ਤੇ







ਯਕੀਨ ਕਰੇ। ਬਾਅਦ ਵਿਚ ਕਰਤਾਰ ਸਿੰਘ ਦੁੱਗਲ ਨੇ ਸੁਲਤਾਨਾ ਦੀ ਭੈਣ ਆਇਸ਼ਾ ਨਾਲ ਵਿਆਹ ਕਰਵਾ ਲਿਆ। ਉਂਜ ਇਕ ਗੱਲ ਹੋਰ ਵੀ ਹੈ ਕਿ ਧਰਮ ਦਾ ਕੁਹਾੜਾ ਸੱਭ ਤੋਂ ਪਹਿਲਾਂ ਤੀਵੀਆਂ 'ਤੇ ਹੀ ਚਲਾਇਆ ਜਾਂਦਾ। ਕਰਤਾਰ ਸਿੰਘ ਦੁੱਗਲ ਨੇ ਬੇਸ਼ੱਕ ਸੰਤਾਲੀ ਦੀ ਵੰਡ ਸਮੇਂ ਆਇਸ਼ਾ ਨਾਲ ਵਿਆਹ ਕਰਵਾਇਆ ਪਰ ਆਇਸ਼ਾ ਮੁਸਲਮਾਨ ਕੁੜੀ ਨਾਲ ਨਹੀਂ ਸਗੋਂ ਆਇਸ਼ਾ ਕੌਰ ਨਾਲ। ਵਿਆਹ ਕਰਵਾਉਣ ਤੋਂ ਪਹਿਲਾਂ ਆਇਸ਼ਾ ਦਾ ਧਰਮ ਬਦਲ ਕੇ ਉਸ ਨੂੰ 'ਸਿੱਖ' ਬਣਾ ਦਿਤਾ ਗਿਆ। ਜਿੰਨੇ ਵੀ ਦੁਨੀਆਂ ਦੇ ਧਰਮ ਹੋਏ ਹਨ, ਉਨ੍ਹਾਂ ਨੂੰ ਬੰਦਿਆਂ ਨੇ ਹੀ ਸ਼ੁਰੂ ਕੀਤਾ ਸੀ, ਸ਼ਾਇਦ ਇਸੇ ਕਰ ਕੇ ਜਦੋਂ ਵੀ ਕੋਈ ਬੰਦਾ ਕਿਸੇ ਹੋਰ ਧਰਮ ਦੀ ਤੀਵੀਂ ਨਾਲ ਵਿਆਹ ਕਰਵਾਉਂਦਾ, ਉਹ ਪਹਿਲਾਂ ਉਸ ਦਾ ਧਰਮ ਬਦਲਦਾ। ਕਰਤਾਰ ਸਿੰਘ ਦੁੱਗਲ, ਆਇਸ਼ਾ ਨਾਲ ਵਿਆਹ ਕਰਵਾਉਣ ਲਈ ਆਪ ਕਿਉਂ ਨਾ ਮੁਸਲਮਾਨ ਬਣਿਆ? ਮੈਂ ਅੱਜ ਤਕ ਕਦੇ ਨਹੀਂ ਸੁਣਿਆ ਕਿ ਕਿਸੇ ਬੰਦੇ ਨੇ ਕਿਸੇ ਹੋਰ ਧਰਮ ਦੀ ਤੀਵੀਂ ਨਾਲ ਵਿਆਹ ਕਰਵਾਉਣ ਸਮੇਂ ਉਸ ਦਾ ਧਰਮ ਅਪਣਾਇਆ ਹੋਵੇ। ਧਰਮਾਂ ਦੀ ਦੁਨੀਆਂ ਵਿਚ ਤੀਵੀਆਂ ਨੂੰ ਇਕ ਤਰ੍ਹਾਂ ਨਾਲ ਦੂਜੇ ਦਰਜੇ ਦੀਆਂ ਸ਼ਹਿਰੀ ਮੰਨਿਆ ਜਾਂਦੈ, ਇਸ ਲਈ 'ਫ਼ਤਵੇ' ਵੀ ਉਨ੍ਹਾਂ ਵਿਰੁਧ ਹੀ ਸੁਣਾਏ ਜਾਂਦੇ ਹਨ। ਮੈਨੂੰ ਲਗਿਆ ਕਿ ਲਾਹੌਰ ਵਿਚ ਬੀਬੀਆਂ ਦੀ ਆਜ਼ਾਦੀ 'ਤੇ ਪਾਬੰਦੀ ਵਿਚ ਕਿਤੇ ਨਾ ਕਿਤੇ ਧਰਮ ਦਾ ਦਖ਼ਲ ਜ਼ਰੂਰ ਹੈ। ਸੰਤਾਲੀ 'ਚ 'ਧਰਮੀ ਬੰਦਿਆਂ' ਨੇ ਤੀਵੀਆਂ ਨੂੰ ਨੰਗੀਆਂ ਕਰਕੇ ਬਜ਼ਾਰਾਂ 'ਚ ਜਲੂਸ ਕੱਢੇ। ਧਰਤੀ ਤੇ ਕਹਿੰਦੇ ਰੱਬ ਦੇ ਕਹੇ ਬਿਨਾਂ ਪੱਤਾ ਵੀ ਨਹੀਂ ਹਿੱਲਦਾ। ਧਰਮੀ ਬੰਦੇ ਜਦੋਂ ਅਜਿਹੇ ਕਾਰੇ ਕਰ ਰਹੇ ਸਨ ਤਾਂ ਰੱਬ ਸ਼ਾਇਦ ਟਿਊਸ਼ਨ ਪੜ੍ਹਨ ਗਿਆ ਹੋਇਆ ਸੀ।

ਧਰਮਾਂ ਦੀ ਦੁਨੀਆਂ ਵਿਚ ਦਖਣੀ ਏਸ਼ੀਆ ਵਿਚ ਮਹਾਤਮਾ ਬੁੱਧ ਬਹੁਤ ਵੱਡਾ ਇਨਕਲਾਬੀ ਬੰਦਾ ਹੋਇਆ, ਜਿਸ ਨੇ ਕਿਹਾ ਸੀ ਕਿ ਰੱਬ ਨੂੰ ਮਨਾਉਣ ਲਈ ਜਾਨਵਰਾਂ ਦੀ ਬਲੀ (ਕੁਰਬਾਨੀ) ਦੇਣ, ਕੋਈ ਪਾਠ ਪੂਜਾ ਕਰਨ ਦੀ ਬਿਲਕੁਲ ਕੋਈ ਲੋੜ ਨਹੀਂ ਕਿਉਂਕਿ ਕੋਈ ਵੀ ਰੱਬ ਜਾਨਵਰਾਂ ਨੂੰ ਮਰਵਾ ਕੇ ਅਤੇ ਪੂਜਾ ਕਰਵਾ ਕੇ ਖੁਸ਼ ਨਹੀਂ ਹੁੰਦਾ। ਸਿੱਧੀ ਪੰਜਾਬੀ ਵਿਚ ਇਹ ਗੱਲ ਇਸ ਤਰ੍ਹਾਂ ਕਹੀ ਜਾ ਸਕਦੀ ਹੈ ਕਿ 'ਰੱਬ ਦਾ ਨਹੀਂ ਕੋਈ ਬਖੇੜਾ, ਤੁਸੀਂ ਭਜਾਈ ਜਾਵੋ ਅਪਨਾ ਰੇਹੜਾ।"

ਉਮੀਦ ਕਰਦਾ ਹਾਂ ਕਿ ਜਦੋਂ ਕਦੇ ਫੇਰ ਲਾਹੌਰ ਜਾਣ ਦਾ ਮੌਕਾ ਮਿਲਿਆ ਕੋਈ 'ਬੀਬੀ ਸੁਲਤਾਨਾ' ਸਾਈਕਲ 'ਤੇ ਜਾਂਦੀ ਜ਼ਰੂਰੀ ਮਿਲੇਗੀ।

# ਬੁੱਲ੍ਹੇ ਸ਼ਾਹ ਪਿਆਰੇ ਬਾਝੋਂ ਕੌਣ ਲੰਘਾਏ ਪਾਰ

ਰੁਪਈਆਂ ਦੇ ਢੇਰ ਉਸਾਰਨ ਵਾਲਿਆਂ ਕੋਲ ਹੋਰ ਭਾਵੇਂ ਜੋ ਕੁੱਝ ਮਰਜ਼ੀ ਹੋਵੇ ਪਰ ਉਹ ਉਸ ਖ਼ੁਸ਼ੀ ਤੋਂ ਵਾਂਝੇ ਹੁੰਦੇ ਹਨ ਜਿਹੜੀ ਕਿਸੇ ਦੇ ਸਖਣੇ ਸੁਪਨਿਆਂ ਵਿਚ, ਜ਼ਿੰਦਗੀ ਦੇ ਨਵੇਂ ਰੰਗ ਭਰ ਕੇ ਮਿਲਦੀ ਹੈ। ਮਾਰੂਥਲ 'ਚ ਭਟਕਿਆਂ ਨੂੰ ਜ਼ਿੰਦਗੀ ਦਾ ਸਿਰਨਾਵਾਂ ਦੱਸ ਕੇ ਜਿਹੜੀ ਤਸੱਲੀ ਮਿਲਦੀ ਹੈ, ਪਦਾਰਥਾਂ ਦੀ ਦੌੜ ਵਿਚ ਹੰਭੇ ਹੋਏ ਉਸ ਦੀ ਕਲਪਨਾ ਵੀ ਨਹੀਂ ਕਰ ਸਕਦੇ। ਕਿਸੇ ਦੀਆਂ ਰਾਤਾਂ ਵਿਚ ਜਿਹੜੇ ਅਪਣੀਆਂ ਸਧਰਾਂ ਦਾ ਚੰਨ ਚਾੜ੍ਹ ਕੇ, ਉਸ ਨੂੰ ਜੀਊਣ ਜੋਗੀ ਬਣਾ ਦੇਂਦੇ ਹਨ, ਉਨ੍ਹਾਂ ਦੇ ਚਿਹਰਿਆਂ ਦਾ ਜਲੌਅ ਉਥੇ ਵੇਖਿਆਂ ਹੀ ਬਣਦਾ ਸੀ। ਰੇਲ ਗੱਡੀ ਦੇ ਸਫ਼ਰ ਦੌਰਾਨ ਸਾਡੇ ਜੱਥੇ ਦੀ ਸੁਰੱਖਿਆ ਪਾਕਿ ਰੇਂਜਰਜ਼ ਦੇ ਹਵਾਲੇ ਕੀਤੀ ਗਈ ਹੋਈ ਸੀ। ਜਿਹੜੇ ਡੱਬੇ ਵਿਚ ਅਸੀ ਸਫ਼ਰ ਕਰ ਰਹੇ ਸੀ, ਉਸ ਵਿਚ ਖ਼ਲੀਲ ਤੇ ਨਵੀਦ ਨਾਂ ਦੇ ਦੋ ਜਵਾਨਾਂ ਦੀ ਡਿਊਟੀ ਸੀ। ਉਹ ਦੋਵੇਂ ਏਨਾ ਮਿੱਠਾ ਬੋਲਦੇ ਸਨ, ਇੰਜ ਲਗਦਾ ਸੀ ਜਿਵੇਂ ਉਨ੍ਹਾਂ ਦਾ ਹਰ ਸ਼ਬਦ ਮੂੰਹ 'ਚੋਂ ਬਾਹਰ ਨਿਕਲਣ ਤੋਂ ਪਹਿਲਾਂ ਮੁਹੱਬਤ ਦੀ ਚਾਸ਼ਨੀ ਵਿਚ ਗੋਤਾ ਮਾਰ ਕੇ ਆਉਂਦਾ ਸੀ। ਇਕ ਰਾਤ ਮੈਂ ਗਿਆਨੀ ਗੁਰਦਿਤ ਸਿੰਘ ਦੀ ਕਿਤਾਬ 'ਮੇਰਾ ਪਿੰਡ' ਪੜ੍ਹ ਰਿਹਾ ਸੀ। ਮੈਨੂੰ ਖ਼ਲੀਲ ਪੁਛਣ ਲੱਗਾ, "ਕੀ ਪੜ੍ਹ ਰਹੇ ਹੋ ਸਰਦਾਰ ਸਾਹਿਬ?" ਮੈਂ ਕਿਹਾ, "ਇਸ ਕਿਤਾਬ ਵਿਚ ਪੰਜਾਬੀਅਤ ਦਾ ਹਰ ਪ੍ਰਕਾਰ ਦਾ ਰੰਗ ਭਰਿਆ ਹੋਇਐ।" "ਸਾਨੂੰ ਵੀ ਸੁਣਾਉ ਕੋਈ ਕਿੱਸਾ?" ਖ਼ਲੀਲ ਨੇ ਬਹੁਤ ਹੀ ਚਾਵਾਂ ਭਰਿਆ ਮੂੰਹ ਬਣਾ ਕੇ ਕਿਹਾ। ਮੈਂ ਖ਼ਲੀਲ ਨੂੰ ਦਸਿਆ ਕਿ ਕਿਵੇਂ ਪੁਰਾਣੇ ਬਜ਼ੁਰਗ ਵਿਆਹਾਂ ਵਿਚ ਪਰਾਤਾਂ ਭਰ-ਭਰ ਕੇ ਕੜਾਹ ਖਾਂਦੇ ਸਨ। ਸੁਭਾਵਕ ਹੀ ਮੇਰੇ ਮੂੰਹੋਂ ਨਿਕਲ ਗਿਆ, "ਖ਼ਲੀਲ ਤੈਨੂੰ ਵਿਆਹ ਦੇ ਮੇਲ ਬਾਰੇ ਪਤੈ ਇਹ ਕੀ ਹੁੰਦੈ?" ਇਹ ਸੁਣਦਿਆਂ ਹੀ ਖ਼ਲੀਲ ਦੇ ਚਿਹਰੇ 'ਤੇ ਰੰਜ ਭਰੀ ਮੁਸਕਰਾਹਟ ਫੈਲ ਗਈ ਜਿਸ ਨਾਲ ਸਾਰਾ ਡੱਬਾ ਭਰ ਗਿਆ। "ਸਰਦਾਰ ਸਾਹਿਬ ਕਿਹੋ ਜਹੀ ਗੱਲ ਕਰਦੇ ਹੋ, ਵਿਆਹ ਦੇ ਮੇਲ ਦਾ ਇਕ ਪੰਜਾਬੀ ਨੂੰ ਨਹੀਂ ਪਤਾ ਹੋਵੇਗਾ, ਹੋਰ ਕੀ ਓਬਾਮੇ ਦੇ ਟੱਬਰ ਨੂੰ ਹੋਵੇਗਾ?" ਇਹ ਸ਼ਬਦ ਖ਼ਲੀਲ ਪੰਜ ਪਾਣੀਆਂ ਦੀ ਕਿਸੇ ਲਹਿਰ 'ਤੇ ਸਵਾਰ ਹੋ ਕੇ ਬੋਲ ਰਿਹਾ ਸੀ ਤੇ ਮੇਰਾ ਜੀਅ ਕੀਤਾ ਕਿ ਉਸ ਨੂੰ ਜੱਫੀ ਪਾ ਲਵਾਂ। ਹਸਨ ਅਬਦਾਲ ਤੋਂ ਨਨਕਾਣੇ ਨੂੰ ਟੁਰਦੇ ਸਮੇਂ ਅਸੀ ਲੰਗਰ ਅਪਣੇ ਨਾਲ ਲਿਆਉਣਾ ਭੁੱਲ ਗਏ ਸੀ। ਰਾਤ ਨੂੰ ਸਾਨੂੰ ਗੱਡੀ ਵਿਚ ਭੁੱਖ ਲੱਗ ਗਈ। ਜਦੋਂ ਨਵੀਦ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ, ਕਿਸੇ ਹੋਰ ਮੁਸਾਫ਼ਰ ਤੋਂ ਪਤਾ ਕਰ ਕੇ, ਤੁਰਤ ਸਾਡੇ ਲਈ ਲੰਗਰ ਦਾ ਇੰਤਜ਼ਾਮ ਕਰ ਦਿਤਾ। ਅਸੀ ਫਿਰ ਸਫ਼ਰ ਦੌਰਾਨ 'ਮੁਹੱਬਤਾਂ ਦੀ ਧੂਣੀ' ਵਿਚ 'ਪਿਆਰ ਦੇ ਡੱਕੇ' ਲਗਾਉਣ ਲਈ ਇਕ-ਦੂਜੇ ਨੂੰ ਫੜਾਉਂਦੇ ਰਹੇ। ਵਾਘਾ ਤੋਂ ਹਸਨ ਅਬਦਾਲ ਤੇ ਫਿਰ ਵਾਪਸ ਵਾਘਾ





ਤਕ ਖ਼ਲੀਲ ਤੇ ਨਵੀਦ ਦੀ ਡਿਊਟੀ ਸਾਡੇ ਨਾਲ ਰਹੀ ਤੇ ਮੁਹੱਬਤਾਂ ਦੀ ਚਾਸ਼ਨੀ 'ਚੋਂ ਉਠਦੀ ਖ਼ੁਸ਼ਬੂ ਨਾਲ ਅਸੀ ਅਪਣਾ ਅੰਦਰ ਭਰਦੇ ਰਹੇ।

ਭਾਰਤੀ ਟੀ.ਵੀ. ਚੈਨਲ ਪਾਕਿਸਤਾਨ ਨੂੰ ਇੰਜ ਪੇਸ਼ ਕਰਦੇ ਹਨ ਜਿਵੇਂ ਪਾਕਿਸਤਾਨੀ ਲੋਕ ਸਾਡੇ ਸੱਭ ਤੋਂ ਵੱਡੇ ਦੁਸ਼ਮਣ ਹਨ। ਇਹੀ ਹਾਲ ਪਾਕਿਸਤਾਨੀ ਟੀ.ਵੀ. ਚੈਨਲਾਂ ਦਾ ਹੈ। ਉਹ ਭਾਰਤੀ ਲੋਕਾਂ ਨੂੰ ਪਾਕਿਸਤਾਨ ਦੇ ਦੁਸ਼ਮਣ ਵਜੋਂ ਪੇਸ਼ ਕਰਦੇ ਹਨ। ਅਸਲ ਵਿਚ ਮੀਡੀਆ ਦੋਵੇਂ ਪਾਸੇ ਲੋਕਾਂ ਨੂੰ ਰੱਜ ਕੇ ਬੁੱਧੂ ਬਣਾਉਣ ਲੱਗਾ ਹੋਇਆ ਹੈ। ਇਸ ਸਮੇਂ ਦੋਵੇਂ ਪਾਸੇ 90 ਫ਼ੀ ਸਦੀ ਮੀਡੀਆ 'ਕਾਲੇ ਅੰਗਰੇਜ਼ਾਂ' ਦੇ ਟੋਲੇ ਦਾ ਟੁੱਕੜਬੋਚ ਬਣਿਆ ਹੋਇਆ ਹੈ। 'ਕਾਲੇ ਅੰਗਰੇਜ਼ਾਂ' ਦੀ ਕੁਰਸੀ ਦੀ ਸਲਾਮਤੀ ਲਈ ਜ਼ਰੂਰੀ ਹੈ ਕਿ ਦੋਵਾਂ ਪਾਸਿਆਂ ਦੇ ਲੋਕਾਂ ਨੂੰ, ਇਕ ਦੂਜੇ ਦੇ ਦੁਸ਼ਮਣ ਸਾਬਤ ਕਰਨ ਲਈ ਵੱਧ ਤੋਂ ਵੱਧ ਜ਼ੋਰ ਲਾਇਆ ਜਾਵੇ।

*ਧੁਖਦੇ ਸਿਵਿਆਂ ਦਾ ਕੀ ਮਿਣਨਾ, ਤਖ਼ਤ ਦੇ ਪਾਵੇ ਮਿਣੀਏ।*
*ਜਦ ਤਕ ਉਹ ਲਾਸ਼ਾਂ ਗਿਣਦੇ ਨੇ, ਆਪਾਂ ਵੋਟਾਂ ਗਿਣੀਏ।*

*ਸੁਰਜੀਤ ਪਾਤਰ*

ਕਈ ਇਧਰ ਮੇਰੇ ਵਰਗੇ ਕਹੀ ਜਾਣਗੇ, "ਉਧਰਲਾ ਪੰਜਾਬ ਤਾਂ ਜੀ ਸਾਡੇ ਤੋਂ 30 ਸਾਲ ਪਿਛੇ ਹੈ।" ਜੇ ਜਾਂਦੇ ਰਾਹੀਆਂ ਨੂੰ ਜੱਫੀਆਂ ਪਾਉਣ ਵਾਲੇ, ਮੁਹੱਬਤ ਨੂੰ ਦਿਲਾਂ ਦੇ ਤਾਲਿਆਂ ਦੀ ਚਾਬੀ ਮੰਨਣ ਵਾਲੇ ਪਛੜੇ ਹੋਏ ਹੁੰਦੇ ਹਨ ਤਾਂ ਮੇਰੀ ਦਿਲੀ ਦੁਆ ਹੈ ਕਿ ਉਹ 'ਪਛੜੇ' ਹੋਏ ਹੀ ਰਹਿਣ। ਕਿਤੇ ਸਾਡੇ ਵਾਂਗ 'ਤਰੱਕੀ' ਕਰ ਕੇ, ਰਿਸ਼ਤਿਆਂ ਦੇ ਲਹੂ ਨਾਲ ਅਪਣੇ ਘਰਾਂ ਦੀਆਂ ਕੰਧਾਂ ਨਾ ਪਲੱਸਤਰ ਕਰਨ ਲੱਗ ਪੈਣ। ਸਾਡੇ ਵਰਗੇ ਜਿਹੜੇ ਹਰ ਰਿਸ਼ਤੇ ਨੂੰ ਪੈਸਿਆਂ ਦੀ ਟੁਣਕਾਰ ਨਾਲ ਖੜਕਾ ਕੇ ਵੇਖਦੇ ਹਨ, ਉਹ ਤਾਂ ਉਨ੍ਹਾਂ ਦੀ ਅੱਖਾਂ ਵਿਚ ਤੈਰਦੇ ਰਿਸ਼ਤਿਆਂ ਦੇ ਸਮੁੰਦਰ ਵਿਚ ਤਾਰੀ ਵੀ ਨਹੀਂ ਲਾ ਸਕਦੇ, ਗੋਤਾ ਲਾਉਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਇਕ ਦਿਨ ਨਨਕਾਣਾ ਸਾਹਿਬ ਬਾਜ਼ਾਰ 'ਚੋਂ ਲੰਘ ਰਿਹਾ ਸੀ ਕਿ ਸੜਕ ਕਿਨਾਰੇ ਇਕ ਦੁਕਾਨ ਅੱਗੇ ਇਕ ਬਜ਼ੁਰਗ ਬਾਬਾ ਕੁਰਸੀ 'ਤੇ ਬੈਠਾ ਸ਼ੁਰਲੀਆਂ ਛੱਡ ਰਿਹਾ ਸੀ। ਉਹ ਕਹਿ ਰਿਹਾ ਸੀ, "ਰੱਬ ਨੇ ਬੰਦੇ ਨੂੰ ਪੇਟ ਲਾ ਕੇ ਸੱਭ ਤੋਂ ਵੱਡਾ ਬਖੇੜਾ ਖੜਾ ਕੀਤੈ। ਜੇ ਪੇਟ ਨਾ ਹੁੰਦਾ ਤਾਂ ਫਿਰ ਕੀ ਲੋੜ ਸੀ ਕੰਮ-ਧੰਦਾ ਕਰਨ ਦੀ। ਮੌਜ ਨਾਲ 'ਰੱਬ ਦੇ ਕੱਟਿਆਂ' ਨੂੰ ਕੱਖ ਪਾ ਕੇ ਸੌਂ ਜਾਇਆ ਕਰਦੇ।" ਜਦ ਇਹ ਬੋਲ ਮੇਰੇ ਕੰਨਾਂ ਵਿਚ ਪਏ ਤਾਂ ਮੇਰੇ ਕੋਲੋਂ ਚੁੱਪ ਨਾ ਰਿਹਾ ਗਿਆ। ਉਂਜ ਵੀ ਜਦ ਤਕ ਦਿਨ ਵਿਚ ਦੋ ਚਾਰਾਂ ਨੂੰ ਗੱਲਾਂ ਦਾ ਕੜਾਹ ਨਾ ਖੁਆ ਦਿਆਂ, ਮੇਰੀ ਰੂਹ ਨੂੰ ਚੈਨ ਨਹੀਂ ਆਉਂਦਾ। ਮੈਂ ਬਾਬੇ ਦੀ ਗੱਲ ਨੂੰ ਬੋਚਦਿਆਂ ਕਿਹਾ, "ਬਾਬਾ ਲੱਖ ਰੁਪਏ ਦੀ ਗੱਲ ਕੀਤੀ ਆ।" ਅੱਗੋਂ ਉਸ ਨੇ ਮੇਰੇ 'ਤੇ ਮਿਜ਼ਾਈਲ ਦਾਗੀ, "ਆਜਾ, ਤੂੰ ਵੀ ਸੁਣਾ ਜਾ ਕੋਈ ਸੌ ਦੋ ਸੌ ਰੁਪਏ ਵਾਲੀ।" ਮੈਨੂੰ ਹੋਰ ਕੀ ਚਾਹੀਦਾ ਸੀ, ਜ਼ਬਾਨ 'ਤੇ ਲੱਗਾ ਜੰਗਾਲ ਉਤਾਰਨ ਲਈ ਬਾਬਾ 'ਗੱਲਾਂ ਦੀ ਦਾਤਣ' ਹੱਥ ਵਿਚ ਫੜ ਕੇ ਅਵਾਜ਼ਾਂ ਮਾਰ ਰਿਹਾ ਸੀ। ਉਸ ਦੇ ਨੇੜੇ ਜਾ ਕੇ ਮੈਂ ਸਲਾਮ ਕੀਤੀ। ਉਧਰ (ਪਾਕਿਸਤਾਨ

ਵਿਚ) ਕੀਤਾ ਜਾਂਦਾ ਸਵਾਲ, ਜਿਹੜਾ ਕਿ ਇਧਰੋਂ ਗਿਆਂ ਨੂੰ ਅਕਸਰ ਹੀ ਪੁਛਿਆ ਜਾਂਦੈ, ਉਸ ਨੇ ਦੁਹਰਾਇਆ, "ਪੁੱਤਰਾ, ਕਿਹੜਾ ਜ਼ਿਲ੍ਹਾ ਏ ਅਪਣਾ?" ਮੇਰੇ ਵਲੋਂ ਪਟਿਆਲਾ ਕਹਿਣ 'ਤੇ ਉਹ ਕਹਿਣ ਲੱਗਾ, "ਮੇਰਾ ਜ਼ਿਲ੍ਹਾ ਅੰਬਾਲਾ, ਸਾਡੀ ਤਹਿਸੀਲ ਖਰੜ ਹੁੰਦੀ ਸੀ। ਫਿਰ ਤਾਂ ਤੂੰ ਸਾਡੇ ਇਲਾਕੇ ਪੁਆਧ ਦਾ ਹੀ ਹੋਇਆ। ਦੱਸ ਤੇਰੀ ਕੀ ਸੇਵਾ ਕਰੀਏ?" ਉਸ ਨੇ 'ਸਾਡਾ ਇਲਾਕਾ' ਇਸ ਤਰ੍ਹਾਂ ਕਿਹਾ ਜਿਵੇਂ ਹਾਲੇ ਵੀ ਉਸ ਦੀ ਰੂਹ ਇਥੇ ਹੀ ਬੈਠੀ ਹੋਵੇ। ਉਸ ਦਾ ਨਾਂ ਯੂਸਫ਼ ਗੁੱਜਰ ਸੀ। ਮੈਨੂੰ ਇੰਜ ਲੱਗਾ ਜਿਵੇਂ ਵਕਤ ਘੁੰਮ ਕੇ ਫਿਰ ਸੰਤਾਲੀ ਤੋਂ ਪਿੱਛੇ ਚਲਾ ਗਿਆ ਹੋਵੇ ਤੇ ਮੈਂ ਯੂਸਫ਼ ਗੁੱਜਰ ਨਾਲ ਉਸ ਦੇ ਪਿੰਡ ਵਿਚ ਬੈਠਾ, ਉਸ ਦੀਆਂ ਗੱਲਾਂ ਸੁਣ ਰਿਹਾ ਹੋਵਾਂ। ਯੂਸਫ਼ ਨੇ ਫਿਰ ਜਿਹੜੀਆਂ ਗੱਲਾਂ ਮੇਰੇ ਨਾਲ ਕੀਤੀਆਂ, ਉਨ੍ਹਾਂ 'ਚੋਂ ਪੁਆਧ ਦੀ ਕਿਸੇ ਘੁਲਾੜੀ 'ਤੇ ਪਕਦੇ ਤੱਤੇ ਗੁੜ ਦੀ ਮਹਿਕ ਆਉਂਦੀ ਰਹੀ।

ਜਿਸ ਦਿਨ ਸਵੇਰੇ ਸਾਡੀ ਵਾਪਸੀ ਸੀ, ਉਸ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਮੈਂ, ਜਸਬੀਰ, ਦਿਲ ਮੁਹੰਮਦ ਅਤੇ ਅਸਗ਼ਰ ਭੱਟੀ ਇਕ ਪਾਰਕ ਵਿਚ ਬੈਠੇ ਸੀ। ਸਾਡੇ ਕੋਲ ਕਪੜੇ ਆਦਿ ਜ਼ਿਆਦਾ ਹੋ ਜਾਣ ਕਾਰਨ ਅਸੀ ਸੋਚਿਆ ਕਿ ਇਕ ਬੈਗ਼ ਹੋਰ ਖ਼ਰੀਦਿਆ ਜਾਵੇ। ਜਸਬੀਰ ਤੇ ਦਿਲ ਮੁਹੰਮਦ ਨੂੰ ਉਥੇ ਹੀ ਛੱਡ ਕੇ ਮੈਂ ਤੇ ਅਸਗ਼ਰ ਭੱਟੀ ਲਾਹੌਰ ਦੇ ਮਸ਼ਹੂਰ ਅਨਾਰਕਲੀ ਬਾਜ਼ਾਰ ਤੋਂ ਬੈਗ਼ ਲੈਣ ਚਲੇ ਗਏ। ਉਸ ਦਿਨ ਅਸੀ ਵਿਛੜ ਜਾਣਾ ਸੀ, ਇਸ ਕਰ ਕੇ ਅਸਗ਼ਰ ਭੱਟੀ ਬਹੁਤ ਭਾਵੁਕ ਹੋ ਗਿਆ ਤੇ ਸਾਰਾ ਰਸਤਾ ਉਸ ਦੇ ਹੰਝੂ ਵਗਦੇ ਰਹੇ। ਦੋਸਤੋ, ਕਲਪਨਾ ਕਰੋ ਕਿ ਇਕ ਛੇ ਫ਼ੁਟਾ ਨੌਜੁਆਨ ਸੜਕ 'ਤੇ ਰੋਂਦਾ ਜਾ ਰਿਹੈ। ਉਸ ਨੂੰ ਇਸ ਕਰ ਕੇ ਹੌਲ ਪੈ ਰਹੇ ਹਨ ਕਿ ਕੀ ਪਤਾ ਇਹ ਆਖ਼ਰੀ ਮਿਲਣੀ ਹੀ ਹੋਵੇ। ਫਿਰ ਜੱਫੀਆਂ ਪਾਉਣ ਦਾ ਮੌਸਮ ਖੌਰੇ ਕਦੇ ਨਾ ਆਵੇ।



ਗੁਰਦਵਾਰਾ ਡੇਹਰਾ ਸਾਹਿਬ

*ਉਠ ਚੱਲੇ ਗਵਾਂਢੋ ਯਾਰ, ਰੱਬਾ ਹੁਣ ਕੀ ਕਰੀਏ?*
*ਉਠ ਚਲੇ ਹੁਣ ਰਹਿੰਦੇ ਨਾਹੀ, ਹੋਇਆ ਸਾਥ ਤਿਆਰ*
*ਰੱਬਾ ਹੁਣ ਕੀ ਕਰੀਏ? ਬੁੱਲ੍ਹੇ ਸ਼ਾਹ ਪਿਆਰੇ ਬਾਝੋਂ*
*ਕੌਣ ਲੰਘਾਏ ਪਾਰ, ਰੱਬਾ ਹੁਣ ਕੀ ਕਰੀਏ?*

ਉਸ ਦਿਨ ਸ਼ਾਮ ਨੂੰ, ਹਨੇਰੇ ਵਿਚ ਹੀ, ਅਸੀ ਫਿਰ ਸ਼ਾਹੀ ਕਿਲ੍ਹੇ ਅਤੇ ਗੁਰਦੁਆਰਾ ਡੇਰਾ ਸਾਹਿਬ ਵਿਚਕਾਰਲੀ ਸੜਕ 'ਤੇ ਜਾਂਦੀ ਵਾਰ ਇਕ ਦੂਜੇ ਨੂੰ ਗਲ ਲੱਗ ਕੇ ਮਿਲੇ।

*ਭੁੱਲੀ ਵਿਸਰੀ ਜੇ ਆਈ, ਯਾਦ ਸਾਡੀ ਰੋ ਲਵੀਂ*
*ਰੋਣ ਦੇ ਬਹਾਨੇ ਦਾਗ਼ ਹਿਜਰਾਂ ਦੇ ਧੋ ਲਵੀਂ*





*ਯਾਦਾਂ ਦੇ ਕੁੱਝ ਹਉਕੇ ਤੇਰੇ ਨਾਮ ਕਰ ਚੱਲੇ ਹਾਂ*
*ਅਸੀ ਤੇਰੇ ਸ਼ਹਿਰ ਨੂੰ ਸਲਾਮ ਕਰ ਚੱਲੇ ਹਾਂ*

ਚੱਕ ਸਤਾਰਾਂ ਵਿਚ ਬੈਠੇ ਮੇਰੇ ਭਰਾਵਾਂ ਦਿਲ ਮੁਹੰਮਦ, ਸਲੀਮ ਵਿਰਕ, ਕਰਾਮਤ ਅਲੀ ਤੇ ਮੁਹੰਮਦ ਜ਼ਕਰੀਆ ਆਫ਼ਤਾਬ ਨੇ ਜਿਹੜੀਆਂ ਗਲਵਕੜੀਆਂ ਮੈਨੂੰ ਪਾਈਆਂ, ਦੁਨੀਆਂ ਦੀ ਕਿਹੜੀ ਸਲਤਨਤ ਉਨ੍ਹਾਂ ਦੇ ਤੁਲ ਹੋ ਸਕਦੀ ਸੀ। ਈਦ ਮੌਕੇ ਜਦੋਂ ਮੈਂ ਮਾਸਟਰ ਸਲੀਮ ਵਿਰਕ ਨੂੰ ਫ਼ੋਨ ਕਰ ਕੇ ਕਿਹਾ, "ਉਹ ਦਿਨ ਜ਼ਰੂਰ ਆਵੇਗਾ ਜਦੋਂ ਮੈਂ ਚੱਕ ਸਤਾਰਾਂ ਵਿਚ ਪਹੁੰਚਾਂਗਾ।" ਅੱਗੋਂ ਉਹ ਕਹਿਣ ਲੱਗਾ, "ਉਸ ਤੋਂ ਵੱਧ ਮੁਬਾਰਕ ਦਿਨ ਹੋਰ ਫਿਰ ਕਿਹੜਾ ਹੋਵੇਗਾ? ਜ਼ਿੰਦਗੀ ਦੇ ਜਸ਼ਨਾਂ ਦੀ ਰਾਤ ਹੋਵੇਗੀ ਉਹ, ਜਦੋਂ ਤੁਸੀ ਸਾਡੇ ਵਿਹੜੇ ਵਿਚ, ਮੰਜੇ 'ਤੇ ਬਹਿ ਕੇ, ਰੋਟੀ ਛਕੋਗੇ।"

ਕਰਾਮਤ ਅਲੀ ਫ਼ੋਨ 'ਤੇ ਵਾਰ ਵਾਰ ਕਹਿ ਰਿਹਾ ਸੀ, "ਅੱਲਾ ਮਿਹਰ ਕਰੇਗਾ! ਉਹ ਦਿਨ ਜ਼ਰੂਰ ਆਵੇਗਾ ਜਦੋਂ ਸਾਡਾ ਭਰਾ ਚੱਕ ਸਤਾਰਾਂ ਦੀ ਜੂਹ ਵਿਚ ਹੋਵੇਗਾ ਤੇ ਸਾਨੂੰ ਅਪਣੇ ਚਾਅ ਸਾਂਭਣ ਦੀ ਜਾਚ ਭੁੱਲ ਜਾਵੇਗੀ।" ਦਿਲ ਮੁਹੰਮਦ ਨੂੰ ਜਦੋਂ ਮੈਂ ਫ਼ੋਨ ਕੀਤਾ ਤਾਂ ਆਵਾਜ਼ ਜ਼ਰਾ ਕੱਟ ਕੱਟ ਕੇ ਆ ਰਹੀ ਸੀ। ਦਿਲ ਮੁਹੰਮਦ ਕਹਿਣ ਲੱਗਾ, "ਜਦੋਂ ਤਕ ਸਾਡੇ ਵਿਚਕਾਰ ਕੰਡਿਆਲੀ ਤਾਰ ਹੈ, ਆਵਾਜ਼ ਸਾਫ਼ ਆ ਹੀ ਨਹੀਂ ਸਕਦੀ। ਕੰਡਿਆਲੀ ਤਾਰ ਦੇ ਕੰਡੇ ਸਾਡੀ ਮੁਹੱਬਤ ਦੇ ਸ਼ਬਦਾਂ ਨੂੰ ਚੀਰ ਕੇ ਰੱਖ ਦੇਂਦੇ ਹਨ।" ਜਿਸ ਦਿਨ ਉਸ ਬਾਰੇ ਮੇਰਾ ਲਿਖਿਆ ਲੇਖ "ਪੰਜ ਪਾਣੀਆਂ ਦਾ ਸਿਰਨਾਵਾਂ" ਛਪਿਆ ਤਾਂ ਪਟਿਆਲੇ ਤੋਂ ਮੇਰੇ ਦੋਸਤ ਜਗੀਰ ਸਿੰਘ ਨੇ ਉਸ ਨੂੰ ਫ਼ੋਨ ਕੀਤਾ। ਦਿਲ ਮੁਹੰਮਦ ਨੇ ਉਸ ਨੂੰ ਵੀ ਕਿਹਾ, "ਮੇਰੀ ਜ਼ਿੰਦਗੀ ਦਾ ਸੁਪਨਾ ਹੈ ਕਿ ਮੇਰੀ ਜ਼ਿੰਦਗੀ ਵਿਚ ਉਹ ਦਿਨ ਜ਼ਰੂਰ ਆਵੇ, ਜਦੋਂ ਕਬਾੜੀਏ ਕੰਡਿਆਲੀ ਤਾਰ ਖ਼ਰੀਦ ਕੇ ਲੈ ਜਾਣ।" ਮੁਹੰਮਦ ਜ਼ਕਰੀਆ ਤਾਂ ਲਿਖਦਾ ਵੀ ਹੈ ਤੇ ਉਸ ਨੇ ਮੇਰੀ ਪਾਕਿ ਫੇਰੀ 'ਤੇ ਜਿਹੜੀ ਕਵਿਤਾ ਲਿਖੀ ਉਸ 'ਚੋਂ ਪੰਜਾਬੀਅਤ, ਇਨਸਾਨੀਅਤ ਲਈ ਉਸ ਦਾ ਪਿਆਰ ਠਾਠਾਂ ਮਾਰਦਾ ਸਾਫ਼ ਨਜ਼ਰੀਂ ਪੈਂਦਾ ਹੈ। ਮੁਹੰਮਦ ਜ਼ਕਰੀਆ ਆਫ਼ਤਾਬ ਦੇ ਜਜ਼ਬਾਤ ਦਾ ਰੰਗ ਵੇਖੋ ਜ਼ਰਾ-

*ਅਜ਼ਲ ਤੋਂ ਸਾਡੀਆਂ ਰੂਹਾਂ 'ਚ ਪਿਆਰ ਸੀਗਾ*
*ਤਾਹੀਏਂ ਮੁੱਦਤਾਂ ਤੋਂ ਦਿਲ ਬੇਕਰਾਰ ਸੀਗਾ*

*ਕਦੀ ਤਾਂ ਮੁਲਾਕਾਤ ਹੋਸੀ, ਉਮੀਦ 'ਤੇ ਰਹੇ ਜ਼ਿੰਦਾ*
*ਜਨਮ ਜਨਮ ਤੋਂ ਸਾਨੂੰ ਤੇਰਾ, ਇੰਤਜ਼ਾਰ ਸੀਗਾ*

*ਇੰਜ ਲਗਦਾ ਏ ਸਦੀਆਂ ਤੋਂ ਜਾਣ ਪਛਾਣ ਸੀ*
*ਸੂਫ਼ੀ ਸੰਤ ਤੋਂ ਘੱਟ ਨਹੀਂ ਤੇਰਾ ਦੀਦਾਰ ਸੀਗਾ*

*ਧਰਮ, ਸਮਾਜ ਸਨ ਭਾਵੇਂ ਵੱਖ ਵੱਖ ਸਾਡੇ*
*ਦੋਵੇਂ ਪਾਸੇ ਇਨਸਾਨੀਅਤ ਦਾ ਇਕੋ ਮਿਆਰ ਸੀਗਾ*

*ਭੱਟੀ, ਵਿਰਕ ਤੇ ਕਰਾਮਤ ਬਣੇ ਭਰਾ ਤੇਰੇ*
*ਦਿਲ ਮੁਹੰਮਦ ਤਾਂ ਪਹਿਲਾਂ ਹੀ ਤਰਫ਼ਦਾਰ ਸੀਗਾ*

*ਅਫ਼ਜ਼ਲ ਵੀ ਚਲਦਾ ਫਿਰਦਾ ਆਣ ਮਿਲਿਆ*
*ਉਹ ਵੀ ਤੇਰੀ ਦੀਦ ਦਾ ਤਲਬਗਾਰ ਸੀਗਾ*

*ਸਾਨੂੰ ਯਾਦ ਹੈ ਤੁਸੀ ਵੀ ਚੇਤਾ ਰਖਿਆ ਜੇ*
*ਜਿਸ ਦਿਨ ਪਾ ਗਲਵਕੜੀ ਮਿਲੇ ਦਿਨ ਐਤਵਾਰ ਸੀਗਾ*

*ਸ਼ਾਹੀ ਕਿਲੇ ਲਾਹੌਰ 'ਚ ਹੋਈ ਮੁਲਾਕਾਤ ਸਾਡੀ*
*ਜਿਥੇ ਵਿਛੜੇ ਸਾਂ ਅਨਾਰਕਲੀ ਬਾਜ਼ਾਰ ਸੀਗਾ*

ਉਸ ਨੇ ਮੈਨੂੰ ਪਾਕਿ ਤੋਂ ਚਿੱਠੀ ਵੀ ਭੇਜੀ ਜਿਸ ਵਿਚ ਉਹ ਧਰਤੀ ਮਾਂ ਦੇ ਸਾਂਝੇ ਪੁੱਤਰ ਹੋਣ 'ਤੇ ਮਾਣ ਕਰਦਾ ਹੈ। ਉਸ ਨੇ ਲਿਖਿਆ ਹੈ, "ਤੁਸੀ ਪਾਕਿਸਤਾਨ ਆਏ, ਯਕੀਨ ਕਰੋ ਏਨੀ ਖ਼ੁਸ਼ੀ ਹੋਈ ਜਿੰਨੀ ਕਿਸੇ ਵਿਛੜੇ ਮਾਂ ਜਾਏ ਭਰਾ ਨਾਲ ਮਿਲ ਕੇ ਹੁੰਦੀ ਹੈ। ਖ਼ੁਸ਼ੀ ਹੋਵੇ ਵੀ ਕਿਉਂ ਨਾ, ਆਖ਼ਰ ਅਸੀ ਸਾਂਝੀ ਧਰਤੀ ਮਾਂ ਦੇ ਪੁੱਤਰ ਹਾਂ। ਸਾਡੇ ਸ੍ਰੀਰ ਇਕੋ ਮਿੱਟੀ ਦੇ ਜ਼ੱਰਿਆਂ ਨਾਲ ਬਣਾਏ ਗਏ ਹਨ। ਸਾਡੀਆਂ ਰੂਹਾਂ ਵੀ ਸੋਹਣੇ ਰੱਬ ਨੇ ਇਕੋ ਵਾਰ ਬਣਾਈਆਂ ਸਨ। ਬਸ ਫ਼ਰਕ ਸਿਰਫ਼ ਏਨਾ ਪੈ ਗਿਐ ਕਿ ਅਸੀ ਇਕੋ ਵਿਹੜੇ ਵਿਚ ਵਸਣ ਵਾਲੇ ਅਣਡਿੱਠੇ ਹੱਥਾਂ ਦਾ ਸ਼ਿਕਾਰ ਹੋ ਗਏ। ਉਨ੍ਹਾਂ ਹੱਥਾਂ ਨੇ, ਅਪਣੇ ਸਿਰ ਬਚਾਉਣ ਲਈ, ਸਾਨੂੰ ਆਪਸ ਵਿਚ ਉਲਝਾ ਦਿਤਾ। ਮੂਰਖ ਬਣ ਕੇ ਅਪਣੇ ਵਿਹੜੇ ਵਿਚ ਅੰਬਰਾਂ ਤਕ ਕੰਧ ਖਿੱਚ ਬੈਠੇ ਅਤੇ ਅਨਾਰਕਲੀ ਵਾਂਗ ਆਪਸੀ ਭਾਈਚਾਰਾ ਉਸ ਕੰਧ ਵਿਚ ਚਿਣ ਦਿਤਾ।"

ਚੱਕ ਸਤਾਰਾਂ ਵਿਚ ਬੈਠੇ ਮੇਰੇ ਭਰਾਵੋ, ਤੁਹਾਨੂੰ ਮਿਲਣ ਤੋਂ ਬਾਅਦ, ਤੁਹਾਡੇ ਬੂਹੇ 'ਤੇ ਸਿਜਦਾ ਕਰਨ ਦਾ ਸੁਪਨਾ ਹੋਰ ਵੀ ਪੱਕਾ ਹੋ ਗਿਐ। ਜਿਨ੍ਹਾਂ ਦੀਆਂ ਰੂਹਾਂ ਵਿਚ ਏਨੀ ਪਾਕਿ ਮੁਹੱਬਤ ਹੈ, ਉਹ ਜਿਨ੍ਹਾਂ ਰਾਹਾਂ ਤੋਂ ਰੋਜ਼ ਲੰਘਦੇ ਨੇ, ਜੀਅ ਕਰਦੈ ਉਨ੍ਹਾਂ ਰਾਹਾਂ ਨੂੰ ਚੁੰਮ ਕੇ ਆਈਏ। ਬਸ ਹੁਣ ਉਨ੍ਹਾਂ ਪਲਾਂ ਦੀ ਉਡੀਕ ਹੈ ਜਦੋਂ ਜ਼ਿੰਦਗੀ ਦੇ ਸਿਰਨਾਵੇਂ ਕਾਗ਼ਜ਼ 'ਤੇ ਨਹੀਂ, ਮੁਹੱਬਤਾਂ ਦੀ ਕਿਤਾਬ 'ਤੇ ਲਿਖੇ ਜਾਣਗੇ। ਜਦੋਂ ਅਸੀ ਤੁਹਾਡੇ ਜੂਠੇ ਗਲਾਸ 'ਚੋਂ ਜ਼ਿੰਦਗੀ ਦਾ ਸੱਭ ਤੋਂ ਸੁੱਚਾ ਪਾਣੀ ਪੀਵਾਂਗੇ। ਜਦੋਂ ਤੁਹਾਡੀਆਂ ਗਲਵੱਕੜੀਆਂ ਵਿਚ ਸਾਨੂੰ ਲਗੇਗਾ ਕਿ ਤੁਹਾਡੇ ਤੋਂ ਵੱਡਾ ਸਾਡਾ ਖ਼ੈਰ ਖੁਆਹ ਹੋਰ ਕੌਣ ਹੋ ਸਕਦੈ? ਤੁਹਾਡੇ ਬੂਹਿਆਂ 'ਤੇ ਮੁਹੱਬਤ ਦੇ ਦੀਵੇ ਇਸੇ ਤਰ੍ਹਾਂ ਬਲਦੇ ਰਹਿਣ ਤੇ ਅਸੀ ਉਨ੍ਹਾਂ ਦੀ ਲੋਅ ਵਿਚ, ਕਿਸੇ ਸੱਜਰੀ ਪ੍ਰੀਤ ਦੇ ਸਿਰਨਾਵੇਂ ਦੀ ਬਾਤ ਪਾਉਂਦੇ ਰਹੀਏ। ਅਲਵਿਦਾ!





# ਸਾਡੀ ਸਲਾਮ ਯਾਦ ਰੱਖਣਾ



# ਬੁਝੇ ਸਿਵੇ ਬਲਦੀਆਂ ਯਾਦਾਂ

*-ਮੁਹੰਮਦ ਜ਼ਕਰੀਆ ਆਫ਼ਤਾਬ*

ਅੱਜ ਜੇਠ ਦੀ ਅਠਾਈ ਤਰੀਕ ਸੀ। ਗਰਮੀ ਪੂਰੀ ਤਰ੍ਹਾਂ ਜਵਾਨ ਹੋ ਚੁੱਕੀ ਸੀ। ਦੂਰੋਂ ਭੱਠ ਲੌਂਦੇ ਨਜ਼ਰ ਆ ਰਹੇ ਸਨ। ਪਰਿੰਦੇ ਅਪਣੇ-ਅਪਣੇ ਆਲ੍ਹਣਿਆਂ ਵਿਚ ਲੁਕੇ ਬੈਠੇ ਸਨ। ਪਸ਼ੂ, ਰੁੱਖਾਂ ਦੀ ਠੰਢੀ ਛਾਂ ਥੱਲੇ ਬੈਠੇ ਵੀ ਜੀਭਾਂ ਕਢੀ ਘਰਕਦੇ ਪਏ ਸਨ। ਪਿੰਡ ਦੀ ਮਸੀਤ ਦੇ ਲਾਊਡ ਸਪੀਕਰ 'ਚੋਂ ਆਵਾਜ਼ ਆਈ। ਮੌਲਵੀ ਸਾਹਿਬ ਨੇ ਐਲਾਨ ਕੀਤਾ ਕਿ "ਤਿੰਨ ਵਜੇ ਕਰਮਦੀਨ ਦੀ ਨਮਾਜ਼ੇ-ਜਨਾਜ਼ਾ ਪਿੰਡ ਦੀ ਜਨਾਜ਼ਗਾਹ ਵਿਚ ਪੜ੍ਹੀ ਜਾਵੇਗੀ। ਸਾਰੇ ਪਿੰਡ ਵਾਸੀਆਂ ਨੂੰ ਅਪੀਲ ਹੈ ਕਿ ਇਸ ਨੇਕ ਕੰਮ ਵਿਚ ਹਿੱਸਾ ਲੈਣ।" ਵੇਖਾ-ਵੇਖੀ ਦੂਜੀਆਂ ਮਸੀਤਾਂ ਦੇ ਮੌਲਵੀਆਂ ਨੇ ਵੀ ਅਪਣੀ ਨਮਕ-ਹਲਾਲੀ ਦਾ ਸਬੂਤ ਪੇਸ਼ ਕੀਤਾ। ਅਪਣੀਆਂ-ਅਪਣੀਆਂ ਮਸੀਤਾਂ ਦੇ ਲਾਊਡ ਸਪੀਕਰ ਖੋਲ੍ਹ ਕੇ ਜਨਾਜ਼ੇ ਦੇ ਐਲਾਨ ਨੂੰ ਦੂਹਰਾ ਦਿਤਾ। ਸਾਰੇ ਫ਼ਿਰਕਿਆਂ ਦੇ ਮੌਲਵੀ, ਮੇਰੇ ਹੋਸ਼ ਸੰਭਾਲਣ ਦੀ ਉਮਰ 'ਚ ਕਦੇ ਵੀ ਕਿਸੇ ਜਨਾਜ਼ੇ ਵਿਚ ਇਕੱਠੇ ਨਹੀਂ ਹੋਏ। ਸਿਰਫ਼ ਉਸ ਫ਼ਿਰਕੇ ਦਾ ਮੌਲਵੀ ਹੀ ਜਨਾਜ਼ਾ ਪੜ੍ਹਦਾ ਹੈ ਜਿਸ ਫ਼ਿਰਕੇ ਦਾ ਬੰਦਾ ਮਰਿਆ ਹੋਵੇ। ਘਰ ਵਾਲੇ ਵੀ ਕਿਸੇ ਹੋਰ ਮੌਲਵੀ ਤੋਂ ਇਹ ਫ਼ਰਜ਼ ਅਦਾ ਕਰਾਉਣ ਨੂੰ ਸ਼ਾਇਦ ਗੁਨਾਹ ਸਮਝਦੇ ਨੇ। ਦੂਜੇ ਫ਼ਿਰਕੇ ਦਾ ਮੌਲਵੀ, ਜਨਾਜ਼ੇ ਵਿਚ ਸ਼ਿਰਕਤ ਕਰਨ ਨੂੰ ਅਪਣੇ ਧਰਮ ਵਿਰੁਧ ਮੰਨਦਾ ਹੈ :

*ਦੀਨ ਨਬੀ ਦਾ ਵਿਗਾੜ ਦਿਤਾ ਦਿਹਾੜੀਦਾਰ ਮੁੱਲਾਂ*
*ਇਸਲਾਮ ਦੀ ਇਕੱਤਰਤਾ ਕੀਤੀ ਤਾਰ-ਤਾਰ ਮੁੱਲਾਂ*

ਕਿਸੇ ਬੰਦੇ ਵਿਚ ਭਾਵੇਂ ਦੁਨੀਆਂ ਭਰ ਦੀਆਂ ਬੁਰਾਈਆਂ ਹੋਣ, ਧਰਮ ਦੇ ਭਾਵੇਂ ਕਿਸੇ ਵੀ ਹੁਕਮ 'ਤੇ ਅਮਲ ਨਾ ਕਰਦਾ ਹੋਵੇ, ਪਰ ਮੌਲਵੀ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ। ਬਸ ਮੌਲਵੀ ਦੀ ਜੇਬ ਗਰਮ ਕਰ ਦੇਵੋ, ਫਿਰ ਚਾਹੇ ਕਿਸੇ ਕਾਫ਼ਰ ਦਾ ਕਸੀਦਾ ਪੜ੍ਹਵਾ ਲਵੋ। ਇੰਜ ਸਮਝ ਲਉ ਜਿਵੇਂ ਪਿੰਡਾਂ ਵਿਚ ਤਰਖਾਣਾਂ, ਲੁਹਾਰਾਂ ਤੇ ਮੋਚੀਆਂ ਦਾ ਕੰਮ ਕਰਨ ਵਾਲਿਆਂ ਦੇ ਜ਼ਿਮੀਂਦਾਰ ਸੇਪੀ ਹੁੰਦੇ ਸਨ। ਇਸੇ ਤਰ੍ਹਾਂ ਮੌਲਵੀਆਂ ਦੀ ਵੀ ਸੇਪੀ ਹੀ ਹੈ। ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੀ ਸੇਪੀ ਕੋਈ ਹੋਰ ਤੋੜ ਕੇ ਲੈ ਜਾਵੇ। ਜਿਸ ਤਰ੍ਹਾਂ ਸਿਆਸਤਦਾਨ, ਕਿਸੇ ਵੀ ਪ੍ਰੋਗਰਾਮ ਵਿਚ ਕਦੇ ਸਮੇਂ 'ਤੇ ਨਹੀਂ ਆਏ, ਇਸੇ ਤਰ੍ਹਾਂ ਜਨਾਜ਼ੇ ਦਾ ਵਕਤ ਤਿੰਨ ਵਜੇ ਦਾ ਰਖਿਆ ਗਿਆ ਸੀ ਪਰ ਪੜ੍ਹਿਆ ਸਾਢੇ ਤਿੰਨ ਵਜੇ ਗਿਆ। ਜਨਾਜ਼ੇ ਤੋਂ ਵਿਹਲੇ ਹੋ ਕੇ ਜਿਹੜੇ ਜ਼ਿਆਦਾ ਕਾਹਲੇ ਸਨ, ਉਹ ਜਨਾਜ਼ਗਾਹ ਤੋਂ ਹੀ ਵਾਪਸ ਪਰਤ ਆਏ। ਥੋੜ੍ਹੇ ਜਹੇ ਲੋਕ ਰਹਿ ਗਏ ਜਿਹੜੇ ਬਾਬੇ ਕਰਮਦੀਨ ਦੀ ਮਈਅਤ ਨੂੰ





ਮੋਢਾ ਦੇ ਕੇ ਕਬਰਸਤਾਨ ਅੰਦਰ ਲੈ ਆਏ। ਤਿੰਨ-ਚਾਰ ਜਵਾਨ ਬਾਬੇ ਕਰਮਦੀਨ ਨੂੰ ਕਬਰ ਵਿਚ ਉਤਾਰਨ ਦੀ ਤਿਆਰੀ ਕਰਨ ਲੱਗੇ ਤੇ ਬਾਕੀ ਦੇ ਏਧਰ-ਔਧਰ ਰੁੱਖਾਂ ਦੀ ਛਾਵੇਂ ਜਾ ਬੈਠੇ। ਮੈਂ ਵੀ ਥੋੜ੍ਹੇ ਜਹੇ ਫ਼ਾਸਲੇ 'ਤੇ ਇਕ ਦਰੱਖ਼ਤ ਦੀ ਸੰਘਣੀ ਛਾਂ ਹੇਠਾਂ ਜਾ ਬੈਠਾ। ਮੇਰੇ ਕੋਲ ਬਾਬਾ ਸ਼ਫ਼ੀ ਮੁਹੰਮਦ ਖਲੋਤਾ ਸੀ। ਪਤਾ ਨਹੀਂ ਉਸ ਨੂੰ ਕੀ ਸੁੱਝੀ, ਉਹ ਪਹਾੜ ਤੋਂ ਦੱਖਣ ਵਲ ਪੰਝਤਰ ਕੁ ਫੁੱਟ ਜਾ ਕੇ ਪਿੱਛੇ ਮੁੜਿਆ ਆ ਰਿਹਾ ਸੀ ਤੇ ਅਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ। ਪਹਿਲਾਂ ਤਾਂ ਮੈਂ ਸਮਝਿਆ ਕਿ ਸ਼ਾਇਦ ਉਮਰ ਜ਼ਿਆਦਾ ਹੋ ਗਈ ਹੈ, ਇਸ ਲਈ ਬੁੜਬੁੜਾ ਰਿਹਾ ਹੈ ਪਰ ਜਦੋਂ ਉਸ ਨੇ ਮੇਰੇ ਕੋਲ ਖਲੋ ਕੇ ਕਿਹਾ ਕਿ "ਇਹ ਜ਼ਮੀਨੀ ਫ਼ਾਸਲਾ ਤਾਂ ਅੱਜ ਤੋਂ ਤਰੇਂਹਠ ਵਰ੍ਹੇ ਪਹਿਲਾਂ ਵੀ ਪੰਝੀ ਕਰਮਾਂ ਸੀ ਤੇ ਅੱਜ ਵੀ ਪੰਝੀ ਕਰਮਾਂ ਹੀ ਹੈ ਪਰ ਜੁਦਾਈਆਂ ਦਾ ਫ਼ਾਸਲਾ ਹਰ ਦਿਨ ਵਧਦਾ ਹੀ ਜਾ ਰਿਹਾ ਹੈ।" ਮੈਂ ਬਾਬੇ ਕੋਲੋਂ ਪੁਛਿਆ, "ਬਾਬਾ ਜੀ, ਕਿਹੜੀਆਂ ਜੁਦਾਈਆਂ ਤੇ ਕਿਹੜੇ ਫ਼ਾਸਲੇ ਦੀ ਗੱਲ ਕਰਦੇ ਹੋ।" ਬਾਬੇ ਨੇ ਹਉਕਾ ਭਰ ਕੇ ਕਿਹਾ, 'ਪੁੱਤਰਾ, ਤੈਨੂੰ ਕੀ ਪਤਾ, ਤੂੰ ਤਾਂ ਹਾਲੇ ਕਲ ਦਾ ਮੁੰਡਾ ਹੈਂ। ਇਹ ਜਿਹੜਾ ਫ਼ਾਸਲਾ ਮੈਂ ਮਿਣ ਕੇ ਆ ਰਿਹਾ ਹਾਂ, ਇਥੇ ਮੇਰੇ ਪਿਆਰੇ ਮਿੱਤਰ ਸ. ਕਿਰਪਾਲ ਸਿੰਘ ਗਾਗੜਈਏ ਦੇ ਪਿਉ ਦਾ ਸਿਵਾ ਬਲਿਆ ਸੀ। ਮੈਂ ਵੀ ਅਰਥੀ ਦੇ ਨਾਲ ਆਇਆ ਸਾਂ। ਮੈਂ ਕੀ, ਉਦੋਂ ਸਾਰਾ ਪਿੰਡ ਹੀ ਜਨਾਜ਼ੇ, ਅਰਥੀਆਂ ਨਾਲ ਆਉਂਦਾ ਹੁੰਦਾ ਸੀ। ਹਿੰਦੂ, ਮੁਸਲਮਾਨ, ਸਿੱਖ ਸਾਰਿਆਂ ਦਾ ਆਪਸ ਵਿਚ ਬਹੁਤ ਪਿਆਰ ਸੀ। ਸਾਡੇ ਵਿਚਕਾਰ ਕਦੇ ਵੀ ਧਰਮਾਂ ਨੇ ਅੜਿੱਕਾ ਨਹੀਂ ਖੜਾ ਕੀਤਾ ਸੀ।" ਮੈਂ ਕਿਹਾ, "ਬਾਬਾ ਜੀ, ਤੁਸੀ ਕਹਿੰਦੇ ਹੋ ਕਿ ਇਸ ਦਰੱਖ਼ਤ ਤੋਂ ਪੰਝੀ ਕਰਮਾਂ ਦੂਰ ਕਿਰਪਾਲ ਸਿੰਘ ਹੋਰਾਂ ਦੇ ਬਾਪੂ ਜਗੀਰ ਸਿੰਘ ਦੇ ਸਿਵੇ ਵਾਲੀ ਥਾਂ ਹੈ ਪਰ ਤੁਸੀ ਤਾਂ ਨੇੜਿਉਂ ਮੁੜ ਆਏ ਜੇ।" ਬਾਬੇ ਸ਼ਫ਼ੀ ਮੁਹੰਮਦ ਨੇ ਸੱਜੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ, 'ਔਹ ਜੰਡ ਦਾ ਰੁੱਖ ਇਥੋਂ ਪੰਦਰਾਂ ਕਰਮਾਂ ਦੂਰ ਹੈ ਤੇ ਉਸ ਤੋਂ ਠੀਕ ਦਸ ਕਰਮਾਂ ਅੱਗੇ ਉਹ ਥਾਂ ਹੈ।" ਬਾਬੇ ਨੇ ਅਪਣੀ ਗੱਲ ਜਾਰੀ ਰਖਦਿਆਂ ਕਿਹਾ, "ਇਹ ਸਿਵੇ ਕਦੋਂ ਦੇ ਠੰਢੇ ਹੋ ਚੁੱਕੇ ਹਨ ਪਰ ਮੇਰੇ ਦਿਲ ਵਿਚ ਜੁਦਾਈਆਂ ਦੇ ਜਿਹੜੇ ਭਾਂਬੜ ਬਲ ਰਹੇ ਹਨ, ਇਨ੍ਹਾਂ ਨੇ ਕਦੇ ਮੈਨੂੰ ਚੈਨ ਨਾਲ ਬੈਠਣ ਨਹੀਂ ਦਿਤਾ।" ਉਧਰ ਬਾਬੇ ਕਰਮਦੀਨ ਨੂੰ ਕਬਰ ਵਿਚ ਉਤਾਰ ਦਿਤਾ ਗਿਆ। ਕਬਰ ਉਤੇ ਸੀਮੈਂਟ ਦੀਆਂ ਸਲੈਬਾਂ ਰਖਦਾ ਹੋਇਆ ਇਕ ਬੰਦਾ ਬੋਲਿਆ, 'ਆ ਜਾਉ ਬਈ, ਜਿਸ ਨੇ ਮਿੱਟੀ ਪਾਉਣੀ ਹੈ, ਆ ਕੇ ਪਾ ਲਵੇ।" ਮਰਨ ਵਾਲੇ ਨਾਲ ਜਿੰਨਾ-ਜਿੰਨਾ ਕਿਸੇ ਨੂੰ ਪਿਆਰ ਸੀ, ਉਸੇ ਹਿਸਾਬ ਨਾਲ ਉਸ ਨੇ ਮਿੱਟੀ ਪਾਉਣੀ ਸ਼ੁਰੂ ਕਰ ਦਿਤੀ। ਕੋਈ ਤਿੰਨ ਬੁੱਕ ਮਿਟੀ ਪਾ ਕੇ, ਹੱਥ ਝਾੜ ਕੇ ਪਰ੍ਹਾਂ ਹੋ ਗਿਆ ਤੇ ਕਈ ਬੰਦੇ ਹੱਥ ਬਦਲ ਕੇ ਵਾਰੋ-ਵਾਰੀ ਕਬਰ ਪੂਰੀ ਹੋਣ ਤਕ ਕਹੀਆਂ ਨਾਲ ਮਿੱਟੀ ਪਾਉਂਦੇ ਰਹੇ। ਜਦੋਂ ਕਬਰ ਤਿਆਰ ਹੋ ਗਈ ਤਾਂ ਮਰਨ ਵਾਲੇ ਦੇ ਪੁੱਤਰ ਨੇ ਕਬਰ 'ਤੇ ਪਾਣੀ ਤਰੌਂਕ ਕੇ ਕਿਹਾ, "ਮੌਲਵੀ ਜੀ ਆ ਜਾਉ, ਦੁਆ ਕਰੋ।" ਮੌਲਵੀ ਵਲ ਵੇਖ ਕੇ ਦੂਜਿਆਂ ਨੇ ਵੀ ਹੱਥ ਚੁੱਕ ਲਏ। ਮੌਲਵੀ, ਮਰਨ ਵਾਲੇ ਦੀ ਹੈਸੀਅਤ ਵੇਖ ਕੇ ਦੁਆ ਮੰਗਦੇ ਨੇ। ਜੇ ਮਰਨ ਵਾਲਾ ਚੰਗੇ ਪੈਸੇ ਵਾਲਾ ਹੋਵੇ ਤਾਂ ਦੁਆ ਵੀ ਲੰਮੀ ਮੰਗਦੇ ਨੇ, ਨਹੀਂ ਤਾਂ ਚਾਰ ਕੁ ਅੱਖਰ ਪੜ੍ਹ ਕੇ, ਮੂੰਹ 'ਤੇ ਹੱਥ ਫੇਰ ਕੇ ਅਪਣੀ ਰਾਹ ਲੈਂਦੇ ਨੇ। ਇਥੇ ਵੀ ਮੌਲਵੀ ਨੇ ਛੋਟੀ ਦੁਆ ਮੰਗਣੀ ਹੀ ਠੀਕ ਸਮਝੀ। ਸੁਲਤਾਨ ਬਾਹੂ ਹੋਰਾਂ ਨੇ

ਠੀਕ ਹੀ ਫ਼ੁਰਮਾਇਆ ਹੈ:

*ਜਿਥੇ ਵੇਖਣ ਚੰਗਾ ਚੋਖਾ, ਉਥੇ ਪੜ੍ਹਨ ਕਲਾਮ ਸਿਵਾਈ ਹੂ ।*

ਦੁਆ ਮੰਗਣ ਤੋਂ ਬਾਅਦ ਬਾਕੀ ਲੋਕ ਤਾਂ ਪਿੰਡ ਨੂੰ ਚਲੇ ਗਏ ਪਰ ਮੈਂ ਤੇ ਬਾਬਾ ਸ਼ਫ਼ੀ ਮੁਹੰਮਦ ਫਿਰ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਨ ਲਈ ਉਸੇ ਦਰੱਖ਼ਤ ਥੱਲੇ ਜਾ ਬੈਠੇ ਜਿਥੇ ਥੋੜੀ ਦੇਰ ਪਹਿਲਾਂ, ਬਾਬਾ ਅਪਣੇ ਮਿੱਤਰ ਕਿਰਪਾਲ ਸਿੰਘ ਬਾਰੇ ਅਪਣੀ ਮੁਹੱਬਤ ਦਾ ਪ੍ਰਗਟਾਵਾ ਕਰ ਰਿਹਾ ਸੀ। ਬਾਬੇ ਨੇ ਫਿਰ ਲੜੀ ਜੋੜੀ ਤੇ ਕੁੱਝ ਦੂਰ ਇਸ਼ਾਰਾ ਕਰਦਿਆਂ ਕਿਹਾ, "ਪੁੱਤਰਾ, ਇਹ ਜਿਹੜੇ ਰੁੱਖ ਨਜ਼ਰ ਆ ਰਹੇ ਨੇ, ਔਹ ਜੰਡ ਤੇ ਨਿੰਮ, ਬੇਰੀ, ਇਹ ਰੁੱਖ ਵੀ ਸਾਡੀ ਸਾਂਝ ਦੀ ਨਿਸ਼ਾਨੀ ਨੇ। ਇਹ ਕਬਰਸਤਾਨ ਅਤੇ ਸਿਵੇ ਵੀ ਸਾਡੇ ਸਾਂਝੇ ਸਨ। ਔਹ ਵੱਡਾ ਪਿੱਪਲ ਦਾ ਬਿਰਛ ਏ ਨਾ, ਇਹਦੀ ਛਾਂ ਥੱਲੇ ਪੂਰੀਆਂ ਗਰਮੀਆਂ ਅਸੀ ਇਕੱਠਿਆਂ ਗੁਜ਼ਾਰਦੇ ਸਾਂ। ਆਜ਼ਾਦੀ (ਜਿਹੜੀ ਬਾਅਦ ਵਿਚ ਬਰਬਾਦੀ ਬਣ ਗਈ) ਦੇ ਨਾਹਰੇ ਵੀ ਇਕੱਠੇ ਹੀ ਲਾਉਂਦੇ ਸਾਂ।" ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਕਬਰਸਤਾਨ ਦਾ ਅੱਧ, ਸਿਵਿਆਂ ਦਾ ਹਿੱਸਾ ਹੈ। ਜਿਹੜਾ ਅਜਕਲ ਈਸਾਈਆਂ ਨੇ ਅਪਣੀਆਂ ਕਬਰਾਂ ਵਾਸਤੇ ਮਲਿਆ ਹੋਇਆ ਹੈ। ਥੋੜੇ ਜਹੇ ਹਿੱਸੇ ਵਿਚ ਮੁਸਲਮਾਨਾਂ ਦੀਆਂ ਕਬਰਾਂ ਹਨ। ਮੈਂ ਕਿਹਾ, "ਬਾਬਾ ਜੀ, ਤਰੇਂਹਠ ਸਾਲ ਗੁਜ਼ਰ ਗਏ ਨੇ ਤੁਹਾਨੂੰ ਇਕ-ਦੂਜੇ ਤੋਂ ਵਿਛੜਿਆਂ, ਤੁਸੀ ਅਜੇ ਤਕ ਅਪਣੇ ਮਿੱਤਰਾਂ ਨੂੰ ਭੁੱਲੇ ਨਹੀਂ।" ਬਾਬਾ ਜੀ ਨੇ ਮੇਰੇ ਸਵਾਲ ਦਾ ਜਵਾਬ ਕੁੱਝ ਇਸ ਤਰ੍ਹਾਂ ਦਿਤਾ :

*ਬੁਝੇ ਸਿਵੇ ਪਰ ਦਿਲ ਵਿਚ ਯਾਦਾਂ ਬਲਦੀਆਂ ਨੇ*
*ਮੈਂ ਲੱਖ ਬੁਝਾਉਂਦਾ ਪਰ ਇਹ ਹੋਰ ਵਧੇਰੇ ਜਲਦੀਆਂ ਨੇ*

*ਭਾਵੇਂ ਤਰੇਂਹਠ ਸਾਲ ਦਾ ਲੰਮਾ ਵਕਤ ਵਿਹਾਇਆ ਹੈ*
*ਪਰ ਮੈਨੂੰ ਇਹ ਗੱਲਾਂ ਲਗਦੀਆਂ ਕਲ ਦੀਆਂ ਨੇ*

*ਇਕੱਠਿਆਂ ਜਿਹੜੇ ਵਕਤ ਗੁਜ਼ਾਰੇ, ਉਹ ਭੁੱਲਦੇ ਨਹੀਂ*
*ਬਾਝ ਪਿਆਰਿਆਂ ਇਹ ਸਾਹਵਾਂ ਔਖੀਆਂ ਚਲਦੀਆਂ ਨੇ*

"ਸਿਵਿਆਂ ਦੀ ਸੁਆਹ ਤਾਂ ਭਾਵੇਂ ਵੇਲੇ ਦੇ ਤੂਫ਼ਾਨਾਂ ਨੇ ਉਡਾ ਦਿਤੀ ਹੈ। ਸਿਵਿਆਂ ਦੀ ਲਾਲੀ ਉਤੇ ਵਕਤ ਦੀ ਧੂੜ ਜੰਮ ਚੁੱਕੀ ਹੈ ਪਰ ਮੇਰੇ ਦਿਲ ਦੀ ਜ਼ਮੀਨ 'ਤੇ ਜੁਦਾਈ ਦਾ ਜਿਹੜਾ ਜ਼ਖ਼ਮ ਹੈ, ਉਹ ਕਦੇ ਨਹੀਂ ਪੁਰ ਹੋਣਾ।"

ਬਾਬੇ ਨੇ ਲੰਮਾ ਸਾਹ ਭਰਦਿਆਂ ਕਿਹਾ। ਇਸ ਦੇ ਨਾਲ ਹੀ ਉਸ ਨੇ ਹਿਜਰ ਵਿਛੋੜੇ ਦੀ ਇਕ ਕਵਿਤਾ ਪੜ੍ਹੀ :

*ਜਿਸ ਦਿਨ ਦਾ ਤੂੰ ਵਿਛੜਿਆ, ਹੋਠਾਂ ਤੋਂ ਮੁਸਕਾਨ ਗਈ*
*ਇੰਜ ਲਗਦਾ ਏ ਜੁੱਸੇ 'ਚੋਂ ਜਿਵੇਂ ਜਾਨ ਗਈ*





*ਪਲ-ਪਲ ਤੇਰੀ ਯਾਦ ਸਤਾਵੇ, ਇਕ ਪਲ ਚੈਨ ਨਾ ਆਵੇ*
*ਖਾਣਾ-ਪੀਣਾ ਭੁਲਾ ਮੈਨੂੰ ਹਾਸਾ ਮੂਲ ਨਾ ਆਵੇ*

*ਰੁੱਤਾਂ ਬਦਲੀਆਂ, ਨਾ ਬਦਲੀ ਹਾਲਤ ਦਿਲ ਦੀ*
*ਯਾਦ ਤੇਰੀ ਜ਼ਖ਼ਮ ਹਰ ਵੇਲੇ ਦਿਲ ਦੇ ਛਿਲਦੀ*

*ਪੜ੍ਹਨ ਸੁਣਨ ਵਾਲੇ ਕੀ ਜਾਣਨ ਦਰਦ ਜੁਦਾਈਆਂ*
*ਜਾ ਕੇ ਪੁੱਛ ਉਨ੍ਹਾਂ ਥੀਂ ਪੇਸ਼ ਜਿਨ੍ਹਾਂ ਦੇ ਆਈਆਂ*

*ਇਕੱਲਾ ਰੁੱਖ ਉਜਾੜਾਂ ਦੇ ਵਿਚ ਹਰ ਦੰਮ ਡੋਲੇ*
*ਸਹਿੰਦਾ ਦੁੱਖ ਚੁੱਪ ਚੁਪੀਤੇ, ਮੂੰਹੋਂ ਕੁੱਝ ਨਾ ਬੋਲੇ*

*ਅੱਲਾ ਜਾਣੇ ਕਿਹੜੇ ਰੰਗ ਵਿਚ ਵਸਦਾ ਮਾਹੀ*
*ਮੁੱਦਤਾਂ ਹੋਈਆਂ ਉਸ ਦੀ ਖ਼ਬਰ ਕੋਈ ਨਾ ਆਈ*

*ਦਿਲ ਵਿਚ ਵਸਣ ਵਾਲੇ ਧੌਰੇ ਕਿਹੜੇ ਦੇਸ਼ ਸਧਾਏ*
*ਕਿਹੜੀ ਗੱਲੋਂ ਰੁੱਸੇ ਪਰਤ ਕੇ ਫਿਰ ਨਾ ਆਏ*

ਕਵਿਤਾ ਪੜ੍ਹਨ ਤੋਂ ਬਾਅਦ ਬਾਬੇ ਸ਼ਫ਼ੀ ਮੁਹੰਮਦ ਦਾ ਚਿਹਰਾ ਉਸ ਤਪੱਸਵੀ ਵਾਂਗ ਸ਼ਾਂਤ ਸੀ ਜਿਸ ਨੂੰ ਉਸ ਦੀ ਤਪੱਸਿਆ ਦਾ ਫੱਲ ਮਿਲ ਗਿਆ ਹੋਵੇ। ਭਖਦੀ ਗਰਮੀ ਵਿਚ ਉਸ ਦਾ ਵਜੂਦ ਠੰਢਾ ਸੀਤ ਹੋ ਗਿਆ ਸੀ। ਬਾਬੇ ਨੂੰ ਚੁੱਪ ਵੇਖ ਕੇ ਮੈਂ ਸਵਾਲ ਕੀਤਾ, "ਕਿਰਪਾਲ ਸਿੰਘ ਇਕੱਲਾ ਹੀ ਸੀ ਜਾਂ ਉਸ ਦਾ ਕੋਈ ਹੋਰ ਭਰਾ ਵੀ ਇਥੇ ਰਹਿੰਦਾ ਸੀ? ਪਿੰਡ ਵਿਚ ਉਨ੍ਹਾਂ ਦਾ ਘਰ ਕਿਥੇ ਸੀ?"

ਬਾਬੇ ਨੇ ਕਿਹਾ, "ਹੁਣ ਤੂੰ ਚੁੱਪ ਕਰ ਜਾ, ਮੈਂ ਤੈਨੂੰ ਸਾਰੀ ਕਹਾਣੀ ਸੁਣਾਉਂਦਾ ਹਾਂ। ਮੇਰਾ ਪਿਉ ਝੰਡਾ ਇਸ ਪਿੰਡ ਵਿਚ ਆ ਕੇ ਆਬਾਦ ਹੋਇਆ ਸੀ। ਅਸੀ ਇਥੇ ਕਪੜਾ ਉਣਨ ਦਾ ਕੰਮ ਕਰਦੇ ਸਾਂ। ਉਹਨੀਂ ਦਿਨੀਂ ਸ. ਜਗੀਰ ਸਿੰਘ ਨੇ ਵੀ ਇਥੇ ਦੋ ਰਕਬੇ ਮੁਰੱਬਾ ਖ਼ਰੀਦ ਲਿਆ। ਉਨ੍ਹਾਂ ਦਾ ਪਿਛਲਾ ਪਿੰਡ ਕਸੂਰ ਨੇੜੇ ਗੱਗੜ ਸੀ, ਇਸ ਲਈ ਇਥੇ ਉਹ ਗਾਗੜੀਏ ਦੇ ਨਾਂ ਨਾਲ ਮਸ਼ਹੂਰ ਹੋ ਗਏ। ਜਿਥੇ ਤੇਰੇ ਨਾਨਕੇ ਮੁਹੰਮਦ ਹੁਸੈਨ ਕੇ ਭਾਰਤ 'ਚੋਂ ਆਏ ਅਬਾਦ ਹੋਏ ਨੇ, ਇਹ ਹਵੇਲੀ ਉਨ੍ਹਾਂ ਦੀ ਸੀ। ਜਗੀਰ ਸਿੰਘ ਹੋਰਾਂ ਦੇ ਚਾਰ ਪੁੱਤਰ ਸਨ। ਕਿਰਪਾਲ ਸਿੰਘ ਗਾਗੜੀਆ, ਇੰਦਰ ਸਿੰਘ ਗਾਗੜੀਆ, ਅਰਜਨ ਸਿੰਘ ਗਾਗੜੀਆ ਤੇ ਪਿਆਰ ਸਿੰਘ ਗਾਗੜੀਆ। ਵੱਡਾ ਪੁੱਤਰ ਪਿਆਰ ਸਿੰਘ ਗਾਗੜੀਆ ਲਗਭਗ ਮੇਰਾ ਹਾਣੀ ਸੀ। ਸਾਡੇ ਅਤੇ ਉਨ੍ਹਾਂ ਦੇ ਘਰ ਦਾ ਲਗਭਗ ਦੋ ਸੌ ਫੁੱਟ ਫਾਸਲਾ ਸੀ। ਅਸੀ ਰਾਤ ਨੂੰ ਕੰਮਕਾਜ ਤੋਂ ਵਿਹਲੇ ਹੋ ਕੇ ਮਹਿਫ਼ਲਾਂ ਸਜਾਉਣੀਆਂ ਤੇ ਲੁੱਕਣ-ਮੀਟੀ ਖੇਡਣਾ। ਉਦੋਂ ਪਿੰਡਾਂ ਵਿਚ ਅਖ਼ਬਾਰ, ਰੇਡੀਉ ਵਗ਼ੈਰਾ ਦਾ ਕਿਸੇ ਨੂੰ ਨਾਂ ਵੀ ਪਤਾ ਨਹੀਂ ਸੀ। ਕੋਈ ਬੰਦਾ ਸ਼ਹਿਰ ਜਾਂਦਾ ਤੇ ਉਹ ਆ ਕੇ ਦਸਦਾ ਕਿ ਦੇਸ਼ ਆਜ਼ਾਦ ਹੋ ਰਿਹਾ ਹੈ। ਅੰਗਰੇਜ਼ ਬੜੀ ਛੇਤੀ ਦੇਸ਼ ਛੱਡ ਕੇ ਚਲੇ ਜਾਣਗੇ ਤੇ ਫਿਰ ਅਸੀ ਆਜ਼ਾਦ ਹੋ ਜਾਵਾਂਗੇ। 1940 ਤੋਂ ਬਾਅਦ ਇਹ

ਵੀ ਸੁਣਨ ਲੱਗ ਪਏ ਕਿ ਮੁਸਲਮਾਨਾਂ ਲਈ ਵਖਰੇ ਦੇਸ਼ ਦੀ ਮੰਗ ਜ਼ੋਰ ਫੜ ਰਹੀ ਹੈ।"

ਬਾਬੇ ਨੇ ਬੀਤੇ ਦੀਆਂ ਯਾਦਾਂ ਨੂੰ ਕੁਰੇਦਿਆ, "ਜਿਵੇਂ-ਜਿਵੇਂ ਪਾਕਿਸਤਾਨ ਦੀ ਮੰਗ ਜ਼ੋਰ ਫੜਦੀ ਗਈ, ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੇ ਮਨਾਂ ਵਿਚ ਅਣਡਿੱਠ ਜਿਹਾ ਡਰ ਜਨਮ ਲੈਣ ਲੱਗ ਪਿਆ। ਉਂਜ ਇਕ-ਦੂਜੇ ਨਾਲ ਮਿਲਵਰਤਣ ਵਿਚ ਕੋਈ ਫ਼ਰਕ ਨਾ ਆਇਆ ਪਰ ਅੰਦਰੋ ਅੰਦਰੀਂ ਇਕ-ਦੂਜੇ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਣ ਲੱਗ ਪਏ।" ਬਾਬੇ ਨੇ ਫਿਰ ਧਰਤੀ ਤੋਂ ਡੱਕਾ ਚੁੱਕ ਕੇ ਤੋੜਦਿਆਂ ਕਿਹਾ, "ਪੁੱਤਰਾ, ਜਦੋਂ ਮੁਲਕ ਟੁਟਦੇ ਨੇ ਤਾਂ ਬੇਗੁਨਾਹ ਇਨਸਾਨਾਂ ਦਾ ਕਤਲੇਆਮ ਹੁੰਦੈ, ਵੱਡੇ-ਵੱਡੇ ਜਗੀਰਦਾਰ, ਇਕ ਵਕਤ ਦੀ ਰੋਟੀ ਨੂੰ ਤਰਸ ਜਾਂਦੇ ਨੇ। ਮੈਂ ਅਪਣੀਆਂ ਇਨ੍ਹਾਂ ਅੱਖਾਂ ਨਾਲ ਉਹ ਲਾਸ਼ਾਂ ਵੇਖੀਆਂ ਹਨ ਜਿਨ੍ਹਾਂ ਨੂੰ ਨਾ ਤਾਂ ਕਬਰਾਂ ਨਸੀਬ ਹੋਈਆਂ ਤੇ ਨਾ ਸਿਵੇ ਦੀ ਅੱਗ ਹੀ ਪਰ ਇਨ੍ਹਾਂ ਸਮਾਜ ਦੇ ਚੌਧਰੀਆਂ ਨੂੰ ਕੌਣ ਸਮਝਾਏ।" ਇਸ ਦੇ ਨਾਲ ਹੀ ਬਾਬੇ ਦੀਆਂ ਬੁੱਢੀਆਂ ਅੱਖਾਂ 'ਚੋਂ ਹੰਝੂਆਂ ਦੀ ਝੜੀ ਲੱਗ ਪਈ। ਬਾਬੇ ਦੀਆਂ ਅੱਖਾਂ 'ਚੋਂ ਹੰਝੂ ਕਿਰਦੇ ਰਹੇ ਤੇ ਚਾਰੇ ਪਾਸੇ ਖਾਮੋਸ਼ੀ ਛਾ ਗਈ। ਥੋੜ੍ਹੀ ਦੇਰ ਬਾਅਦ ਚੁੱਪ ਤੋੜਦਿਆਂ ਮੈਂ ਬਾਬੇ ਨੂੰ ਕਿਹਾ, "ਬਾਬਾ ਜੀ, ਸਾਡੀ ਤਾਂ ਮਜਬੂਰੀ ਹੈ। ਸਾਨੂੰ ਭਾਰਤ ਦਾ ਵੀਜ਼ਾ ਨਹੀਂ ਮਿਲਦਾ ਕਿਉਂਕਿ ਉਧਰ ਸਾਡਾ ਕੋਈ ਰਿਸ਼ਤੇਦਾਰ ਨਹੀਂ, ਇਨਸਾਨੀਅਤ ਦੇ ਭਾਵੇਂ ਲੱਖ ਰਿਸ਼ਤੇ ਹੋਣ, ਉਨ੍ਹਾਂ ਨੂੰ ਕੋਈ ਕਾਨੂੰਨ ਨਹੀਂ ਮੰਨਦਾ ਪਰ ਉਹ ਤਾਂ ਏਧਰ ਯਾਤਰਾ ਦੇ ਵੀਜ਼ੇ 'ਤੇ ਵੀ ਆ ਸਕਦੇ ਨੇ। ਕੀ ਉਹ ਤੁਹਾਨੂੰ ਕਦੇ ਮਿਲਣ ਆਏ ਨੇ?" ਬਾਬੇ ਨੇ ਆਖਿਆ, "ਆਹੋ ਪੁੱਤਰਾ, ਉਹ ਪਾਕਿਸਤਾਨ ਬਣਨ ਤੋਂ ਬਾਅਦ ਦੋ ਵਾਰੀ ਇਥੇ ਆਏ ਸਨ। ਪਹਿਲੀ ਵਾਰ ਕਿਸੇ ਖ਼ਾਸ ਕੰਮ ਸੰਤ ਸਿੰਘ ਦੇ ਪੁੱਤਰ ਕਸ਼ਮੀਰ ਸਿੰਘ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਕਿਰਪਾਲ ਸਿੰਘ ਤੇ ਹੋਰ ਮਿੱਤਰ ਆਏ ਸਨ।" ਮੈਂ ਗੱਲ ਨੂੰ ਟੋਕਦਿਆਂ ਕਿਹਾ, "ਬਾਬਾ ਜੀ, ਜਿਹੜਾ ਜਲੰਧਰੀਆਂ ਦੇ ਵਿਹੜੇ ਵਾਲਾ ਕਸ਼ਮੀਰ ਸਿੰਘ ਨਥਈਆ ਸੀ?" "ਆਹੋ ਪੁੱਤਰਾ, ਉਨ੍ਹਾਂ ਦਾ ਪਿਛਲਾ ਪਿੰਡ ਨੱਥੇ ਭਾਈ ਫੇਰੂ ਦੇ ਨੇੜੇ ਸੀ।" ਮੈਂ ਗੱਲ ਦਾ ਨਿਚੋੜ ਕਢਣਾ ਚਾਹੁੰਦਾ ਸੀ। ਇਸ ਤੋਂ ਪਹਿਲਾਂ ਵੀ ਮੈਂ ਇਸ ਵਾਕੇ ਬਾਰੇ ਸੁਣ ਚੁਕਿਆਂ ਸਾਂ ਪਰ ਮੈਂ ਬਾਬੇ ਤੋਂ ਤਸਦੀਕ ਕਰਵਾਉਣਾ ਚਾਹੁੰਦਾ ਸਾਂ। ਕਹਿੰਦੇ ਨੇ ਕਸ਼ਮੀਰ ਸਿੰਘ ਦੇ ਪ੍ਰਵਾਰ ਦੇ ਇਕ ਨਵਾਬਦੀਨ ਨਾਮੀ ਤਰਖਾਣ ਨਾਲ ਬੜੇ ਚੰਗੇ ਸਬੰਧ ਸਨ। ਕਸ਼ਮੀਰ ਸਿੰਘ ਹੋਰੀਂ ਜਦੋਂ ਹਿਜ਼ਰਤ ਕਰਨ ਲੱਗੇ ਤਾਂ ਉਨ੍ਹਾਂ ਕੁੱਝ ਸੋਨਾ-ਚਾਂਦੀ ਅਮਾਨਤ ਦੇ ਤੌਰ 'ਤੇ ਨਵਾਬਦੀਨ ਦੇ ਘਰ ਰੱਖ ਦਿਤਾ। ਜਦੋਂ ਉਹ ਅਪਣੀ ਰੱਖੀ ਹੋਈ ਅਮਾਨਤ ਕੁੱਝ ਸਮੇਂ ਬਾਅਦ ਵਾਪਸ ਲੈਣ ਆਏ ਤਾਂ ਨਵਾਬਦੀਨ ਮੁਕਰ ਗਿਆ। ਝੂਠੀ ਸਹੁੰ ਖਾ ਕੇ ਅਮਾਨਤ ਹਜ਼ਮ ਕਰ ਗਿਆ। ਇਸ ਤਰ੍ਹਾਂ ਕਸ਼ਮੀਰ ਸਿੰਘ ਤੇ ਉਸ ਦੇ ਸਾਥੀ ਖਾਲੀ ਹੱਥ ਵਾਪਸ ਚਲੇ ਗਏ। ਇਕ ਦਿਨ ਮਿਸਤਰੀ ਮੁਹੰਮਦ ਹਨੀਫ਼ ਨੇ ਗੱਲ ਸੁਣਾਈ ਕਿ "ਇਕ ਦਿਨ ਬਦਰਦੀਨ, ਨਵਾਬਦੀਨ ਕੋਲ ਆਇਆ। ਉਹ ਵੀ ਤਰਖਾਣ ਦਾ ਕੰਮ ਕਰਦਾ ਸੀ। ਕਿਸੇ ਦੇ ਮਕਾਨ ਦੀ ਛੱਤ ਪਾਉਣੀ ਸੀ। ਉਹ ਨਵਾਬਦੀਨ ਨੂੰ ਕਹਿਣ ਲੱਗਾ ਕਿ ਫਲਾਣੇ ਦੇ ਮਕਾਨ ਦੀ ਛੱਤ ਪਾਉਣੀ ਹੈ, ਤੂੰ ਮੇਰੇ ਨਾਲ ਚਲ, ਅਪਣੀ ਮਜ਼ਦੂਰੀ ਲੈ ਲਈਂ। ਅੱਗੋਂ ਨਵਾਬਦੀਨ ਨੇ ਕਿਹਾ, "ਬਦਰ, ਤੈਨੂੰ ਪਤਾ ਹੈ ਕਿ ਮੈਂ ਕਦੇ ਦਿਹਾੜੀ ਨਹੀਂ ਕੀਤੀ।" ਬਦਰਦੀਨ ਦੀ ਬੁਢਾਪੇ ਕਾਰਨ ਕਮਰ ਝੁੱਕ ਗਈ ਸੀ ਤੇ ਉਹ





ਕੁੱਬਾ ਹੋ ਕੇ, ਹੱਥ ਪਿਛੇ ਰੱਖ ਕੇ ਤੁਰਦਾ ਸੀ। ਉਹ ਤੁਰਿਆ ਜਾਂਦਾ ਸੀ ਤੇ ਨਾਲੇ ਕਹਿੰਦਾ ਜਾਂਦਾ ਸੀ, "ਸਾਡੇ ਕੋਲ ਵੀ ਕੋਈ ਮਾਲ ਰੱਖ ਜਾਂਦਾ ਤਾਂ ਅੱਜ ਅਸੀ ਵੀ ਦਿਹਾੜੀਆਂ ਨਾ ਕਰਦੇ। ਦੁਆਨੀ-ਦੁਆਨੀ ਦੀ ਦਿਹਾੜੀ ਸਾਡੇ ਨਾਲ ਕਰਦਾ ਸੀ, ਅੱਜ ਕਹਿੰਦੈ ਮੈਂ ਕਦੇ ਦਿਹਾੜੀ ਨਹੀਂ ਕੀਤੀ।" ਬਾਬੇ ਸ਼ਫ਼ੀ ਮੁਹੰਮਦ ਦਾ ਇਸ਼ਾਰਾ ਵੀ ਇਸ ਪਾਸੇ ਸੀ। ਮੈਂ ਇਥੇ ਇਕ ਹੋਰ ਸੱਚਾ ਵਾਕਿਆ ਦਰਜ ਕਰਨਾ ਚਾਹੁੰਨਾਂ। ਇਹ ਵਾਕਿਆ ਮੈਨੂੰ ਭਾਰਤ ਤੋਂ ਹਿਜ਼ਰਤ ਕਰ ਕੇ ਆਉਣ ਵਾਲੇ ਇਕ ਬਾਬੇ ਮੁਹੰਮਦ ਖਾਂ ਨੇ ਸੁਣਾਇਆ ਸੀ। ਬਾਬੇ ਨੇ ਦਸਿਆ "ਜਦੋਂ ਅਸੀ ਹਿਜਰਤ ਕਰਨ ਲੱਗੇ ਤਾਂ ਸਾਡੇ ਕੋਲ 22 ਸੇਰ ਚਾਂਦੀ ਸੀ। ਉਸ ਨੂੰ ਅਸੀ ਇਕ ਹਿੰਦੂ ਲੌਹਾਰ ਕੋਲ ਰੱਖ ਆਏ ਕਿ ਜਦੋਂ ਹਾਲਾਤ ਚੰਗੇ ਹੋਏ, ਅਸੀ ਆ ਕੇ ਲੈ ਜਾਵਾਂਗੇ। ਉਸ ਨੇ ਸਾਨੂੰ ਬੜੇ ਸੁਨੇਹੇ ਘੱਲੇ ਕਿ ਆ ਕੇ ਅਪਣੀ ਅਮਾਨਤ ਲੈ ਜਾਉ ਪਰ ਸਾਡੇ ਕੋਲੋਂ ਪੁਜਿਆ ਨਾ ਗਿਆ। ਆਖ਼ਰ ਅਸੀ ਥੱਕ-ਹਾਰ ਕੇ ਉਸ ਨੂੰ ਸੁਨੇਹਾ ਘੱਲ ਦਿਤਾ ਕਿ ਅਸੀ ਅਪਣੀ ਅਮਾਨਤ ਲੈਣ ਨਹੀਂ ਆ ਸਕਦੇ। ਇਹ ਤੇਰੇ 'ਤੇ ਹਲਾਲ ਹੈ।" ਉਸ ਗ਼ਦਰ ਵਿਚ ਪਤਾ ਨਹੀਂ ਕਿੰਨਿਆਂ ਦੇ ਈਮਾਨ ਡੋਲੇ। ਕਿਹੜੀਆਂ ਕਿਹੜੀਆਂ ਛਪੜੀਆਂ ਛੱਪੜ ਬਣ ਗਈਆਂ ਅਤੇ ਕਿਹੜੇ ਛੱਪੜ, ਛਪੜੀਆਂ ਬਣ ਗਏ। ਮੈਂ ਬਾਬੇ ਸ਼ਫ਼ੀ ਮੁਹੰਮਦ ਨੂੰ ਪੁਛਿਆ, "ਮੈਂ ਸੁਣਿਆ ਹੈ ਕਿ ਕਈ ਸਾਲ ਪਹਿਲਾਂ ਤੁਹਾਨੂੰ ਕਿਰਪਾਲ ਸਿੰਘ ਗਾਗੜੀਆ ਤੇ ਉਨ੍ਹਾਂ ਦੇ ਪ੍ਰਵਾਰ ਵਾਲੇ ਮਿਲਣ ਆਏ ਸਨ ਪਰ ਤੁਸੀ ਘਰ ਨਹੀਂ ਸੀ।" "ਆਹੋ ਪੁੱਤਰਾ, ਉਹ ਆਏ ਸਨ ਪਰ ਮੈਂ ਉਸ ਦਿਨ ਮਹਿਤਾਬ ਖ਼ਾਨ ਦੇ ਚਾਲੀ ਦਿਨਾਂ 'ਤੇ ਗਿਆ ਹੋਇਆ ਸਾਂ। ਮੇਰੀ ਉਨ੍ਹਾਂ ਨਾਲ ਮੁਲਾਕਾਤ ਨਾ ਹੋ ਸਕੀ। ਉਹ ਨਨਕਾਣਾ ਸਾਹਿਬ ਤੋਂ ਸਿੱਧਾ ਚੱਕ ਸਤਾਰਾਂ ਵਿਚ ਆਏ ਸਨ। ਉਨ੍ਹਾਂ ਕੋਲ ਇਥੇ ਆਉਣ ਦਾ ਵੀਜ਼ਾ ਨਹੀਂ ਸੀ। ਉਹ ਕਾਨੂੰਨ ਦੀਆਂ ਨਜ਼ਰਾਂ ਤੋਂ ਚੋਰੀ-ਛੁਪੇ ਇਥੇ ਆਏ ਸਨ ਤੇ ਉਵੇਂ ਹੀ ਛੇਤੀ-ਛੇਤੀ ਪਿਛਾਂਹ ਮੁੜ ਗਏ। ਮੇਰੇ ਘਰਦਿਆਂ ਨੇ ਮੇਰੇ ਪਿਛੇ ਬੰਦਾ ਵੀ ਘੱਲਿਆ ਸੀ ਪਰ ਮੇਰੇ ਆਉਣ ਤੋਂ ਪਹਿਲਾਂ ਹੀ ਉਹ ਜਾ ਚੁੱਕੇ ਸਨ। ਮੇਜੇ ਮਸੀਹ ਦੇ ਵੀ ਉਹ ਮਿੱਤਰ ਸਨ ਪਰ ਮੇਜਾ ਵੀ ਉਸ ਦਿਨ ਪਿੰਡੋਂ ਬਾਹਰ ਗਿਆ ਹੋਇਆ ਸੀ। ਉਹ ਮੇਰੀ ਜ਼ਿੰਦਗੀ ਦਾ ਸੱਭ ਤੋਂ ਮੰਦਭਾਗਾ ਦਿਨ ਸੀ ਕਿ ਮਿੱਤਰ, ਸਾਲਾਂ ਪਿਛੋਂ ਆਏ ਤੇ ਮੁਲਾਕਾਤ ਨਾ ਹੋ ਸਕੀ। ਮੇਰੇ ਨਾਲ ਤਾਂ ਉਸ ਤਰ੍ਹਾਂ ਹੋਈ ਜਿਵੇਂ ਹਜ਼ਰਤ ਮੁਹੰਮਦ ਸਾਹਿਬ ਨੂੰ ਹਜ਼ਰਤ ਅਵੈਸ਼ ਕਰਨੀ ਮਿਲਣ ਗਿਆ ਸੀ ਪਰ ਅੱਗੋਂ ਨਬੀਏ ਕਰੀਮ ਕਿਧਰੇ ਗਏ ਹੋਏ ਸਨ। ਪਿਛੋਂ ਅਵੈਸ਼ ਕਰਨੀ ਹੋਰਾਂ ਨੂੰ ਮਾਂ ਦਾ ਹੁਕਮ ਸੀ ਕਿ ਨਬੀਏ ਰਹਿਮਤ ਘਰ ਮਿਲ ਜਾਣ ਤਾਂ ਠੀਕ ਹੈ ਵਰਨਾ ਉਥੇ ਰੁਕੀ ਨਾ ਕਿਉਂਕਿ ਤੇਰੇ ਇਲਾਵਾ ਮੇਰੀ ਦੇਖਭਾਲ ਕਰਨ ਵਾਲਾ ਕੋਈ ਨਹੀਂ। ਅਵੈਸ਼ ਕਰਨੀ ਮਿਲੇ ਬਗ਼ੈਰ ਹੀ ਵਾਪਸ ਚਲਾ ਗਿਆ ਸੀ, ਫਿਰ ਸਾਰੀ ਜ਼ਿੰਦਗੀ ਉਨ੍ਹਾਂ ਦੀ ਮੁਲਾਕਾਤ ਨਾ ਹੋ ਸਕੀ। ਪਰ ਮੈਂ ਤਾਂ ਸੋਹਣੇ ਰੱਬ ਅੱਗੇ ਅਰਦਾਸ ਕਰਦਾ ਹਾਂ ਕਿ ਸਾਨੂੰ ਇਕ ਵਾਰ ਜ਼ਰੂਰ ਮੇਲੇ ਜੇ ਉਹ ਇਹ ਲੇਖ ਪੜ੍ਹਨ ਤਾਂ ਜ਼ਰੂਰੀ ਰਾਬਤਾ ਕਰਨ।

*ਬਾਗ਼ ਬਹਾਰਾਂ ਤੇ ਗੁਲਜ਼ਾਰਾਂ ਬਿਨ ਯਾਰਾਂ ਕਿਸ ਕਾਰੀ*
*ਯਾਰ ਮਿਲਣ ਦੁੱਖ ਕੱਟੇ ਜਾਵਣ ਫ਼ਜ਼ਲ ਕਰੇ ਰੱਬ ਵਾਰੀ।*

# ਜੋਗਾ ਸਿੰਘ ਜੇ ਕਿਤੇ ਸੁਣਦਾ ਹੋਵੇ

*-ਮੁਹੰਮਦ ਜ਼ਕਰੀਆ ਆਫ਼ਤਾਬ*

ਵੰਡ ਦੀ ਹਨੇਰੀ ਨੇ ਕਿੰਨੇ ਹੀ ਆਲ੍ਹਣਿਆਂ ’ਚੋਂ ਬੋਟਾਂ ਨੂੰ ਚੁੱਕ ਕੇ, ਸਮੇਂ ਦੇ ਅਜਿਹੇ ਡੂੰਘੇ ਸਮੁੰਦਰਾਂ ਵਿਚ ਸੁਟਿਆ ਕਿ ਉਨ੍ਹਾਂ ਦੀ ਜ਼ਿੰਦਗੀ ਦੀ ਮੰਜ਼ਲ ਹਉਕਿਆਂ ਦੀ ਉਡਾਰੀ ਬਣ ਗਈ। ਬੋਟ ਹਾਲੇ ਵੀ ਉਸ ਆਲ੍ਹਣੇ ਨੂੰ ਲੱਭ ਰਹੇ ਨੇ ਜਿਸ ਵਿਚ ਬੈਠ ਕੇ ਉਨ੍ਹਾਂ ਨੇ ਮਾਂ ਦੇ ਮੂੰਹੋਂ ਪਹਿਲਾ ਚੋਗ ਚੁਗਿਆ ਸੀ।


ਚੱਕ ਨੰਬਰ 17 ਵਿਚ, ਪੰਜਾਬ ਦੇ ਹਰ ਪਿੰਡ ਵਾਂਗ, ਅਜਿਹੀਆਂ ਬਹੁਤ ਸਾਰੀਆਂ ਕਹਾਣੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਅੱਖਾਂ ਦੇ ਕੋਇਆਂ ’ਚੋਂ ਅੱਥਰੂ ਸਿਮ ਪੈਂਦੇ ਹਨ। ਜੋਗਿੰਦਰ ਮਸੀਹ ਦੀ ਕਹਾਣੀ ਵੀ ਬੜੀ ਦੁੱਖ ਭਰੀ ਹੈ ਪਰ ਇਸ ਨੂੰ ਮਹਿਸੂਸ ਉਹੀ ਕਰ ਸਕਦਾ ਹੈ ਜਿਸ ਦੇ ਸੀਨੇ ’ਚ ਜੁਦਾਈ ਦਾ ਕੋਈ ਜ਼ਖ਼ਮ ਰਿਸ ਰਿਹਾ ਹੋਵੇ। ਜੋਗਿੰਦਰ ਦੇ ਦਾਦੇ ਦਾ ਨਾਂ ਨਾਦਰ ਸਿੰਘ ਸੀ। ਨਾਦਰ ਸਿੰਘ ਦੇ ਤਿੰਨ ਪੁੱਤਰ ਭਾਗ ਸਿੰਘ, ਜੋਗਾ ਸਿੰਘ ਅਤੇ ਕਰਮ ਸਿੰਘ ਸਨ। ਨਾਦਰ ਸਿੰਘ ਦਾ ਪ੍ਰਵਾਰ, ਭੂਨੀਕੇ ਤੋਂ ਛੇ ਸੱਤ ਕਿਲੋਮੀਟਰ ਪਹਾੜ ਵਾਲੇ ਪਾਸੇ, ਸੰਧੂਆਂ ਪਿੰਡ ਦਾ ਰਹਿਣ ਵਾਲਾ ਸੀ। ਭੂਨੀਕੇ, ਰੋਡੇ, ਬਹਿੜਵਾਲ, ਕਾਨ੍ਹ ਸਿੰਘ ਵਾਲਾ, ਜੱਜਾ, ਸਰਾਏ ਮੁਗ਼ਲ ਇਹ ਸਾਰੇ ਪਿੰਡ ਨਾਲ-ਨਾਲ ਹਨ। ਪਹਿਲਾਂ ਇਨ੍ਹਾਂ ਨੂੰ ਤਹਿਸੀਲ ਚੂਨੀਆਂ ਲਗਦੀ ਸੀ ਪਰ ਹੁਣ ਇਹ ਸਾਰਾ ਇਲਾਕਾ ਤਹਿਸੀਲ ਪੱਤੋਕੀ, ਜ਼ਿਲ੍ਹਾ ਕਸੂਰ ਵਿਚ ਪੈਂਦਾ ਹੈ। ਵੰਡ ਤੋਂ ਕੁੱਝ ਚਿਰ ਪਹਿਲਾਂ ਨਾਦਰ ਸਿੰਘ ਨੇ ਅਪਣੇ ਵਿਚਕਾਰਲੇ ਪੁੱਤਰ ਜੋਗਾ ਸਿੰਘ ਦਾ ਵਿਆਹ ਚੱਕ ਨੰਬਰ 17 ’ਚ ਰਾਭ ਕੌਰ ਨਾਲ ਕੀਤਾ। ਰਾਭ ਕੌਰ ਸੁਹਾਗਣ ਬਣ ਕੇ ਅਪਣੇ ਸਹੁਰੇ ਪਿੰਡ ਸੰਧੂਆਂ ਚਲੀ ਗਈ। ਜੋਗਾ ਸਿੰਘ ਉਸ ਵੇਲੇ ਅੰਗੇਰਜ਼ੀ ਫ਼ੌਜ ਵਿਚ ਨੌਕਰੀ ਕਰਦਾ ਸੀ। ਜੋਗਾ ਸਿੰਘ ਛੇ ਫ਼ੁਟ ਦਾ ਕੜੀ ਵਰਗਾ ਜਵਾਨ ਸੀ। ਰਾਭ ਕੌਰ ਨੂੰ ਅਪਣੇ ਪਤੀ ਦੇ ਫ਼ੌਜੀ ਹੋਣ ’ਤੇ ਬੜਾ ਮਾਣ ਸੀ। ਜੋਗਿੰਦਰ ਅੱਜ ਵੀ ਛਾਤੀ ਚੌੜੀ ਕਰ ਕੇ ਕਹਿੰਦਾ ਹੈ ਕਿ ਮੈਂ ਜੋਗਾ ਸਿੰਘ ਫ਼ੌਜੀ ਦਾ ਪੁੱਤਰ ਹਾਂ। ਪਰ ਇਨ੍ਹਾਂ ਮਾਂ-ਪੁੱਤਰਾਂ ਨਾਲ ਤਕਦੀਰ ਨੇ ਬੜਾ ਅਜੀਬ ਤਮਾਸ਼ਾ ਖੇਡਿਆ। ਜਦੋਂ ਮੈਂ ਇਹ ਲੇਖ ‘ਬੁੱਝੇ ਸਿਵੇ ਬਲਦੀਆਂ ਯਾਦਾਂ’ ਸ਼ੁਰੂ ਕੀਤਾ ਤਾਂ ਪੂਰੇ ਪਿੰਡ ਵਿਚ ਧੁੰਮਾਂ ਪੈ ਗਈਆਂ। ਵੰਡ ਤੋਂ ਪਹਿਲਾਂ ਦੀਆਂ ਹੋਈਆਂ ਬੀਤੀਆਂ, ਕਿਸੇ ਦਬੇ ਹੋਏ ਖ਼ਜ਼ਾਨੇ ਵਾਂਗ ਉਛਲ ਕੇ ਬਾਹਰ ਆ ਗਈਆਂ।

ਇਕ ਦਿਨ ਮੇਰੇ ਮਾਮੇ ਦੇ ਪੁੱਤਰ ਮੌਲਵੀ ਮੁਹੰਮਦ ਅਸ਼ਰਫ ਨੇ ਇਸ ਘਟਨਾ ਬਾਰੇ ਦਸਿਆ ਕਿ ਵੰਡ ਨੇ ਜੋਗਿੰਦਰ ਅਤੇ ਉਸ ਦੀ ਮਾਂ ਨਾਲ ਕੀ ਜ਼ੁਲਮ ਕਮਾਇਆ ਹੈ। ਫਿਰ



ਤਖ਼ਤ ਲਾਹੌਰ ਦੇ ਬੂਹੇ ’ਤੇ

ਇਕ ਦਿਨ ਸਬੱਬ ਬਣਿਆ ਤੇ ਮੈਂ, ਅੰਮਾ ਰਾਭੋ ਦੇ ਘਰ ਜਾ ਕੇ ਉਸ ਦੀ ਕਹਾਣੀ ਸੁਣੀ। ਅੰਮਾ ਰਾਭੋ ਅਤੇ ਚੱਕ ਸਤਾਰਾਂ ’ਚ ਗੁਰਮੁਖੀ ਦੇ ਪ੍ਰਚਾਰਕ ਦਿਲ ਮੁਹੰਮਦ ਹੋਰਾਂ ਦੇ ਘਰ ਦੀ ਕੰਧ ਸਾਂਝੀ ਹੈ। ਸਮੇਂ ਦਾ ਗੇੜ ਵੇਖੋ ਮਾਂ ਰਾਭ ਕੌਰ ਤੋਂ ਰਾਭੋ ਬਣ ਗਈ। ਜੋਗਿੰਦਰ ਸਿੰਘ, ਜੋਗਿੰਦਰ ਮਸੀਹ ਬਣ ਗਿਆ ਤੇ ਜੋਗਿੰਦਰ ਦੀ ਮਾਸੀ ਦਿਆਲ ਕੌਰ, ਦਿਆਲੋ ਬਣ ਗਈ। ਜੋਗਾ ਸਿੰਘ ਦੇ ਰਾਭੋ ਨਾਲ ਵਿਆਹ ਤੋਂ ਬਾਅਦ 1947 ਵਿਚ ਜੋਗਿੰਦਰ ਸਿੰਘ ਪੈਦਾ ਹੋਇਆ। ਇਹ ਸਾਲ ਮਾਂ-ਪੁੱਤਰ ਵਾਸਤੇ ਦੁੱਖਾਂ ਦੀ ਨਾ ਮੁੱਕਣ ਵਾਲੀ ਰਾਤ ਲੈ ਕੇ ਆਇਆ। ਵੰਡ ਤੋਂ ਬਾਅਦ ਕਦੇ ਜੋਗਾ ਸਿੰਘ ਇਨ੍ਹਾਂ ਨੂੰ ਮਿਲਣ ਨਾ ਆਇਆ। ਜੋਗਾ ਸਿੰਘ ਦਾ ਦੂਜਾ ਭਰਾ ਭਾਗ ਸਿੰਘ, ਵੰਡ ਤੋਂ ਪਹਿਲਾਂ ਪ੍ਰਲੋਕ ਸਿਧਾਰ ਗਿਆ ਸੀ ਤੇ ਤੀਜਾ ਭਰਾ ਕਰਮ ਸਿੰਘ ਵੀ ਭਾਰਤ ਚਲਾ ਗਿਆ ਪਰ ਜੋਗਿੰਦਰ ਤੇ ਉਸ ਦੀ ਮਾਂ ਰਾਭੋ, ਜੋਗਾ ਸਿੰਘ ਦੀ ਉਡੀਕ ਕਰਦੇ ਰਹੇ। ਜੋਗਾ ਸਿੰਘ ਨੇ ਪਰਤ ਕੇ ਸੰਧੂਆਂ ’ਚ ਮੁੜ ਫੇਰਾ ਨਾ ਪਾਇਆ ਤੇ ਨਾ ਹੀ ਅਪਣੇ ਪੁੱਤਰ ਜਾਂ ਪਤਨੀ ਬਾਰੇ ਜਾਣਨ ਦੀ ਲੋੜ ਮਹਿਸੂਸ ਕੀਤੀ। ਫਿਰ ਮਾਈ ਰਾਭੋ, ਅਪਣੇ ਪੁੱਤਰ ਨੂੰ ਲੈ ਕੇ ਚੱਕ ਸਤਾਰਾਂ ਵਿਚ ਹੀ ਆ ਗਈ। ਚੱਕ ਨੰਬਰ 17 ’ਚੋਂ ਉਜੜ ਕੇ ਜਾਣ ਵਾਲੇ ਸਿੱਖ ਘਰਾਨਿਆਂ ’ਚੋਂ 1960 ’ਚ ਕੋਈ ਪਰਤ ਕੇ ਆਇਆ ਤਾਂ ਉਸ ਨੇ ਦਸਿਆ ਕਿ ਜੋਗਾ ਸਿੰਘ ਨੇ ਦੂਜਾ ਵਿਆਹ ਕਰਵਾ ਲਿਆ ਹੈ। ਉਹ ਹੁਣ ਪਟਿਆਲਾ ਨੇੜੇ ਧੂਰੀ ਮਾਜਰਾ ’ਚ ਰਹਿੰਦਾ ਹੈ।



*47 ’ਚ ਧਰਮ ਦੇ ਠੇਕੇਦਾਰਾਂ ਹੱਥੋਂ ਬੇਵਤਨ ਹੋਇਆਂ ਦਾ ਕਾਫ਼ਲਾ*

1961 'ਚ ਜੋਗਿੰਦਰ ਦੇ ਪਿਤਾ ਨੇ ਅਪਣੀ ਪਤਨੀ ਨੂੰ ਚਿੱਠੀ ਲਿਖੀ ਕਿ ਉਹ ਜੋਗਿੰਦਰ ਨੂੰ ਲੈ ਕੇ ਧੂਰੀ ਮਾਜਰੇ ਆ ਜਾਵੇ। ਮਾਈ ਰਾਭੋ ਨੇ ਚਿੱਠੀ ਮਿਲਦਿਆਂ ਸਾਰ ਹੀ ਅਪਣਾ ਅਤੇ ਅਪਣੇ ਭਰਾ ਰੰਗੇ ਦਾ ਪਾਸਪੋਰਟ ਬਣਵਾਇਆ ਤੇ ਅਪਣੇ ਪੁੱਤਰ ਨੂੰ ਲੈ ਕੇ ਧੂਰੀ ਮਾਜਰਾ ਚਲੀ ਗਈ। ਅੰਮਾ ਰਾਭੋ ਨੇ ਜਿਹੜਾ ਚੌਦਾਂ ਸਾਲ ਵਿਛੋੜੇ ਦੇ ਮਾਰੂਥਲ ਦਾ ਪੈਂਡਾ ਤੈਹ ਕੀਤਾ ਸੀ, ਉਹ ਜੋਗਾ ਸਿੰਘ ਦੇ ਘਰ ਪੁੱਜ ਕੇ ਮੁੱਕਣ ਵਾਲਾ ਸੀ। ਅੰਮਾ ਰਾਭੋ, ਉਸ ਦਾ ਭਰਾ ਰੰਗਾ ਤੇ ਚੌਦਾਂ ਵਰ੍ਹਿਆਂ ਦਾ ਜੋਗਿੰਦਰ ਜਦੋਂ ਧੂਰੀ ਮਾਜਰਾ 'ਚ ਜੋਗਾ ਸਿੰਘ ਦੇ ਬੂਹੇ ਅੱਗੇ ਰਿਕਸ਼ੇ 'ਚੋਂ ਉਤਰੇ ਤਾਂ ਅੰਮਾ ਰਾਭੋ ਨੂੰ ਇੰਜ ਲੱਗਾ ਜਿਵੇਂ ਸਾਰੇ ਜਹਾਨ ਦੀ ਦੌਲਤ ਮਿਲ ਗਈ ਹੋਵੇ। ਜੋਗਾ ਸਿੰਘ ਨੇ ਭਾਵੇਂ ਦੂਜਾ ਵਿਆਹ ਕਰਵਾ ਲਿਆ ਸੀ ਪਰ ਅੰਮਾ ਰਾਭੋ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਸੀ। ਜੋਗਾ ਸਿੰਘ ਦੀ ਦੂਜੀ ਪਤਨੀ ਦਾ ਨਾਂ ਬੀਬੀ ਸੀ। ਬੀਬੀ ਦੀ ਕੁੱਖ 'ਚੋਂ ਜੋਗਾ ਸਿੰਘ ਦੀ ਇਕ ਧੀ ਗੁਰਚਰਨ ਕੌਰ ਸੀ ਜਿਹੜੀ ਉਦੋਂ ਤਿੰਨ ਕੁ ਸਾਲ ਦੀ ਸੀ। ਜੋਗਿੰਦਰ ਦਸਦਾ, "ਜਦੋਂ ਅਸੀ ਬਸਤੀ ਧੂਰੀ ਮਾਜਰਾ ਗਏ ਤਾਂ ਉਹਨੀਂ ਦਿਨੀਂ ਮੇਰੀ ਦੂਜੀ ਮਾਂ ਬੀਬੀ ਦੇ ਘਰ ਜੌੜੇ ਪੁੱਤਰ ਹੋਏ ਸਨ। ਉਨ੍ਹਾਂ ਦੇ ਹਾਲੇ ਨਾਂ ਨਹੀਂ ਸਨ ਰੱਖੇ।" ਜੋਗਿੰਦਰ, ਅੰਮਾ ਰਾਭੋ ਦਾ ਭਾਵੇਂ ਇਕੱਲਾ ਪੁੱਤਰ ਹੈ ਪਰ ਉਸ ਨੇ ਕਦੇ ਅਪਣੇ ਆਪ ਨੂੰ ਇਕੱਲਾ ਨਹੀਂ ਸਮਝਿਆ। ਉਹ ਕਹਿੰਦਾ ਹੈ ਕਿ ਅਸੀ ਚਾਰ ਭੈਣ-ਭਰਾ ਹਾਂ। ਜੋਗਿੰਦਰ, ਅਪਣੀ ਮਾਂ ਅਤੇ ਮਾਮੇ ਨਾਲ, ਅਪਣੇ ਪਿਤਾ ਅਤੇ ਚਾਚੇ ਕਰਮ ਸਿੰਘ ਦੇ ਘਰ ਤਿੰਨ ਮਹੀਨੇ ਗੁਜ਼ਾਰ ਕੇ, ਅਪਣੇ ਘਰ ਪਾਕਿਸਤਾਨ ਵਾਪਸ ਆ ਗਿਆ। ਜੋਗਿੰਦਰ ਦਸਦਾ ਹੈ, "ਮੇਰੇ ਪਿਤਾ ਤੇ ਚਾਚੇ ਨੇ ਸਾਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਾਡਾ ਉਥੇ ਮਨ ਨਾ ਲੱਗਾ।" ਜੋਗਿੰਦਰ ਹੁਰਾਂ ਨੂੰ ਅਪਣੇ ਪਿਤਾ ਤੇ ਚਾਚੇ ਕੋਲੋਂ ਆਇਆਂ ਅੱਜ 48 ਸਾਲ ਗੁਜ਼ਰ ਗਏ ਹਨ ਪਰ ਇਸ ਸਮੇਂ ਵਿਚ ਇਕ ਵਾਰ ਵੀ ਜੋਗਾ ਸਿੰਘ ਜਾਂ ਕਰਮ ਸਿੰਘ ਨੇ ਅਪਣੇ ਪਿਆਰਿਆਂ ਨਾਲ ਤਾਲਮੇਲ ਕਾਇਮ ਕਰਨ ਦੀ ਕੋਸ਼ਿਸ਼ ਨਾ ਕੀਤੀ। ਕੀ ਕੋਈ ਅੰਮਾ ਰਾਭੋ ਦੀ ਪਤੀ ਪ੍ਰਸਤੀ ਦੀ ਮਿਸਾਲ ਲਿਖੇਗਾ? ਵਾਰਸ ਸ਼ਾਹ ਨੇ ਹੀਰ ਦਾ ਕਿੱਸਾ ਲਿਖ ਕੇ ਬਹੁਤ ਨਾਂ ਕਮਾਇਆ ਪਰ ਅੰਮਾ ਰਾਭੋ, ਮੁਹੱਬਤ ਦੀ ਜਿਊਂਦੀ ਜਾਗਦੀ ਤਸਵੀਰ ਹੈ ਜਿਸ ਨੇ ਪਤੀ ਦੀ ਬੇਵਫ਼ਾਈ ਨੂੰ ਹੱਸ ਕੇ ਗਲ ਨਾਲ ਲਾ ਲਿਆ ਤੇ ਨਿੱਕੇ ਜਹੇ ਜੋਗਿੰਦਰ ਨੂੰ ਗਲ ਲਾ ਕੇ ਪਾਕਿਸਤਾਨ ਆ ਗਈ। ਕੌਣ ਜਾਣਦੈ ਕਿ ਰਾਭ ਕੌਰ ਨੇ, ਰਾਭੋ ਅੱਲ੍ਹੜ ਮੁਟਿਆਰ ਤੋਂ ਮਾਈ ਰਾਭੋ ਬਣਨ ਤਕ ਦਾ ਸਫ਼ਰ ਕਿੰਨੀ ਵਾਰ ਮਰ-ਮਰ ਕੇ ਤੈਅ ਕੀਤਾ ਹੋਵੇਗਾ। ਉਸ ਨੇ ਅਪਣੇ ਸੁਪਨਿਆਂ ਦਾ ਗਲਾ ਘੁੱਟ ਕੇ, ਅਪਣੇ ਪੁੱਤਰ ਜੋਗਿੰਦਰ ਦੇ ਆਸਰੇ ਜ਼ਿੰਦਗੀ ਬਿਤਾ ਲਈ। ਜੋਗਿੰਦਰ ਨੇ ਅਪਣੇ ਪਿਤਾ ਦੀ ਜੁਦਾਈ 'ਚ 63 ਸਾਲ ਗੁਜ਼ਾਰੇ ਹਨ।

*ਪਏ ਵਿਛੋੜੇ ਸਕਿਆਂ ਭੈਣ ਭਰਾਵਾਂ*
*ਖੁਹਾਏ ਪੁੱਤਰ ਅਪਣੇ ਹੱਥੀਂ ਮਾਵਾਂ*
*ਪਿਉ ਪੁੱਤਾਂ ਵਿਚ ਕੰਧਾਂ, ਨਿਖੜੇ ਭਾਈ ਭਾਈ*
*ਪੈ ਗਈ ਅੰਗਾਂ ਸਾਕਾਂ ਵਿਚ ਜੁਦਾਈ*
*ਸੱਜਣ ਸੱਜਣਾਂ ਨੂੰ ਦੇ ਗਏ ਦਾਗ ਜੁਦਾਈਆਂ*





*ਇਕ ਦੂਜੇ ਨੂੰ ਪਰਤ ਨਾ ਡਿੱਠਾ ਭਾਈਆਂ*

ਕਿਸੇ ਸਮੁੰਦਰੀ ਬੇੜੇ ਦੇ ਮਸਤੂਲ 'ਤੇ ਇਕ ਚਿੜੀ ਆ ਕੇ ਬੈਠ ਗਈ। ਖੁਲ੍ਹੀ ਹਵਾ 'ਚ ਚਿੜੀ ਨੂੰ ਨੀਂਦ ਆ ਗਈ। ਜਹਾਜ਼ ਨੇ ਲੰਗਰ ਚੁਕਿਆ ਤੇ ਸਮੁੰਦਰ ਵਿਚ ਚਲਾ ਗਿਆ। ਚਿੜੀ ਦੀ ਅੱਖ ਖੁਲ੍ਹੀ ਤਾਂ ਅਪਣੇ ਚਾਰ ਚੁਫੇਰੇ ਪਾਣੀ ਵੇਖ ਕੇ ਘਬਰਾ ਗਈ। ਉਸ ਨੇ ਏਧਰ-ਔਧਰ ਉਡਣਾ ਸ਼ੁਰੂ ਕੀਤਾ ਪਰ ਕਿਧਰੇ ਵੀ ਖ਼ੁਸ਼ਕ ਧਰਤੀ ਨਜ਼ਰ ਨਾ ਆਈ। ਥੱਕ ਹਾਰ ਕੇ ਫਿਰ ਮਸਤੂਲ 'ਤੇ ਬਹਿ ਗਈ ਤੇ ਹਾਲਾਤ ਨਾਲ ਸਮਝੌਤਾ ਕਰ ਲਿਆ। ਜਦੋਂ ਜਹਾਜ਼ ਅਪਣੀ ਮੰਜ਼ਲ 'ਤੇ ਪੁੱਜਾ ਤਾਂ ਚਿੜੀ ਉਡ ਕੇ ਇਕ ਰੁੱਖ 'ਤੇ ਜਾ ਬੈਠੀ ਤੇ ਉਥੇ ਹੀ ਆਲ੍ਹਣਾ ਪਾ ਕੇ ਅਪਣੀ ਨਵੀਂ ਦੁਨੀਆਂ ਵਸਾ ਲਈ। ਪਰ ਰਾਭੋ ਅਤੇ ਜੋਗਿੰਦਰ, ਅਪਣੀ ਪੁਰਾਣੀ ਦੁਨੀਆਂ ਨੂੰ ਆਬਾਦ ਕਰਦੇ-ਕਰਦੇ ਅਪਣਾ ਸੱਭ ਕੁੱਝ ਬਰਬਾਦ ਕਰ ਬੈਠੇ। ਇਨ੍ਹਾਂ 63 ਵਰ੍ਹਿਆਂ 'ਚ ਰਾਭੋ ਕਿੰਨੀ ਵਾਰ ਉਡੀਕ ਦੀ ਸੂਲੀ 'ਤੇ ਲਟਕੀ ਹੋਵੇਗੀ। ਕਿੰਨੇ ਸੁਪਨਿਆਂ ਦਾ ਖ਼ੂਨ ਅਪਣੇ ਹੱਥਾਂ ਨਾਲ ਕੀਤਾ ਹੋਵੇਗਾ। ਜੋਗਾ ਸਿੰਘ ਨੇ ਅਪਣਾ ਨਵਾਂ ਘਰ ਵਸਾਉਣ ਲਗਿਆਂ ਅਪਣੀ ਪਤਨੀ ਅਤੇ ਪੁੱਤਰ ਨੂੰ ਬਿਲਕੁਲ ਹੀ ਭੁਲਾ ਦਿਤਾ। ਵਿਛੋੜਾ ਤਾਂ ਹਜ਼ਰਤ ਯਾਕੂਬ ਅਤੇ ਹਜ਼ਰਤ ਯੂਸਫ਼ 'ਚ ਵੀ ਪਿਆ ਸੀ ਪਰ ਚਾਲੀ ਸਾਲ ਬਾਅਦ ਮਿਲਾਪ ਹੋ ਗਿਆ ਸੀ ਪਰ ਇਸ ਵਿਛੋੜੇ ਨੂੰ ਤਾਂ 63 ਸਾਲ ਹੋ ਗਏ ਹਨ ਪਰ ਹਾਲੇ ਉਡੀਕ ਨਹੀਂ ਮੁੱਕੀ।

ਮਾਈ ਰਾਭੋ ਵਰਗੀ ਮਹਾਨ ਨਾਰੀ ਸ਼ਾਇਦ ਹੀ ਹੋਵੇ ਜਿਸ ਨੇ ਪਤੀ ਦੀ ਉਡੀਕ 'ਚ ਅਪਣੀ ਸਾਰੀ ਜ਼ਿੰਦਗੀ ਬਿਤਾ ਲਈ। ਜਦੋਂ ਜੋਗਿੰਦਰ ਮੈਨੂੰ ਅਪਣੇ ਘਰ ਲੈ ਕੇ ਗਿਆ ਤਾਂ ਉਸ ਨੇ ਅੰਮਾ ਰਾਭੋ ਨੂੰ ਮੇਰੇ ਬਾਰੇ ਦਸਿਆ ਕਿ ਲੇਖਕ, ਭਾਰਤ ਦੇ ਪੰਜਾਬੀ ਅਖ਼ਬਾਰ 'ਸਪੋਕਸਮੈਨ' ਵਿਚ ਲਿਖਦਾ ਹੈ ਤੇ ਸਾਡੇ ਬਾਰੇ ਵੀ ਲਿਖੇਗਾ। ਇਸ ਤਰ੍ਹਾਂ ਸਾਨੂੰ ਅਪਣੇ ਵਿਛੜੇ ਮਿਲ ਜਾਣਗੇ। ਇਹ ਗੱਲ ਸੁਣ ਕੇ ਅੰਮਾ ਦੀਆਂ ਬੁੱਢੀਆਂ ਅੱਖਾਂ 'ਚ ਇਕ ਖ਼ਾਸ ਕਿਸਮ ਦੀ ਚਮਕ ਪੈਦਾ ਹੋਈ ਜਿਸ ਨੂੰ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ, ਬਿਆਨ ਕਰਨਾ ਮੁਸ਼ਕਲ ਹੈ। ਉਹ ਇਕ ਟਕ ਬੋਲਣ ਲੱਗੀ, "ਜੋਗਿੰਦਰ ਨੂੰ ਇਸ ਦਾ ਪਿਉ ਮਿਲੇਗਾ, ਇਸ ਦੇ ਵੀਰ ਇਸ ਨੂੰ ਮਿਲਣਗੇ?" ਮੈਂ ਅੰਮਾ ਦੇ ਜਜ਼ਬਾਤ ਵੇਖ ਕੇ ਹੈਰਾਨ ਹੋ ਰਿਹਾ ਸੀ। ਜੋਗਾ ਸਿੰਘ ਨੇ ਭਾਵੇਂ ਅੰਮਾ ਰਾਭੋ ਨੂੰ ਜ਼ਿੰਦਗੀ ਵਿਚ ਦੁੱਖਾਂ ਤੋਂ ਸਿਵਾਏ ਕੁੱਝ ਨਹੀਂ ਦਿਤਾ ਪਰ ਉਸ ਦੇ ਦਿਲ ਵਿਚ ਅੱਜ ਵੀ ਉਸ ਲਈ ਅਥਾਹ ਕਦਰ ਹੈ। ਜੋਗਿੰਦਰ ਨੂੰ ਅਪਣੇ ਭਰਾਵਾਂ ਅਤੇ ਭੈਣਾਂ ਨਾਲ ਮਿਲਣ ਦਾ ਬੜਾ ਚਾਅ ਹੈ। ਲੇਖਕ ਨੂੰ ਜੋਗਿੰਦਰ ਨੇ ਅਪਣਾ ਉਹ ਪਾਸਪੋਰਟ ਵੀ ਵਿਖਾਇਆ ਜਿਸ ਉਤੇ ਉਸ ਨੇ ਅਪਣੀ ਮਾਂ ਅਤੇ ਮਾਮੇ ਨਾਲ ਭਾਰਤ ਦਾ ਸਫ਼ਰ ਕੀਤਾ ਸੀ। ਜੋਗਿੰਦਰ ਨਾਲ ਫ਼ੋਨ ਨੰਬਰ 00923446507802 'ਤੇ ਤਾਲਮੇਲ ਕੀਤਾ ਜਾ ਸਕਦਾ ਹੈ। ਜੋਗਿੰਦਰ ਤੇ ਮਾਈ ਰਾਭੋ ਦੀ ਰੂਹ, ਚੱਕ ਸਤਾਰਾਂ ਵਿਚ ਅੱਜ ਵੀ ਅਪਣੇ ਪਿਆਰਿਆਂ ਦੀ ਯਾਦ ਵਿਚ ਵਿਰਲਾਪ ਕਰ ਰਹੀ ਹੈ।

# ਸਾਡੀ ਸਲਾਮ ਯਾਦ ਰੱਖਣਾ

*-ਮੁਹੰਮਦ ਜ਼ਕਰੀਆ ਆਫ਼ਤਾਬ*



ਬਾਬਾ ਸ਼ਫ਼ੀ ਮੁਹੰਮਦ

ਮੇਰੇ ਸੀਨੇ 'ਚ ਭਾਵੇਂ ਜਜ਼ਬਾਤ ਭਰਿਆ ਦਿਲ ਹੈ ਪਰ ਚੱਕ ਸਤਾਰਾਂ ਦੇ ਵਿਛੜੇ ਸੱਜਣਾਂ ਦੀ ਬਾਤ ਪਾਉਣ ਵਾਲਾ ਬਾਬਾ ਸ਼ਫ਼ੀ ਮੁਹੰਮਦ ਜਜ਼ਬਾਤ ਦੀ ਚਲਦੀ ਫਿਰਦੀ ਤਸਵੀਰ ਹੈ। ਉਹ ਜਦੋਂ ਕੋਈ ਵਾਕਾ ਬਿਆਨ ਕਰਦਾ ਹੈ ਤਾਂ ਉਸ ਦੀਆਂ ਅੱਖਾਂ 'ਚ ਹੰਝੂਆਂ ਦੇ ਤਾਰੇ ਝਿਲਮਿਲ ਕਰਨ ਲੱਗ ਪੈਂਦੇ ਹਨ। ਮੇਰੀ ਕਲਮ ਦੀ ਜ਼ਬਾਨ ਨੇ ਉਸ ਦੇ ਅੱਖਰਾਂ ਦੇ ਮੋਤੀਆਂ ਨੂੰ 'ਬੁਝੇ ਸਿਵੇ ਬਲਦੀਆਂ ਯਾਦਾਂ' ਵਿਚ ਪਰੋਇਆ ਹੈ। ਮੈਂ ਇਕ ਦਿਨ ਸਵਾਲ ਕੀਤਾ ਕਿ ਬਾਬਾ ਜੀ ਸਿੱਖਾਂ ਦਾ ਤੁਹਾਡੇ ਨਾਲ ਸਲੂਕ ਕਿਹੋ ਜਿਹਾ ਸੀ ? ਤੁਸੀਂ ਸਾਰੇ ਕੰਮੀ ਕਾਰੀ ਸੋ ਤੇ ਸਿੱਖ ਜ਼ਮੀਨਾਂ ਦੇ ਮਾਲਕ। ਤੁਹਾਡੀ ਗੁਜ਼ਰ ਬਸਰ ਕਿਸ ਤਰ੍ਹਾਂ ਹੁੰਦੀ ਸੀ ? ਬਾਬਾ ਸ਼ਫ਼ੀ ਮੁਹੰਮਦ ਲਿਸ਼ਕਦੀਆਂ ਅੱਖਾਂ ਨਾਲ ਕਹਿਣ ਲੱਗਾ," ਸਰਦਾਰਾਂ ਨੇ ਕਦੇ ਕਿਸੇ ਨੂੰ ਹਕੀਰ ਨਹੀਂ ਸੀ ਸਮਝਿਆ। ਉਹ ਸਾਰਿਆਂ ਨਾਲ ਹੀ ਬੜਾ ਚੰਗਾ ਸਲੂਕ ਕਰਦੇ ਸਨ।" ਹਜ਼ਰਤ ਮੁਹੰਮਦ ਸਾਹਿਬ ਦਾ ਫ਼ੁਰਮਾਨ ਹੈ ਕਿ ਜਿਸ ਦਾ ਗੁਆਂਢੀ ਰਾਤ ਭਰ ਭੁੱਖਾ ਰਿਹਾ ਤੇ ਆਪ ਉਹ ਢਿੱਡ ਭਰ ਕੇ ਸੌਂ ਗਿਆ, ਉਸ 'ਤੇ ਜੰਨਤ ਹਰਾਮ ਹੈ। ਬਾਬਾ ਸ਼ਫ਼ੀ ਮੁਹੰਮਦ ਨੇ ਹੋਰ ਦਸਿਆ ," ਜਦੋਂ ਵੀ ਪਿੰਡ ਵਿਚ ਕਿਸੇ ਗਰੀਬ ਦੀ ਧੀ, ਭੈਣ ਜਵਾਨ ਹੋ ਜਾਂਦੀ ਸੀ ਤਾਂ ਸਿੱਖ ਅਪਣੇ ਪੱਲੇ ਤੋਂ ਖ਼ਰਚ ਕਰ ਕੇ ਉਸ ਦਾ ਵਿਆਹ ਕਰ ਦਿੰਦੇ ਸਨ। ਜੇ ਕਿਸੇ ਨੂੰ ਮੇਲ ਵਾਸਤੇ ਦੁੱਧ ਦੀ ਲੋੜ ਪੈਣੀ ਤਾਂ ਉਨ੍ਹਾਂ ਨੇ ਆਪ ਬੂਹਾ ਖੜਕਾ ਕੇ ਪੁਛਦੇ ਫਿਰਨਾ ਕਿ ਕਿੰਨੇ ਕੁ ਦੁੱਧ ਨਾਲ ਸਰ ਜਾਊਗਾ। ਜੇ ਕਿਸੇ ਗ਼ਰੀਬ ਦੇ ਘਰ ਦਾਣੇ ਮੁੱਕ ਜਾਣੇ, ਉਹ ਜਿਹੜੇ ਵੀ ਸਰਦਾਰ ਦਾ ਬੂਹਾ ਖੜਕਾਉਂਦਾ ਕਦੇ ਖ਼ਾਲੀ ਹੱਥ ਨਾ ਪਰਤਦਾ।" ਬਾਬਾ ਸ਼ਫ਼ੀ ਮੁਹੰਮਦ ਸਰਦਾਰਾਂ ਦੀ ਮੁਹੱਬਤ ਦੇ ਪੰਨੇ ਪਲਟਦਾ ਹੋਇਆ ਦਸਦਾ ," ਸਾਨੂੰ ਮੁਸਲਮਾਨਾਂ ਨੂੰ ਸਰਦਾਰਾਂ ਨੇ ਕਹਿਣਾ ਕਿ ਭਾਈ ਨਮਾਜ਼ ਪੜ੍ਹਿਆ ਕਰੋ ਤੇ ਰੋਜ਼ੇ ਰਖਿਆ ਕਰੋ। ਤੁਸੀਂ ਅਪਣੇ ਧਰਮ ਦਾ ਪਾਲਣ ਕਰੋ, ਤੁਹਾਡੇ ਖ਼ਰਚ ਦਾ ਪ੍ਰਬੰਧ ਅਸੀਂ ਕਰਾਂਗੇ। ਰੋਜ਼ਿਆਂ ਦਾ ਚੰਨ ਚੜ੍ਹਨ ਤੋਂ ਇਕ ਦੋ ਦਿਨ ਪਹਿਲਾਂ ਹੀ ਗਰੀਬ ਘਰਾਂ ਵਿਚ ਕਣਕ, ਘਿਉ ਪਹੁੰਚ ਜਾਣਾ। ਉਹ ਅਪਣੇ ਧਰਮ ਦੇ ਪੱਕੇ ਸਨ, ਅਸੀਂ ਅਪਣੇ ਮਜ਼੍ਹਬ ਦੇ। ਧਾਰਮਕ ਵਿਤਕਰੇ ਸਾਡੇ ਰਾਹ ਵਿਚ ਕੋਈ ਰੁਕਾਵਟ ਨਹੀਂ ਸਨ। " ਬਾਬਾ ਸ਼ਫ਼ੀ ਮੁਹੰਮਦ ਪੁਰਾਣੀਆਂ ਯਾਦਾਂ ਦੇ ਵਰਕੇ ਫੋਲਦਾ ਹੋਇਆ ਭਾਵੁਕ ਹੋ ਜਾਂਦਾ। ਬਾਬੇ ਨੂੰ ਅਪਣੇ ਜਜ਼ਬਾਤ 'ਤੇ ਕਾਬੂ ਨਹੀਂ ਸੀ ਰਿਹਾ





ਤੇ ਲੇਖਕ ਨੂੰ ਅਪਣੀਆਂ ਅੱਖਾਂ ਦੇ ਨਮਕੀਨ ਪਾਣੀ 'ਤੇ। ਬਾਬੇ ਸ਼ਫ਼ੀ ਮੁਹੰਮਦ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਹਸਤੀਆਂ ਦੇ ਪੈਰ ਛੂਹਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਦੇ ਦਿਲ ਮਨੁੱਖਤਾ ਨਾਲ ਭਰੇ ਹੋਏ ਸਨ। ਉਨ੍ਹਾਂ ਦੇ ਕਦਮਾਂ ਦੀ ਖਾਕ ਨੂੰ ਅੱਖਾਂ ਦਾ ਸੁਰਮਾ ਬਨਾਉਣ ਨੂੰ ਜੀਅ ਕਰਦਾ ਹੈ। ਜਿਨ੍ਹਾਂ ਗਲੀਆਂ ਵਿਚ ਉਹ ਤੁਰੇ ਸਨ, ਮੈਂ ਉਨ੍ਹਾਂ ਨੂੰ ਸਲਾਮ ਕਰਦਾ ਹਾਂ। ਬਾਬਾ ਸ਼ਫ਼ੀ ਮੁਹੰਮਦ ਦੇ ਜਜ਼ਬਾਤ ਜੇ ਪੂਰੀ ਦੁਨੀਆਂ ਵਿਚ ਪਹੁੰਚੇ ਹਨ ਤਾਂ ਇਸ ਵਿਚ 'ਸਪੋਕਸਮੈਨ' ਦਾ ਬਹੁਤ ਵੱਡਾ ਹੱਥ ਹੈ। ਸਪੋਕਸਮੈਨ ਹੁਣ ਅਖ਼ਬਾਰ ਹੀ ਨਹੀਂ ਸਗੋਂ ਵਿਛੜਿਆਂ ਦੇ ਮੇਲ ਕਰਾਉਣ ਵਾਲਾ ਬਹੁਤ ਵੱਡਾ ਪਲੇਟਫ਼ਾਰਮ ਬਣ ਗਿਆ ਹੈ। ਜਦੋਂ 'ਬੁਝੇ ਸਿਵੇ ਬਲਦੀਆਂ ਯਾਦਾਂ' ਦੀ ਪਹਿਲੀ ਕਿਸ਼ਤ ਪ੍ਰਕਾਸ਼ਤ ਹੋਈ ਤਾਂ ਲੇਖਕ ਨੂੰ ਚੜ੍ਹਦੇ ਪੰਜਾਬ ਤੇ ਪੂਰੀ ਦੁਨੀਆਂ ਤੋਂ ਅਣਗਿਣਤ ਫ਼ੋਨ ਆਏ। ਪਹਿਲਾ ਫ਼ੋਨ ਸੱਤ ਵਜ ਕੇ ਪੈਂਤੀ ਮਿੰਟ 'ਤੇ ਦਿੱਲੀ ਤੋਂ ਦਲਜੀਤ ਸਿੰਘ ਹੋਰਾਂ ਦਾ ਸੀ। ਉਹ ਕਹਿਣ ਲੱਗੇ ਕਿ ਸਪੋਕਸਮੈਨ ਵਿਚ ਤੁਹਾਡਾ ਲੇਖ ਪੜ੍ਹ ਕੇ ਰੂਹ ਉਡ ਕੇ ਲਹਿੰਦੇ ਪੰਜਾਬ ਪੁੱਜ ਗਈ। ਦੂਜੀ ਕਾਲ ਮੋਗਾ ਜ਼ਿਲ੍ਹੇ ਦੇ ਰੋਡੇ ਪਿੰਡ ਤੋਂ ਦਰਸ਼ਨ ਸਿੰਘ ਦੀ ਸੀ। ਇਨ੍ਹਾਂ ਦੇ ਬਜ਼ੁਰਗ ਗੁਜਰਾਂਵਾਲੇ ਤੋਂ ਹਿਜਰਤ ਕਰ ਕੇ ਗਏ ਹਨ। ਦਰਸ਼ਨ ਸਿੰਘ ਕਹਿਣ ਲੱਗੇ ਕਿ ਵੀਰ ਜੀ, ਤੁਹਾਡੇ ਲੇਖ ਨੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰ ਦਿਤਾ। ਉਨ੍ਹਾਂ ਨੇ ਬਾਬਾ ਸ਼ਫ਼ੀ ਮੁਹੰਮਦ ਨਾਲ ਵੀ ਗੱਲ ਕਰਨ ਦੀ ਇੱਛਾ ਪ੍ਰਗਟਾਈ। ਮੈਂ ਬਾਬੇ ਸ਼ਫ਼ੀ ਮੁਹੰਮਦ ਕੋਲ ਚਲਾ ਗਿਆ ਤੇ ਦਸਿਆ ਕਿ ਚੜ੍ਹਦੇ ਪੰਜਾਬ ਤੋਂ ਦਰਸ਼ਨ ਸਿੰਘ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਹਨ। ਇੰਨੀ ਦੇਰ ਨੂੰ ਫਿਰ ਫ਼ੋਨ ਖੜਕ ਪਿਆ ਤੇ ਮੈਂ ਫ਼ੋਨ ਬਾਬੇ ਸ਼ਫ਼ੀ ਮੁਹੰਮਦ ਨੂੰ ਫੜਾ ਕੇ ਦੋਹਾਂ ਦੀਆਂ ਪਿਆਰ ਭਰੀਆਂ ਗੱਲਾਂ ਸੁਣਨ ਲੱਗ ਪਿਆ। ਉਨ੍ਹਾਂ ਦੋਹਾਂ ਨੇ ਦਸ ਮਿੰਟ ਤਕ ਇਕ ਦੂਜੇ ਨਾਲ ਦੁਖ ਸਾਂਝੇ ਕੀਤੇ। ਉਸ ਤੋਂ ਬਾਅਦ ਫੋਨ ਮੇਰੇ ਹੱਥ ਵਿਚ ਸੀ। ਦਰਸ਼ਨ ਸਿੰਘ ਕਹਿ ਰਿਹਾ ਸੀ ਕਿ ਵੀਰ ਜੀ ਮੈਂ ਫ਼ੋਨ ਕਰਨ ਤੋਂ ਪਹਿਲਾਂ ਰੋ ਰਿਹਾ ਸੀ। ਮੂੰਹ ਧੋ ਕੇ ਫ਼ੋਨ ਕੀਤਾ ਹੈ। ਮੈਂ ਦੁਆ ਕਰਦਾ ਹਾਂ ਕਿ ਤੁਸੀਂ ਇਸੇ ਤਰ੍ਹਾਂ ਲਿਖਦੇ ਰਹੋ ਤੇ ਅਸੀਂ ਪੜ੍ਹਦੇ ਰਹੀਏ। ਤੀਜੀ ਕਾਲ ਮਨੋਹਰ ਸਿੰਘ ਦੀ ਸੀ। ਇਨ੍ਹਾਂ ਦਾ ਪਿਛਲਾ ਟਿਕਾਣਾ ਫ਼ੈਸਲਾਬਾਦ ਜ਼ਿਲ੍ਹੇ ਵਿਚ 120 ਚੱਕ ਜੀ.ਬੀ ਸੀ। ਉਨ੍ਹਾਂ ਦਸਿਆ ਕਿ ਇਕ ਵਾਰ ਉਹ ਨਨਕਾਣੇ ਗਏ ਤੇ ਪਿਛਲਾ ਪਿੰਡ ਵੇਖਣ ਦੀ ਇੱਛਾ ਨੇ ਸਿਰ ਚੁੱਕ ਲਿਆ। ਉਹ ਅੱਖ ਬਚਾ ਕੇ ਅਪਣੇ ਪਿੰਡ ਚਲਾ ਗਿਆ ਤੇ ਅਪਣੇ ਘਰ ਦੇ ਬੂਹੇ ਅਗੇ ਸਜਦਾ ਕਰ ਕੇ ਵਾਪਸ ਆ ਗਿਆ ਕਿਉਂਕਿ ਹੁਣ ਉਹ ਘਰ ਕਿਸੇ ਹੋਰ ਦਾ ਹੈ। ਸਾਡੇ ਨਾਲ ਤਕਦੀਰ ਨੇ ਕਿੰਨਾ ਵੱਡਾ ਮਖੌਲ ਕੀਤਾ ਹੈ ਕਿ ਸਾਡੇ ਤੋਂ ਅਪਣੀ ਚੀਜ਼ ਨੂੰ ਅਪਣਾ ਕਹਿਣ ਦਾ ਹੱਕ ਖੋਹ ਲਿਆ ਹੈ। ਮੈਂ ਦੋਹਾਂ ਹਕੂਮਤਾਂ ਨੂੰ ਬੇਨਤੀ ਕਰਦਾ ਹਾਂ ਕਿ ਮਨੋਹਰ ਸਿੰਘ ਜਿਹੇ ਵੀਰਾਂ ਨੂੰ ਘਟੋ ਘੱਟ ਅਪਣਾ ਘਰ, ਅਪਣਾ ਪਿੰਡ ਵੇਖਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਤਾਕਿ ਉਹ ਅਪਣੀਆਂ ਅੱਖਾਂ ਠੰਢੀਆਂ ਕਰ ਸਕਣ। ਜਦੋਂ ਤੁਸੀਂ ਦੋਵੇਂ ਪਾਸੇ ਦੇ ਲੋਕਾਂ ਨੂੰ ਆਪਸ ਵਿਚ ਮਿਲਣ ਦਾ ਮੌਕਾ ਦਿਉਗੇ ਤਾਂ ਤੁਹਾਡਾ ਗੋਲਾ, ਬਾਰੂਦ 'ਤੇ ਖ਼ਰਚ ਹੋਣ ਵਾਲਾ ਪੈਸਾ ਵੀ ਬਚੇਗਾ। ਉਹ ਪੈਸਾ ਗਰੀਬਾਂ ਦਾ ਤਨ ਢਕਣ ਦੇ ਕੰਮ ਆਵੇਗਾ। ਮੈਂ ਤਾਂ ਕਹਿੰਦਾ ਹਾਂ ਕਿ ਜੰਗ ਜ਼ਰੂਰ ਲੜੋ ਪਰ ਐਟਮੀ ਹਥਿਆਰਾਂ ਨਾਲ ਨਹੀਂ ਸਗੋਂ ਪਿਆਰ ਦੇ ਹਥਿਆਰਾਂ ਨਾਲ ਲੜੋ। ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ ਲਈ ਨਹੀਂ ਸਗੋਂ ਨੇੜੇ ਕਰਨ ਲਈ ਲੜੋ। ਇਸ ਤਰ੍ਹਾਂ

ਮੈਂ ਇਕ ਹੋਰ ਮਿੱਤਰ ਦਾ ਜ਼ਿਕਰ ਕਰਨਾ ਚਾਹਵਾਂਗਾ ਜਿਸ ਤੋਂ ਲਿਖਾਰੀ ਨੂੰ ਅਣਮਿਣਵਾਂ ਪਿਆਰ ਮਿਲਿਆ ਹੈ। ਇਹ ਮੇਰੇ ਵੀਰ ਹਨ ਰੁਪਿੰਦਰਜੀਤ ਸਿੰਘ ਜਿਹੜੇ ਅੰਬਾਲਾ ਵਿਖੇ ਰਹਿੰਦੇ ਹਨ। ਕਿਸੇ ਦਵਾਈਆਂ ਦੀ ਕੰਪਨੀ ਵਿਚ ਮੈਨੇਜਰ ਹਨ ਤੇ ਸਾਰਾ ਸਾਲ ਸਫਰੀ ਬੈਗ ਮੋਢੇ ਵਿਚ ਪਾਈ ਪੂਰਾ ਮੁਲਕ ਘੁੰਮਦੇ ਰਹਿੰਦੇ ਹਨ। ਜਦੋਂ ਵੀ ਮੇਰਾ ਲੇਖ ਛਪਦਾ ਹੈ ਤਾਂ ਇਹ ਹਰ ਵਾਰੀ ਫੋਨ ਕਰਦੇ ਹਨ। ਇਨ੍ਹਾਂ ਨੇ ਸਪੋਕਸਮੈਨ ਵਿਚ ਛਪੀਆਂ ਮੇਰੀਆਂ ਸਾਰੀਆਂ ਕਵਿਤਾਵਾਂ ਤੇ ਲੇਖ ਸੰਭਾਲ ਕੇ ਰਖੇ ਹੋਏ ਹਨ। ਵੰਡ ਤੋਂ ਪਹਿਲਾਂ ਚੱਕ ਨੰਬਰ 17 ਦੇ ਛੇ ਨੰਬਰਦਾਰ ਸਨ। ਉਨ੍ਹਾਂ ਚੋਂ ਇਕ ਅਨੋਖ ਸਿੰਘ ਬੁਤਵਾਲੀਆ ਸੀ। ਉਸ ਬਾਰੇ ਬਾਬਾ ਸਫ਼ੀ ਮੁਹੰਮਦ ਦਸਦਾ ਕਿ ਉਹ ਬਹੁਤ ਹੀ ਇਮਾਨਦਾਰ ਇਨਸਾਨ ਸੀ। ਉਸ ਦਾ ਮੰਨਣਾ ਸੀ ਕਿ ਰੱਬ ਮਸਜਿਦਾਂ, ਮੰਦਰਾਂ ਤੇ ਗੁਦਰਵਾਰਿਆਂ ਵਿਚ ਨਹੀਂ ਮਿਲਦਾ, ਜੇ ਰੱਬ ਨੂੰ ਮਿਲਣਾ ਹੋਵੇ ਤਾਂ ਕਦੇ ਕਿਸੇ ਟੁੱਟੇ ਦਿਲ ਵਿਚ ਪਿਆਰ ਨਾਲ ਝਾਤੀ ਮਾਰ ਕੇ ਵੇਖ, ਤੈਨੂੰ ਰੱਬ ਨਜ਼ਰ ਆਵੇਗਾ। ਕਦੇ ਕਿਸੇ ਗਰੀਬ ਦੀ ਗਰਜ਼ ਪੂਰੀ ਕਰ ਰੱਬ ਤੈਨੂੰ ਆਪ ਮਿਲਣ ਆਵੇਗਾ। ਕਦੇ ਕਿਸੇ ਦੁਨੀਆਂ ਦੇ ਸਤਾਏ ਹੋਏ ਬੰਦੇ ਨਾਲ ਦੋ ਹਮਦਰਦੀ ਦੇ ਬੋਲ ਸਾਂਝੇ ਕਰ, ਰੱਬ ਤੇਰਾ ਬੂਹਾ ਮੱਲ ਕੇ ਬੈਠ ਜਾਵੇਗਾ। ਕਦੇ ਕਦੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਸਰਦਾਰਾਂ ਦੀਆਂ ਰੂਹਾਂ ਮੈਨੂੰ ਮਜਬੂਰ ਕਰਦੀਆਂ ਹਨ ਕਿ ਸਾਡਾ ਇਤਿਹਾਸ ਲਿਖ ਨਹੀਂ ਤਾਂ ਅਸੀਂ ਸਵਰਗ ਵਿਚ ਬੇਕਰਾਰ ਹੋਵਾਂਗੀਆਂ। ਅੱਜ ਵੀ ਲਿਖਣ ਦੇ ਰੌਂਅ ਵਿਚ ਨਹੀਂ ਸੀ ਪਰ ਜਦੋਂ ਖਿਆਲਾਂ ਦੀ ਦੁਨੀਆਂ ਵਿਚ ਪੁੱਜਾ ਤਾਂ ਵੇਖਦਾ ਹਾਂ ਕਿ ਸਰਦਾਰ ਅਨੋਖ ਸਿੰਘ ਸਿੱਧਾ ਗਲੀਏ ਗਲੀ ਮੇਰੇ ਵਲ ਆ ਰਿਹਾ ਹੈ। ਸਤਿ ਸ੍ਰੀ ਅਕਾਲ ਕਹਿ ਕੇ, ਮੇਰੇ ਕੋਲ ਬਹਿ ਕੇ ਕਹਿੰਦਾ ਹੈ," ਪੁੱਤਰਾ ਜੇ ਤੂੰ ਅਰਾਮ ਨਾਲ ਲੰਮਾ ਪਿਆ ਰਿਹਾ, ਫਿਰ ਇਸ ਲੇਖ ਨੂੰ ਕੌਣ ਮੁਕੰਮਲ ਕਰੇਗਾ। ਸਾਡੀ ਪਿਆਰ ਭਰੀ ਸਾਂਝ ਦਾ ਇਤਿਹਾਸ ਕੌਣ ਲਿਖੇਗਾ। ਕੀ ਸਾਡੀ ਸੱਤਰਾਂ ਵਰ੍ਹਿਆਂ ਦੀ ਸਾਂਝ ਭੰਗ ਦੇ ਭਾੜੇ ਰੁਲ ਜਾਵੇਗੀ। ਚੱਕਬੰਦੀ 1876 ਦੇ ਨੇੜੇ ਤੇੜੇ ਹੋਈ ਸੀ। ਇਸ ਤਰ੍ਹਾਂ ਅਸੀਂ ਲਗਭਗ ਸੱਤਰ ਵਰ੍ਹੇ ਇਕੱਠੇ ਰਹੇ। ਕੀ ਅਸੀਂ ਕਿਸੇ ਗ਼ਲਤ ਅੱਖਰ ਵਾਂਗ ਦੁਨੀਆਂ ਦੀ ਤਖ਼ਤੀ ਤੋਂ ਮਿਟਾ ਦਿਤੇ ਜਾਵਾਂਗੇ? ਕੀ ਅਸੀਂ ਲੋਕਾਂ ਲਈ ਪੁਰਾਣਾ ਕਿੱਸਾ ਬਣ ਚੁੱਕੇ ਹਾਂ? ਅਸੀਂ ਵੀ ਇਸ ਪਿੰਡ ਦੀ ਧਰਤੀ ਦੇ ਮਾਲਕ ਸਾਂ। ਅਸੀਂ ਵੀ ਕਦੇ ਇਨ੍ਹਾਂ ਚੌਂਕਾਂ ਵਿਚ ਮਹਿਫ਼ਲਾਂ ਸਜਾਉਂਦੇ ਸਾਂ। ਤੁਸੀਂ ਜਾਗਦੀ ਦੁਨੀਆਂ ਦੇ ਲੋਕ ਬੜੇ ਹੀ ਖ਼ੁਦਗਰਜ਼ ਹੋ। ਇਸ ਦੁਨੀਆਂ ਨੂੰ ਛੱਡ ਕੇ ਜਾਣ ਵਾਲਿਆਂ ਦੇ ਕੱਫਣ ਮੈਲੇ ਹੋਣ ਅਤੇ ਸਿਵੇ ਦੀ ਅੱਗ ਠੰਢੀ ਹੋਣ ਤੋਂ ਪਹਿਲਾਂ ਹੀ ਭੁਲਾ ਦਿੰਦੇ ਹੋ। ਆਹ ਵੇਖ ਲਉ ਖਾਂ ਮੌਲਵੀ ਅਬਦੁਰ ਰਹਿਮਾਨ ਹੋਰਾਂ ਨੂੰ, ਜਿਨ੍ਹਾਂ ਨੂੰ ਸਾਰੇ ਪਿੰਡ ਵਾਲੇ ਝੁਕ ਕੇ ਸਲਾਮ ਕਰਦੇ ਸਨ, ਅੱਜ ਉਨ੍ਹਾਂ ਦੀ ਕਬਰ 'ਤੇ ਕੋਈ ਦੁਆ ਮੰਗਣ ਲਈ ਤਿਆਰ ਨਹੀਂ। ਅਸੀਂ ਤੇ ਈਮਾਨਦਾਰੀ ਨਾਲ ਦੇਸ਼ ਦੀ ਆਜ਼ਾਦੀ ਲਈ ਦਿਨ ਰਾਤ ਇਕ ਕੀਤਾ ਸੀ ਪਰ ਤਕਦੀਰ ਨੂੰ ਕੁੱਝ ਹੋਰ ਮਨਜ਼ੂਰ ਸੀ। ਸ਼ਾਇਦ ਸਾਡੇ ਸਿਵਿਆਂ ਦੀ ਰਾਖ ਕਿਸੇ ਹੋਰ ਧਰਤੀ 'ਤੇ ਲਿਖੀ ਸੀ, ਨਹੀਂ ਤੇ ਅਪਣਾ ਪਿੰਡ ਅਪਣੀ ਮਿੱਟੀ ਕੌਣ ਛੱਡਦਾ। ਤਕਦੀਰਾਂ ਨੇ ਸਾਨੂੰ ਇਕ ਦੂਜੇ ਤੋਂ ਕੋਹਾਂ ਦੂਰ ਪਿੰਜਰਿਆਂ ਵਿਚ ਬੰਦ ਕਰ ਦਿਤਾ। ਗੁਲਾਮਾਂ ਨੂੰ ਆਰਜ਼ੀ ਗੁਲਾਮੀ ਚੋਂ ਕੱਢ ਕੇ, ਪੱਕੀ ਗੁਲਾਮੀ ਦੇ ਤੌਂਕ ਗਲਾਂ ਵਿਚ ਪਾ ਦਿਤੇ ਗਏ। ਗੁਲਾਮਾਂ ਦੀ ਇੱਛਾ ਜਾਣਨ ਦੀ ਕਦੇ ਕਿਸੇ ਨੇ ਜ਼ਰੂਰਤ ਹੀ ਮਹਿਸੂਸ ਨਹੀਂ





ਕੀਤੀ। ਮੈਨੂੰ ਤੇ ਸਿਰਫ ਇਸ ਗੱਲ ਦਾ ਦੁਖ ਹੈ ਕਿ ਇਸ ਦੁਨੀਆਂ ਨੇ ਹੁਸਨ ਦਾ ਮੁੱਲ ਤੇ ਅੱਟੀ ਪਾਇਆ ਹੀ ਸੀ, ਪਿਆਰ ਦਾ ਮੁੱਲ ਵੀ ਅੱਟੀ ਹੀ ਪਾਉਣ ਲੱਗ ਪਈ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਾਂਝ ਨੂੰ 'ਬੁਝੇ ਸਿਵੇ ਬਲਦੀਆਂ ਯਾਦਾਂ' ਵਿਚ ਪਰੋ ਕੇ ਅਮਰ ਕਰ ਦੇ।

ਜਿਹੜੇ ਮਨੁੱਖਤਾ ਦੀ ਭਲਾਈ ਲਈ ਅਪਣਾ ਐਸ਼ ਅਰਾਮ ਤਜ ਕੇ ਇਨਸਾਨੀਅਤ ਦੀ ਸੇਵਾ ਕਰਦੇ ਹਨ, ਉਨ੍ਹਾਂ ਚੋਂ ਸ. ਅਨੋਖ ਸਿੰਘ ਦਾ ਵਿਲੱਖਣ ਸਥਾਨ ਹੈ। ਸ. ਅਨੋਖ ਸਿੰਘ ਦਾ ਕਹਿਣਾ ਸੀ ਕਿ ਅਪਣੇ ਲਈ ਤੇ ਹਰ ਕੋਈ ਜਿਊਂਦਾ ਹੈ ਪਰ ਸੁਆਦ ਤੇ ਤਾਂ ਹੈ ਜੇ ਹੋਰਾਂ ਲਈ ਜ਼ਿੰਦਗੀ ਗੁਜ਼ਾਰੀ ਜਾਵੇ। ਅਨੋਖ ਸਿੰਘ ਦੇ ਗੁਆਂਢ ਈਸਾਈਆਂ ਦੀ ਠੱਠੀ ਸੀ। ਵਿਚਾਰੇ ਬੜੇ ਹੀ ਗਰੀਬ ਸਨ। ਉਹ ਜਿਮੀਂਦਾਰਾਂ ਨਾਲ ਰੋਟੀ 'ਤੇ ਜ਼ਿੰਦਗੀ ਗੁਜ਼ਾਰ ਦਿੰਦੇ ਸਨ ਪਰ ਅਨੋਖ ਸਿੰਘ ਨੇ ਕਦੇ ਕਿਸੇ ਤੋਂ ਬੇਗਾਰ ਨਹੀਂ ਸੀ ਲਈ। ਉਹ ਕ੍ਰਿਸਮਿਸ ਤੇ ਈਸਟਰ ਵਾਲੇ ਦਿਨਾਂ ਵਿਚ ਖਾਸ ਤੌਰ 'ਤੇ ਈਸਾਈਆਂ ਦੀ ਸਹਾਇਤਾ ਕਰਦਾ। ਕਰਜ਼ਾ ਦੇ ਕੇ ਕਿਸੇ ਨੂੰ ਤੰਗ ਨਾ ਕਰਦਾ। ਜੇ ਕਿਸੇ 'ਚ ਮੋੜਨ ਦੀ ਹਿੰਮਤ ਨਾ ਹੁੰਦੀ ਤਾਂ ਘਰ ਜਾ ਕੇ ਮੁਆਫ਼ ਕਰ ਦਿੰਦਾ। ਸ. ਅਨੋਖ ਸਿੰਘ ਦੇ ਹੱਕ ਵਿਚ ਅਣਗਿਣਤ ਸ਼ਹਾਦਤਾਂ ਮਿਲਦੀਆਂ ਹਨ ਕਿ ਉਸ ਦੇ ਨਾਲ ਦਾ ਬੰਦਾ ਇਲਾਕੇ ਵਿਚ ਭਾਲਿਆਂ ਵੀ ਨਹੀਂ ਮਿਲਦਾ। ਹਿਜਰਤ ਤੋਂ ਕੁੱਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਘਰ ਦਾ ਸਾਰਾ ਸਾਮਾਨ ਤੇ ਡੰਗਰ, ਮਾਲ ਆਦਿ ਪਿੰਡ ਦੇ ਗਰੀਬਾਂ ਵਿਚ ਵੰਡ ਦਿਤਾ। ਅਨੋਖ ਸਿੰਘ ਨੇ ਉਸ ਸਮੇਂ ਜਿਹੜੇ ਸ਼ਬਦ ਕਹੇ, ਉਹ ਵੀ ਉਸ ਨੂੰ ਫਰਿਸ਼ਤਿਆਂ ਦੀ ਕਤਾਰ ਵਿਚ ਖੜਾ ਕਰਦੇ ਹਨ। "ਇਹ ਸਾਮਾਨ ਇਸ ਪਿੰਡ ਵਿਚ ਰਹਿ ਕੇ ਹੀ ਬਣਾਇਆ ਸੀ, ਇਸ ਲਈ ਇਸ 'ਤੇ ਪਿੰਡ ਦਾ ਹੀ ਹੱਕ ਹੈ। ਜਿਥੇ ਜਾਵਾਂਗੇ, ਉਥੇ ਵਾਹਿਗੁਰੂ ਸੱਭ ਕੁੱਝ ਦੇ ਦੇਵੇਗਾ।"

*ਪੱਲੇ ਰਿਜ਼ਕ ਨਹੀਂ ਬੰਨ੍ਹਦੇ ਪੰਛੀ ਤੇ ਦਰਵੇਸ਼*
*ਜਿਨ੍ਹਾਂ ਤਕਵਾ ਰੱਬ 'ਤੇ ਉਨ੍ਹਾਂ ਰਿਜ਼ਕ ਹਮੇਸ਼*

ਅਨੋਖ ਸਿੰਘ ਕਿੰਨਾ ਵੱਡਾ ਮਨੁੱਖਤਾਵਾਦੀ ਸੀ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਨੇ ਦਲਿਤ ਮੁਹੰਮਦ ਬੂਟਾ ਅਨਸਾਰੀ ਨੂੰ ਅਪਣਾ ਪੱਗ ਵੱਟ ਭਰਾ ਬਣਾਇਆ ਹੋਇਆ ਸੀ। ਜਦੋਂ ਅਨੋਖ ਸਿੰਘ ਨੇ ਅਪਣਾ ਪਿਛਲਾ ਪਿੰਡ ਬੁੱਤ ਛੱਡ ਕੇ ਚੱਕ ਸਤਾਰਾਂ ਵਿਚ ਜ਼ਮੀਨ ਖਰੀਦੀ ਤਾਂ ਮੁਹੰਮਦ ਬੂਟਾ ਵੀ ਭਰਾ ਦੇ ਨਾਲ ਇਥੇ ਆ ਵਸਿਆ। ਸ. ਅਨੋਖ ਸਿੰਘ ਨੇ ਮੁਹੰਮਦ ਬੂਟੇ ਨੂੰ ਗੁਜਰ ਬਸਰ ਲਈ ਕੁੱਝ ਜ਼ਮੀਨ, ਇਕ ਮੱਝ ਦੇ ਨਾਲ ਨਾਲ ਸਿਰ ਛੁਪਾਉਣ ਲਈ ਇਕ ਖੁੱਲ੍ਹੀ ਹਵੇਲੀ ਵੀ ਦੇ ਦਿਤੀ। ਅਨੋਖ ਸਿੰਘ ਨੇ ਨਾ ਕਦੇ ਅਪਣੇ ਮੂੰਹ ਬੋਲੇ ਭਰਾ ਕੋਲੋਂ ਜ਼ਮੀਨ ਦਾ ਠੇਕਾ ਲਿਆ ਤੇ ਨਾ ਹੀ ਵਾਹੀ ਬੀਜੀ 'ਚੋਂ ਹਿੱਸਾ। ਦੇਸ ਦੀ ਵੰਡ ਤਕ ਇਹ ਜ਼ਮੀਨ ਉਸ ਕੋਲ ਹੀ ਰਹੀ। ਅਨੋਖ ਸਿੰਘ ਤੇ ਉਸ ਦੀ ਸੰਤਾਨ ਨੇ ਕਦੇ ਮਹਿਸੂਸ ਨਹੀਂ ਕਰਾਇਆ ਕਿ ਜ਼ਮੀਨ ਦਾ ਅਸਲ ਮਾਲਕ ਕੌਣ ਹੈ। ਇਸ ਤੋਂ ਅੱਡ ਸਰਦਾਰਾਂ ਨੇ ਮੁਹੰਮਦ ਬੂਟੇ ਨੂੰ ਇਕ ਹੋਰ ਇੱਜ਼ਤ ਵੀ ਬਖ਼ਸ਼ੀ ਸੀ, ਉਹ ਇਹ ਸੀ ਕਿ

ਪਿੰਡ ਵਿਚ ਜਦੋਂ ਵੀ ਕਿਸੇ ਮੁਸਲਮਾਨ ਦੇ ਘਰ ਵਿਆਹ ਹੋਣਾ, ਉਨ੍ਹਾਂ ਦੁੱਧ ਦੀ ਮੰਗ ਬੂਟੇ ਮੁਹੰਮਦ ਕੋਲ ਜਾ ਕੇ ਕਰਨੀ। ਫਿਰ ਮੁਹੰਮਦ ਬੂਟੇ ਨੇ ਚੌਕੀਦਾਰ ਰਾਹੀਂ ਸਰਦਾਰਾਂ ਦੇ ਘਰ ਸੁਨੇਹਾ ਘੱਲ ਦੇਣਾ। ਸਰਦਾਰਾਂ ਨੇ ਅਪਣੇ ਅਪਣੇ ਘਰਾਂ ਚੋਂ ਦੁੱਧ ਚੋਅ ਕੇ ਮੁਹੰਮਦ ਬੂਟੇ ਦੇ ਘਰ ਦੇ ਆਉਣਾ। ਇਸ ਤਰ੍ਹਾਂ ਵਿਆਹ ਵਾਲੇ ਨੇ ਬੂਹੇ ਬੂਹੇ ਜਾਣ ਦੀ ਜਿੱਲਤ ਤੋਂ ਬਚੇ ਰਹਿਣਾ। ਮੁਹੰਮਦ ਬੂਟਾ ਕਹਿੰਦਾ ਸੀ ਕਿ ਅਨੋਖ ਸਿੰਘ ਦੀ ਜਿਹੜੀ ਜ਼ਮੀਨ 'ਤੇ ਉਹ ਖੇਤੀ ਕਰਦਾ ਸੀ, ਉਹ ਉਸ ਨੂੰ ਉਸ ਦੇ ਨਾਂ ਕਰਾਉਣਾ ਚਾਹੁੰਦਾ ਸੀ ਪਰ ਅੰਗਰੇਜ਼ਾਂ ਸਮੇਂ ਕੰਮੀਆਂ ਦੇ ਨਾਂ ਜ਼ਮੀਨ ਨਹੀਂ ਸੀ ਲਗਦੀ। ਬੂਟਾ ਕਹਿੰਦਾ ਸੀ ਕਿ ਉਹ ਬੁੱਤ ਤੋਂ ਤਾਂ ਅਨੋਖ ਸਿੰਘ ਨਾਲ ਚੱਕ ਸਤਾਰਾਂ ਆ ਗਿਆ ਪਰ ਦੇਸ ਦੀ ਵੰਡ ਸਮੇਂ ਉਸ ਦੇ ਨਾਲ ਨਾ ਜਾ ਸਕਿਆ। ਉਹ ਕਹਿੰਦਾ ਸੀ ਕਿ ਵੰਡ ਤੋਂ ਸਾਲ ਬਾਅਦ ਵੀ ਘਰੋਂ ਬਾਹਰ ਨਿਕਲਣ ਨੂੰ ਜੀਅ ਨਾ ਕਰਨਾ। ਜੇ ਕਦੇ ਕਿਸੇ ਕੰਮ ਕਾਰ ਅਨੋਖ ਸਿੰਘ ਦੇ ਘਰ ਵਲ ਜਾਣਾ ਤਾਂ ਉਹ ਦੇ ਘਰ ਦੀਆਂ ਕੰਧਾਂ ਨੇ ਅਗੋਂ ਖਾਣ ਨੂੰ ਦੌੜਨਾ। ਵੀਹ ਕੁ ਸਾਲ ਪਹਿਲਾਂ ਬੂਟਾ ਮੁਹੰਮਦ ਇਸ ਝੂਠੀ ਦੁਨੀਆਂ ਤੋਂ ਮੂੰਹ ਮੋੜ ਗਿਆ ਤੇ ਅਨੋਖ ਸਿੰਘ ਦਾ ਪਤਾ ਨਹੀਂ।

*ਮੰਨ ਲਈ ਜੋ ਕਰਦਾ ਰੱਬ ਪਾਕਿ ਐ*
*ਆਉਂਦੀ ਯਾਦ ਵਤਨ ਦੀ ਖਾਕ ਐ*
*ਟੁੱਟ ਫੁੱਟ ਟੁਕੜੇ ਬਣ ਗਏ ਦਿਲ ਦੇ*
*ਹਾਏ! ਮੈਂ ਭੁੱਜ ਗਿਆ ਵਾਂਗੂੰ ਖਿੱਲ ਦੇ*
*ਭੁੜਥਾ ਬਣ ਗਈ ਦੇਹੀ ਐ*
*ਵਿਛੜੇ ਯਾਰ ਪੁਰਾਣੇ ਬਣੀ ਮੁਸੀਬਤ ਕੇਹੀ ਐ*

*ਬਾਬੂ ਰਜਬ ਅਲੀ*

✿✿✿





# ਪੰਜਾਬ ਦਾ ਕਰਜ਼ਾ

ਲਫ਼ਜ਼ ਪੰਜਾਬ ਫ਼ਾਰਸੀ ਦੇ ਦੋ ਅੱਖਰਾਂ ਪੰਜ ਅਤੇ ਆਬ ਦਾ ਸੁਮੇਲ ਹੈ, ਜਿਸ ਦਾ ਅਰਥ ਹੈ ਪੰਜ ਪਾਣੀ। ਪੰਜਾਂ ਪਾਣੀਆਂ ਦੀ ਧਰਤੀ 'ਤੇ ਵਸਣ ਵਾਲੇ ਪੰਜਾਬੀ ਅਖਵਾਉਂਦੇ ਨੇ। ਇਥੇ ਬੋਲੀ ਜਾਣ ਵਾਲੀ ਜ਼ਬਾਨ ਨੂੰ ਪੰਜਾਬੀ ਕਹਿੰਦੇ ਹਨ। ਪੰਜਾਬ ਦਾ ਅਪਣਾ ਵਖਰਾ ਰਹਿਣ ਸਹਿਣ ਤੇ ਰੀਤੀ ਰਿਵਾਜ ਹਨ। ਪੰਜਾਬੀ ਜ਼ਬਾਨ ਹਜ਼ਾਰਾਂ ਜ਼ਬਾਨਾਂ ਦੀ ਸਰਦਾਰ ਬੋਲੀ ਹੈ। ਅੰਗਰੇਜ਼ੀ ਜ਼ਬਾਨ ਜਿਸ ਦੀ ਅੱਜ ਪੂਰੀ ਦੁਨੀਆਂ ਵਿਚ ਚਰਚਾ ਹੈ, ਉਸ ਦੇ ਸੈਂਕੜੇ ਹੀ ਅੱਖਰ ਅਜਿਹੇ ਹਨ ਜਿਹੜੇ ਹਾਥੀ ਦੇ ਦੰਦਾਂ ਵਾਂਗ ਲਿਖਣ ਵਿਚ ਹੋਰ ਤੇ ਪੜ੍ਹਨ ਵਿਚ ਹੋਰ ਹਨ। ਮਿਸਾਲ ਦੇ ਤੌਰ 'ਤੇ neighbour ਅੱਖਰ ਵਿਚ ਨੌਂ ਲਫ਼ਜ਼ ਵਰਤੇ ਗਏ ਹਨ ਪਰ ਆਵਾਜ਼ ਸਿਰਫ ਚਾਰ ਦੀ ਹੀ ਆਈ ਹੈ। ਇਸ ਤਰ੍ਹਾਂ ਬਹੁਤ ਸਾਰੇ ਅੱਖਰ ਅਜਿਹੇ ਹਨ ਜਿਹੜੇ ਪੜ੍ਹਨ ਵਿਚ ਕੁੱਝ ਹੋਰ ਤੇ ਲਿਖਣ ਵਿਚ ਕੁੱਝ ਹੋਰ ਹਨ। ਪਰ ਜਦੋਂ ਤੁਸੀਂ ਕਿਸੇ ਅੰਗਰੇਜ਼ੀ ਦੇ ਮਾਹਰ ਨੂੰ ਕਹੋਗੇ ਕਿ ਤੁਸੀਂ ਇਨ੍ਹਾਂ ਅੱਖਰਾਂ ਨੂੰ ਠੀਕ ਕਿਉਂ ਨਹੀਂ ਕਰਦੇ ਤਾਂ ਉਹ ਇਕ ਹੀ ਜਵਾਬ ਦੇਵੇਗਾ ਕਿ ਇਹ ਅੱਖਰ ਉਨ੍ਹਾਂ ਦੇ ਦੇਵਤਿਆਂ ਦੇ ਬਣਾਏ ਹੋਏ ਹਨ, ਇਨ੍ਹਾਂ ਵਿਚ ਅਸੀਂ ਘਾਟਾ ਵਾਧਾ ਨਹੀਂ ਕਰ ਸਕਦੇ। ਅੰਗਰੇਜ਼ੀ ਪੜ੍ਹਨ ਵਾਲੇ ਸਾਰੀ ਜ਼ਿੰਦਗੀ ਇਨ੍ਹਾਂ ਝੰਜਟਾਂ ਵਿਚ ਹੀ ਫਸੇ ਰਹਿੰਦੇ ਨੇ ਕਿ ਕਿਹੜਾ ਅੱਖਰ ਕਿਵੇਂ ਪੜ੍ਹਨਾ ਹੈ। ਜੀ ਕਿਤੇ ਧਰਤੀ 'ਚ ਨਿਘਰ ਜਾਂਦਾ ਹੈ ਕਿਤੇ ਗ ਦੀ ਆਵਾਜ਼ ਕਢਦਾ ਹੈ। ਦੁਨੀਆਂ ਦੀ ਸੱਭ ਤੋਂ ਉਜੱਡ ਬੋਲੀ ਅੱਜ ਲੋਕਾਂ ਦਾ ਧਰਮ ਬਣੀ ਬੈਠੀ ਹੈ ਤੇ ਦੁਨੀਆਂ ਦੇ ਸੱਭ ਤੋਂ ਘਟੀਆ ਸਭਿਆਚਾਰ ਦੇ ਅਸੀਂ ਪੈਰੋਕਾਰ ਬਣੇ ਬੈਠੇ ਹਾਂ। ਕਿਸੇ ਨੂੰ ਅਪਣੀ ਮਾਂ ਬੋਲੀ ਆਵੇ ਭਾਵੇਂ ਨਾ ਇਸ ਦੀ ਕੋਈ ਪ੍ਰਵਾਹ ਨਹੀਂ ਅੰਗੇਰਜ਼ੀ ਜ਼ਰੂਰ ਆਉਣੀ ਚਾਹੀਦੀ ਹੈ। ਗ਼ੁਲਾਮਾਂ ਦੀ ਨਜ਼ਰ ਵਿਚ ਪੜ੍ਹੇ ਲਿਖੇ ਹੋਣ ਦਾ ਮਿਆਰ ਹੀ ਸਿਰਫ ਅੰਗਰੇਜ਼ੀ ਹੈ। ਇਸ ਤਰ੍ਹਾਂ ਉਰਦੂ 'ਚ ਕਈ ਅੱਖਰ ਲਿਖੇ ਹੋਰ ਤਰ੍ਹਾਂ ਜਾਂਦੇ ਨੇ ਤੇ ਪੜ੍ਹੇ ਹੋਰ ਤਰ੍ਹਾਂ। ਜਿਵੇਂ ਖ਼ਾਬ ਪਰ ਲਿਖਿਆ ਖ਼ਵਾਬ ਜਾਂਦਾ ਹੈ। ਇਸ ਤਰ੍ਹਾਂ 'ਖ਼ੁਦ' ਪਰ ਲਿਖਿਆ 'ਖ਼ੂਦ' ਜਾਂਦਾ ਹੈ। ਪਰ ਪੰਜਾਬੀ ਜ਼ਬਾਨ ਵਿਚ ਅਜਿਹਾ ਕੋਈ ਭੰਬਲਭੂਸਾ ਨਹੀਂ ਇਹ ਬੜੀ ਸਾਦਾ ਤੇ ਸੌਖੀ ਜ਼ਬਾਨ ਹੈ ਪਰ ਭੋਲੀਆਂ ਮੱਝਾਂ ਦਾ ਦੁੱਧ ਪੀਣ ਵਾਲੇ ਪੰਜਾਬੀ ਖੌਰੇ ਕਦੋਂ ਸਮਝਣਗੇ। ਅੱਜ ਲਹਿੰਦੇ ਪੰਜਾਬ ਦੀ ਨੌਂ ਕਰੋੜ ਅਬਾਦੀ ਚੋਂ ਵੱਧ ਤੋਂ ਵੱਧ ਸੌ ਬੰਦਾ ਹੋਵੇਗਾ ਜਿਹੜਾ ਅਪਣੀ ਮਾਂ ਬੋਲੀ ਨੂੰ ਉਸ ਦੇ ਅਸਲੀ ਅੱਖਰਾਂ ਵਿਚ ਪੜ੍ਹਨਾ ਲਿਖਣਾ ਜਾਣਦਾ ਹੋਵੇਗਾ। ਇਸੇ ਤਰ੍ਹਾਂ ਚੜ੍ਹਦੇ ਪੰਜਾਬ ਦੀ ਹਾਲਤ ਹੈ। ਉਨ੍ਹਾਂ ਕੋਲ ਪੰਜਾਬੀ ਲਿਪੀ ਤਾਂ ਹੈ ਪਰ ਉਨ੍ਹਾਂ ਨੇ ਪੰਜਾਬੀ ਹਿੰਦੀ ਦੇ ਚਰਨਾਂ ਵਿਚ ਕੁਰਬਾਨ ਕਰ ਦਿਤੀ ਹੈ। ਕਿਸੇ ਕੌਮ ਨੂੰ ਮਾਰਨਾ ਹੋਵੇ ਤਾਂ ਤਲਵਾਰਾਂ ਦੀ ਲੋੜ ਨਹੀਂ ਉਸ ਤੋਂ ਉਸ ਦੀ ਮਾਂ ਬੋਲੀ ਖੋਹ ਲਵੋ ਉਹ ਆਪੇ ਮਰ ਜਾਵੇਗੀ ਤੇ ਉਸ ਦੇ ਮਰਨ ਦਾ ਦੋਸ਼ ਵੀ

ਤੁਹਾਡੇ ਸਿਰ ਨਹੀਂ ਆਵੇਗਾ। ਭੋਲੇ ਪੰਜਾਬੀਆਂ ਨਾਲ ਇਸ ਤਰ੍ਹਾਂ ਹੀ ਹੋਇਆ ਹੈ। ਡਾਹਢਿਆਂ ਨੇ ਸਾਨੂੰ ਦੋ ਵਾਰ ਕਤਲ ਕੀਤਾ। ਇਕ ਵਾਰ ਸਾਡਾ ਲਹੂ ਡੋਲ੍ਹ ਕੇ ਤੇ ਦੂਜੀ ਵਾਰ ਸਾਡੀ ਜ਼ਬਾਨ ਖੋਹ ਕੇ। ਪਰ ਇਨ੍ਹਾਂ ਦੋਹਾਂ ਵਾਰਾਂ 'ਚ ਸਾਡਾ ਅਪਣਾ ਕਸੂਰ ਜ਼ਿਆਦਾ ਹੈ ਕਿਉਂਕਿ ਸਿਆਣੇ ਆਖਦੇ ਨੇ ਕਿ ਲਾਈਲੱਗ ਨਾ ਹੋਵੇ ਘਰ ਵਾਲਾ ਤੇ ਚੰਦਰਾ ਗੁਆਂਢ ਨਾ ਹੋਵੇ। ਜੇ ਅਸੀਂ ਲਾਈਲੱਗ ਨਾ ਹੁੰਦੇ ਤਾਂ ਇਨ੍ਹਾਂ ਹਾਲਾਂ ਕਦੇ ਨਾ ਉਜੜਦੇ। ਲੋਕ ਕਹਿੰਦੇ ਨੇ ਕਿ ਪਰਾਈ ਨਾਰ ਤੇ ਅਪਣੇ ਬੱਚੇ ਚੰਗੇ ਲਗਦੇ ਨੇ। ਪਰ ਸਾਡਾ ਤਾਂ ਮਾਮਲਾ ਹੀ ਉਲਟ ਹੈ। ਸਾਨੂੰ ਪਰਾਈ ਬੋਲੀ ਚੰਗੀ ਲਗਦੀ ਹੈ ਤੇ ਅਪਣੀ ਮਾਂ ਬੋਲੀ ਭੈੜੀ। ਦੇਸ਼ ਦੀ ਵੰਡ ਨਾਲ ਜਿਥੇ ਸਾਡੇ ਦਰਿਆ ਵੰਡੇ ਗਏ ਉਥੇ ਸਾਡੀ ਮਾਂ ਬੋਲੀ ਵੀ ਖੇਹ ਖਰਾਬ ਹੋ ਗਈ। ਹੁਣ ਡਫਲੀ ਕੋਈ ਵਜਾ ਰਿਹਾ ਹੈ ਤੇ ਰਾਗ ਕੋਈ ਗਾ ਰਿਹਾ ਹੈ। ਪੰਜਾਬੀ ਜ਼ਬਾਨ ਦੀ ਰੂਹ ਕਿਤੇ ਹੈ ਤੇ ਸਰੀਰ ਕਿਤੇ। ਪੰਜਾਬੀ ਬੋਲੀ ਅਤੇ ਗੁਰਮੁਖੀ ਇਕ ਦੂਜੇ ਲਈ ਲਾਜ਼ਮੀ ਹਨ। ਪੰਜਾਬੀ




ਲਿਖਣ ਪੜ੍ਹਨ ਲਈ ਗੁਰਮੁਖੀ ਜਾਨਣਾ ਜ਼ਰੂਰੀ ਹੈ ਤੇ ਗੁਰਮੁਖੀ 'ਚ ਲਿਖਣ ਲਈ ਪੰਜਾਬੀ ਸਿੱਖਣਾ ਜ਼ਰੂਰੀ ਹੈ। ਕੁੱਝ ਮਿਤਰ ਅਪਣੀਆਂ ਗ਼ਲਤੀਆਂ ਦੂਜੇ ਦੇ ਖਾਤੇ ਪਾ ਛਡਦੇ ਨੇ। ਉਹ ਕਹਿੰਦੇ ਨੇ ਕਿ ਉਰਦੂ ਨੇ ਪੰਜਾਬੀ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਕੁੱਝ ਆਖਦੇ ਨੇ ਕਿ ਹਿੰਦੀ, ਪੰਜਾਬੀ ਨੂੰ ਖਾ ਗਈ ਹੈ। ਕੁੱਝ ਦਾ ਖਿਆਲ ਹੈ ਕਿ ਅੰਗਰੇਜ਼ੀ ਨੇ ਡੰਝ ਲਾਹੀ ਹੈ। ਮੈਂ ਕਹਿੰਦਾ ਹਾਂ ਕਿ ਪੰਜਾਬੀ ਨੂੰ ਪੰਜਾਬੀਆਂ ਨੇ ਤਲਾਕ ਦਿਤਾ ਹੈ ਕਿਸੇ ਦਾ ਕੋਈ ਕਸੂਰ ਨਹੀਂ। ਅਸੀਂ ਪੰਜਾਬੀ ਅਪਣੀ ਮਾਂ ਬੋਲੀ ਨੂੰ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਾਂ। ਮੈਨੂੰ





ਚੰਗੀ ਤਰ੍ਹਾਂ ਯਾਦ ਹੈ ਕਿ ਇਕ ਵਾਰ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੀ ਇਜਲਾਸ ਹੋ ਰਿਹਾ ਸੀ। ਹਰ ਮੈਂਬਰ ਨੂੰ ਪੰਜ ਮਿੰਟ ਤਕਰੀਰ ਕਰਨ ਦੀ ਇਜਾਜ਼ਤ ਸੀ। ਨਵਾਬ ਅਕਬਰ ਅਲੀ ਬੁਗਤੀ (ਬਲੋਚਿਸਤਾਨ) ਦੀ ਵਾਰੀ ਆਈ ਤਾਂ ਉਨ੍ਹਾਂ ਨੇ ਬਲੋਚੀ 'ਚ ਤਕਰੀਰ ਸ਼ੁਰੂ ਕਰ ਦਿਤੀ। ਉਨ੍ਹਾਂ ਨੂੰ ਕਈ ਵਾਰ ਟੋਕਿਆ ਗਿਆ ਕਿ ਉਹ ਉਰਦੂ ਵਿਚ ਤਕਰੀਰ ਕਰਨ ਜਾਂ ਅੰਗਰੇਜ਼ੀ ਵਿਚ। ਉਨ੍ਹਾਂ ਆਖਿਆ ਕਿ ਮੈਂ ਅਪਣੀ ਮਾਂ ਬੋਲੀ ਵਿਚ ਹੀ ਤਕਰੀਰ ਕਰਾਂਗਾ। ਉਨ੍ਹਾਂ ਨੂੰ ਕਿਹਾ ਗਿਆ ਕਿ ਇਹ ਹਾਊਸ ਦੇ ਕਾਨੂੰਨ ਦੇ ਵਿਰੁਧ ਹੈ। ਉਨ੍ਹਾਂ ਨੇ ਜਵਾਬ ਦਿਤਾ ਕਿ ਜਿਹੜਾ ਕਾਨੂੰਨ ਅਪਣੀ ਮਾਂ ਬੋਲੀ ਬੋਲਣ ਤੋਂ ਰੋਕਦਾ ਹੈ ਮੈਂ ਅਜਿਹੇ ਕਾਨੂੰਨ ਨੂੰ ਨਹੀਂ ਮੰਨਦਾ। ਉਨ੍ਹਾਂ ਨੇ ਬਲੋਚੀ ਵਿਚ ਤਕਰੀਰ ਕੀਤੀ। ਇਸ ਤਰ੍ਹਾਂ ਪਾਕਿਸਤਾਨ ਦਾ ਇਕ ਸਰਕਾਰੀ ਜਥਾ ਜਪਾਨ ਦੇ ਦੌਰੇ 'ਤੇ ਗਿਆ। ਸ਼ਹਿਨਸ਼ਾਹ ਦੇ ਦਰਬਾਰ ਵਿਚ ਉਸ ਨੇ ਅੰਗਰੇਜ਼ੀ ਵਿਚ ਗੱਲਬਾਤ ਸ਼ੁਰੂ ਕਰ ਦਿਤ। ਸ਼ਹਿਨਸ਼ਾਹ ਨੇ ਇਹ ਕਹਿ ਕੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿਤਾ ਕਿ ਮੈਂ ਅੰਗਰੇਜ਼ਾਂ ਦੇ ਗੁਲਾਮਾਂ ਨਾਲ ਗੱਲਬਾਤ ਜਾਰੀ ਨਹੀਂ ਰਖ ਸਕਦਾ। ਜੇ ਗੱਲਬਾਤ ਚਾਲੂ ਰਖਣੀ ਹੈ ਤਾਂ ਅਪਣੀ ਮਾਂ ਬੋਲੀ ਵਿਚ ਕਰੋ ਜਾਂ ਸਾਡੀ ਜ਼ਬਾਨ ਵਿਚ। ਉਹ ਲੋਕ ਅਪਣੀ ਕੌਮੀ ਗੈਰਤ ਨੂੰ ਹਮੇਸ਼ਾ ਉਚਾ ਰਖਦੇ ਨੇ ਤੇ ਇਸ ਨੂੰ ਉੱਚਾ ਨਹੀਂ ਜਾਣ ਦਿੰਦੇ। ਅੰਗਰੇਜ਼ ਚਲੇ ਗਏ ਪਰ ਸਾਡੇ ਗਲੋਂ ਗੁਲਾਮੀ ਦਾ ਪਟਾ ਨਾ ਲੱਥਾ। ਗੁਲਾਮੀ ਸਰੀਰਕ ਹੀ ਨਹੀਂ ਹੁੰਦੀ ਗੁਲਾਮੀ ਦੇ ਕਈ ਰੂਪ ਹੁੰਦੇ ਹਨ। ਜ਼ਬਾਨ ਦੀ ਗੁਲਾਮੀ, ਤਹਿਜੀਬ ਦੀ ਗੁਲਾਮੀ । ਜਦੋਂ ਕੋਈ ਕੌਮ ਇਨ੍ਹਾਂ ਗੁਲਾਮੀਆਂ ਤੋਂ ਆਜ਼ਾਦੀ ਹਾਸਲ ਕਰ ਲੈਂਦੀ ਹੈ ਤਾਂ ਫਿਰ ਉਸ ਨੂੰ ਅਪਣੇ ਕਿਸੇ ਚੀਜ਼ ਦੀ ਕਦਰ ਹੁੰਦੀ ਹੈ। ਦਾਨਿਆਂ ਦੇ ਓਹਲੇ ਲੁਕਿਆ ਜਾਲ ਵੇਖ ਕੇ ਪੰਛੀ ਚੋਗਾ ਚੁਗਣ ਨਹੀਂ ਜਾਂਦਾ ਪਰ ਅਫ਼ਸੋਸ ਕਿ ਅਸੀਂ ਜਾਲ ਵੇਖ ਕੇ ਵੀ ਚੋਗਾ ਚੁਗਣ ਤੁਰ ਪੈਂਦੇ ਹਾਂ। ਪੰਜਾਬੀ ਦਾ ਨਾਂ ਉਚਾ ਕਰਨ ਲਈ ਸਾਨੂੰ ਸਾਰੇ ਬੰਧਨਾਂ ਤੋਂ ਆਜ਼ਾਦੀ ਹਾਸਲ ਕਰਨੀ ਪਵੇਗੀ। ਮੰਗੇ ਮੰਗਾਏ ਅੱਖਰ ਵਾਪਸ ਕਰਨੇ ਪੈਣਗੇ। ਰੇਡੀਮੇਡ ਜ਼ਬਾਨਾਂ ਤੋਂ ਛੁਟਕਾਰਾ ਹਾਸਲ ਕਰਨਾ ਪਵੇਗਾ। ਮਾਂ ਬੋਲੀ ਦੀ ਫਸਲ 'ਚੋਂ ਜੜੀਆਂ ਬੂਟੀਆਂ ਨੂੰ ਕਢਣਾ ਪਵੇਗਾ। ਮੈਂ ਤਾਂ ਜਨਮ ਜਨਮ ਦਾ ਪੰਜਾਬੀ ਹਾਂ ਤੇ ਮੈਨੂੰ ਅਪਣੇ ਪੰਜਾਬੀ ਹੋਣ ਦਾ ਮਾਣ ਹੈ। ਪੰਜਾਬੀ ਵੀਰਾਂ ਨੂੰ ਪਤਾ ਨਹੀਂ ਕਿਉਂ ਪੰਜਾਬੀ ਹੋਣ 'ਤੇ ਸ਼ਰਮਮਿੰਦਗੀ ਹੈ। ਮੈਂ ਅੱਠ ਨੌਂ ਸਾਲ ਦੀ ਉਮਰ ਵਿਚ ਕੁਰਆਨ ਪਾਕਿ ਤੋਂ ਇਲਾਵਾ ਪੰਜਾਬੀ ਜ਼ੁਬਾਨ ਵਿਚ ਵੀ ਕਾਫੀ ਮੁਹਾਰਤ ਹਾਸਲ ਚੁੱਕਾ ਸਾਂ। ਮੇਰੇ ਮਾਂ ਜੀ ਕੋਲ ਉਰਦੂ ਲਿਪੀ 'ਚ ਪੰਜਾਬੀ ਦੀਆਂ ਕਿਤਾਬਾਂ ਕਿੱਸਾ ਹਜ਼ਰਤ ਯੂਸਫ਼ , ਇਕਰਾਮ ਮੁਹੰਮਦੀ ਸਲੱਲਾ ਵਸਲਮ, ਮਦੀਨੇ ਦੇ ਮੋਤੀ, ਮੱਕੇ ਦਾ ਮੇਲ ਆਦਿ ਕਿਤਾਬਾਂ ਸਨ, ਜਿਹੜੀਆਂ ਉਨ੍ਹਾਂ ਨੇ ਮੈਨੂੰ ਛੋਟ ਉਮਰੇ ਪੜ੍ਹਾ ਛਡੀਆਂ ਸਨ। ਮੈਨੂੰ ਪੰਜਾਬੀ ਸਿਖਾਉਣ ਵਿਚ ਤੇ ਪੰਜਾਬੀ ਬਨਾਉਣ ਵਿਚ ਸੱਭ ਤੋਂ ਵੱਡਾ ਹੱਥ ਮੇਰੀ ਮਾਂ ਦਾ ਹੈ ਕਿਉਂਕਿ ਮਾਂ ਦੀ ਗੋਦ ਹੀ ਬੱਚੇ ਦੀ ਪਹਿਲੀ ਪਾਠਸ਼ਾਲਾ ਹੈ। ਕਿਸੇ ਬੱਚੇ ਦੀ ਸ਼ਖ਼ਸੀਅਤ ਬਨਾਉਣ ਵਿਚ ਮਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਕੌਮਾਂ ਦੀ ਕਿਰਦਾਰਸਾਜੀ ਵਿਚ ਮਾਵਾਂ ਦਾ ਰੋਲ ਬੜਾ ਹੀ ਅਹਿਮ ਹੁੰਦਾ ਹੈ। ਹਿਟਲਰ ਦਾ ਕੌਲ ਹੈ ਕਿ ਤੁਸੀਂ ਮੈਨੂੰ ਚੰਗੀਆਂ ਮਾਵਾਂ ਦਿਉ ਮੈਂ ਤੁਹਾਨੂੰ ਚੰਗੀ ਕੌਮ ਦਿਆਂਗਾ। ਘਰ ਦੇ ਮਾਹੌਲ 'ਚ ਨਿਕਲ ਕੇ ਸਕੂਲ ਕਾਲਜ ਵਿਚ ਪੈਰ ਧਰਿਆ ਤਾਂ ਉਥੇ

ਪੰਜਾਬੀ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਸਾਰੇ ਦੇ ਸਾਰੇ ਸਿਲੇਬਸ ਉਰਦੂ, ਅੰਗਰੇਜ਼ੀ ਵਿਚ ਸੀ। ਫ਼ਾਰਸੀ ਵੀ ਆਖਰੀ ਹਿਚਕੀਆਂ ਲੈ ਰਹੀ ਸੀ। ਅੱਜ ਇਕ ਤਰ੍ਹਾਂ ਨਾਲ ਅੰਗਰੇਜ਼ੀ ਨੇ ਸਾਨੂੰ ਰਿੱਛ ਜੱਫਾ ਮਾਰ ਲਿਆ ਹੈ। ਬੇਬੇ, ਬਾਪੂ ਦੇ ਮਾਹੌਲ 'ਚੋਂ ਨਿਕਲ ਕੇ ਅਸੀਂ ਮੰਮੀ ਡੈਡੀ ਦੇ ਮਾਹੌਲ ਵਿਚ ਪੁੱਜ ਗਏ। ਅੱਜ ਸਮਾਜ ਵਿਚ ਹਰ ਮਨੁੱਖ ਇਕੱਲਾ ਇਕੱਲਾ ਨਜ਼ਰ ਆ ਰਿਹਾ ਹੈ। ਇਹ ਸਾਰਾ ਕਮਾਲ ਇਸ ਰਿੱਛ ਜੱਫੇ ਦਾ ਹੈ। ਲਹਿੰਦੇ ਪੰਜਾਬ ਦੇ ਸਕੂਲਾਂ, ਕਾਲਜਾਂ ਵਿਚ ਉਰਦੂ ਲਿਪੀ ਵਿਚ ਵੀ ਪੰਜਾਬੀ ਪੜ੍ਹਾਉਣ ਦਾ ਕੋਈ ਖਾਸ ਇੰਤਜ਼ਾਮ ਨਹੀਂ, ਕਿਸੇ ਦਾ ਦਿਲ ਕਰੇ ਤਾਂ ਪੜ੍ਹ ਲਵੇ ਵਰਨਾ ਸਰਕਾਰੀ ਤੌਰ 'ਤੇ ਕੋਈ ਪਾਬੰਦੀ ਨਹੀਂ। ਕਈ ਪੰਜਾਬੀਆਂ ਨੂੰ ਇਹ ਕਹਿੰਦੇ ਵੀ ਸੁਣਿਆ ਗਿਆ ਹੈ ਕਿ ਪੰਜਾਬੀ ਉਜੱਡ ਲੋਕਾਂ ਦੀ ਜ਼ਬਾਨ ਹੈ। ਇਸ ਦਾ ਮਤਲਬ ਇਹ ਹੋਇਆ ਕਿ ਸਾਡੇ ਬਜ਼ੁਰਗ ਤੇ ਸੂਫ਼ੀ ਸੰਤ ਉਜੱਡ ਸਨ। ਅਸੀਂ ਅੰਗਰੇਜ਼ੀ, ਉਰਦੂ, ਹਿੰਦੀ ਬੋਲਣ ਵਾਲੇ ਸਿਆਣੇ ਅਕਲਮੰਦ ਹਾਂ! ਮੇਰੇ ਖਿਆਲ ਵਿਚ ਪੰਜਾਬੀ ਜਿੰਨੀ ਅਪਣੀ ਜ਼ਬਾਨ ਨੂੰ ਨਫ਼ਰਤ ਕਰਦੇ ਨੇ ਦੁਨੀਆਂ ਦੀ ਸ਼ਾਇਦ ਹੀ ਕੋਈ ਹੋਰ ਕੌਮ ਕਰਦੀ ਹੋਵੇ। ਮੈਂ ਜਿਉਂ ਜਿਉਂ ਪੜ੍ਹਾਈ ਦੀਆਂ ਮੰਜ਼ਿਲਾਂ ਸਰ ਕਰਦਾ ਗਿਆ ਪੰਜਾਬੀ ਦੇ ਸਮੁੰਦਰ 'ਚੋਂ ਹੀਰੇ ਮੋਤੀ ਇਕੱਠੇ ਕਰਦਾ ਗਿਆ। ਇਥੋਂ ਤਕ ਕਿ ਪੰਦਰਾਂ ਵਰ੍ਹਿਆਂ ਦੀ ਉਮਰ ਤਕ ਬਾਬੇ ਬੁੱਲ੍ਹੇ ਸ਼ਾਹ ਦਾ ਕਲਾਮ, ਸੁਲਤਾਨ ਬਾਹੂ, ਸ਼ਾਹ ਹੁਸੈਨ, ਬਾਬਾ ਫ਼ਰੀਦ, ਮੀਆਂ ਮੁਹੰਮਦ ਬਖ਼ਸ਼ ਹੋਰਾਂ ਦੀ ਸੈਫੁਲ ਮਲੂਕ ਦੇ ਨਾਲ ਨਾਲ ਹੋਰ ਕਈ ਕਿਤਾਬਾਂ ਪੜ੍ਹ ਲਈਆਂ ਸਨ। ਇਕ ਵਾਰ ਬਾਬਾ ਵਾਰਸ ਸ਼ਾਹ ਦੀ 'ਹੀਰ' ਖਰੀਦੀ ਪੜ੍ਹਕੇ ਇੰਜ ਲਗਿਆ ਜਿਵੇਂ ਇਸ ਤੋਂ ਪਹਿਲਾਂ ਮੈਂ ਅਨਪੜ੍ਹ ਸੀ। ਮੈਂ ਸਮਝਦਾ ਹਾਂ ਕਿ ਦੁਨੀਆਂ ਦੇ ਕਿਸੇ ਵੀ ਲੇਖਕ ਨੇ ਇਸ ਤੋਂ ਚੰਗੀ ਕਿਤਾਬ ਸ਼ਾਇਦ ਹੀ ਲਿਖੀ ਹੋਵੇ। ਜਿਸ ਕੌਮ ਕੌਲ ਇੰਨੇ ਉਚੇ ਪੱਧਰ ਦੇ ਲਿਖਾਰੀ ਹੋਣ ਫਿਰ ਉਹ ਕੌਮ ਉਨ੍ਹਾਂ ਦੀ ਕਦਰ ਨਾ ਕਰੇ ਤਾਂ ਮੈਂ ਸਮਝਦਾ ਹਾਂ ਕਿ ਉਹ ਦੁਨੀਆਂ ਦੀ ਸੱਭ ਤੋਂ ਬਦਨਸੀਬ ਕੌਮ ਹੈ। ਪੰਜਾਬੀਆਂ ਨੂੰ ਨਾ ਤਾਂ ਅਪਣੀ ਮਾਂ ਬੋਲੀ ਦੀ ਕਦਰ ਹੈ, ਨਾ ਅਪਣੇ ਬਜ਼ੁਰਗਾਂ ਦੀ ਤੇ ਨਾ ਹੀ ਅਪਣੀ ਧਰਤੀ ਦੀ। ਮੇਰੇ ਇਕ ਮਰਹੂਮ ਬਜ਼ੁਰਗ ਸੂਫ਼ੀ ਖ਼ੁਸ਼ੀ ਮੁਹੰਮਦ ਕਿਹਾ ਕਰਦੇ ਸਨ ਕਿ ਪੰਜਾਬ ਦੀ ਧਰਤੀ ਰੱਬ ਨੇ ਅਪਣੇ ਵਾਸਤੇ ਰੱਖੀ ਸੀ ਕਿ ਇਥੇ ਫਰਿਸ਼ਤਿਆਂ ਕੋਲੋਂ ਵਾਹੀ ਬੀਜੀ ਕਰਾਵਾਂਗਾ ਪਰ ਪੰਜਾਬੀਆਂ 'ਤੇ ਰੱਬ ਨੂੰ ਤਰਸ ਆ ਗਿਆ ਤੇ ਰੱਬ ਨੇ ਫਰਿਸ਼ਤਿਆਂ ਨੂੰ ਫਰਮਾਇਆ ਕਿ ਇਹ ਧਰਤੀ ਇਨ੍ਹਾਂ ਨੂੰ ਦੇ ਦਿਉ। ਇਹ ਗੱਲ ਭਾਵੇਂ ਉਹ ਮਖੌਲ ਵਿਚ ਹੀ ਕਰਦੇ ਸਨ ਪਰ ਲਗਦੀ ਸੱਚ ਹੈ। ਪੰਜਾਬੀਆਂ ਨੂੰ ਇਹਦੀ ਮਿੱਟੀ ਖੌਰੇ ਕਿਉਂ ਵੱਢ ਵੱਢ ਖਾਂਦੀ ਹੈ। ਮੈਂ ਇਹ ਗੱਲ ਪੂਰੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਪੰਜਾਬੀਆਂ ਨੇ ਕਦੇ ਧਰਤੀ ਮਾਂ ਦਾ ਕਰਜ਼ ਚੁਕਾਉਣ ਦੀ ਕੋਸ਼ਿਸ਼ ਨਹੀਂ ਕੀਤੀ।

ਮੈਂ ਅਪਣੀ ਮਾਂ ਬੋਲੀ ਦੀ ਤਰੱਕੀ ਦਾ ਪੈਂਡਾ ਜਾਰੀ ਰਖਿਆ। 1992 ਵਿਚ ਮੇਰੀ ਦਿਲ ਮੁਹੰਮਦ ਹੋਰਾਂ ਨਾਲ ਮੁਲਾਕਾਤ ਹੋ ਗਈ। ਉਸ ਵੇਲੇ ਗੁਰਮੁਖੀ ਉਹ ਵੀ ਨਹੀਂ ਜਾਣਦੇ ਸਨ। ਉਹ ਭਰਤੀ ਹੋ ਕੇ ਦੁਬਈ ਜਹਾਜ਼ਾਂ ਦੇ ਮਹਿਕਮੇ ਵਿਚ ਚਲੇ ਗਏ। ਉਨ੍ਹਾਂ ਨੇ ਅਪਣੇ ਸਿੱਖ ਮਿਤਰਾਂ ਕੋਲੋਂ ਗੁਰਮੁਖੀ ਸਿੱਖੀ। 1996 ਵਿਚ ਉਨ੍ਹਾਂ ਨੇ ਮੈਨੂੰ ਪੈਂਤੀ ਲਿਖ ਕੇ ਦਿਤੀ। ਮੈਂ ਊੜਾ ਆੜਾ ਯਾਦ ਕਰ ਕੇ ਪੜ੍ਹਨਾ ਸ਼ੁਰੂ ਕੀਤਾ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਪੰਜਾਬੀ ਵਿਚ ਪਹਿਲੀ ਚਿੱਠੀ ਮੈਂ ਵੀਰ ਮਨਜੀਤ ਸਿੰਘ ਰਾਜਪੁਰਾ ਹੁਰਾਂ ਨੂੰ ਲਿਖੀ ਸੀ। ਜਦੋਂ ਮੈਂ





ਸਕੂਲ ਵਿਚ ਪੜ੍ਹਦਾ ਸੀ ਤਾਂ ਕਿਸੇ ਅੱਖਰ ਦੀ ਸਮਝ ਨਹੀਂ ਆਉਂਦੀ ਸੀ। ਜੇ ਉਸਤਾਦਾਂ ਕੋਲੋਂ ਦੁਬਾਰਾ ਪੁਛਣਾ ਤਾਂ ਉਨ੍ਹਾਂ ਕਹਿਣਾ ਕਿ ਮੈਂ ਕੋਈ ਗੁਰਮੁਖੀ ਲਿਖਦਾਂ ਜਿਹੜੀ ਤੁਹਾਨੂੰ ਸਮਝ ਨਹੀਂ ਆਉਂਦੀ। ਅਸੀਂ ਸੋਚਣਾ ਕਿ ਗੁਰਮੁਖੀ ਪਤਾ ਨਹੀਂ ਕਿਸ ਬਲਾਅ ਦਾ ਨਾਂ ਹੈ। ਇਹ ਤਾਂ ਪਤਾ ਹੀ ਨਹੀਂ ਸੀ ਕਿ ਸਾਡੀ ਮਾਂ ਬੋਲੀ ਜਿਸ ਲਿਪੀ 'ਚ ਲਿਖੀ ਜਾਂਦੀ ਹੈ ਉਸ ਦਾ ਨਾਂ ਗੁਰਮੁਖੀ ਹੈ। ਕਦੇ ਕਦਾਈਂ ਚੜ੍ਹਦੇ ਪੰਜਾਬ ਦੇ ਟੀ.ਵੀ 'ਤੇ ਕਿਸੇ ਨੂੰ ਖ਼ਬਰਾਂ ਪੜ੍ਹਦੇ ਵੇਖਣਾ ਤਾਂ ਸੋਚਣਾ ਕਿ ਇਹ ਵਿੰਗੀਆਂ ਸਿੱਧੀਆਂ ਲਕੀਰਾਂ ਕਿਵੇਂ ਪੜ੍ਹ ਲੈਂਦੇ ਹਨ। ਗੁਰਮੁਖੀ ਸਿੱਖਣ ਤੋਂ ਬਾਅਦ ਮੈਂ ਇਕ ਵਾਰੀ ਲਾਹੌਰ ਸਟੇਸ਼ਨ 'ਤੇ ਬੈਠਾ ਸਾਂ। ਮੇਰੇ ਹੱਥ 'ਚ ਉਰਦੂ ਦਾ ਇਕ ਰਸਾਲਾ ਸੀ। ਉਸ ਦੇ ਪਹਿਲੇ ਸਫ਼ੇ 'ਤੇ ਮੈਂ ਗੁਰਮੁਖੀ 'ਚ ਅਪਣਾ ਨਾਂ ਲਿਖ ਰਿਹਾ ਸੀ। ਮੇਰੇ ਕੋਲ ਇਕ ਬਾਬਾ ਬੈਠਾ ਸੀ। ਉਹ ਬੜੇ ਗੌਰ ਨਾਲ ਮੇਰੇ ਵਲ ਵੇਖ ਰਿਹਾ ਸੀ। ਉਹ ਮੈਨੂੰ ਕਹਿਣ ਲੱਗਾ,' ਪੁੱਤਰਾ ਮੈਨੂੰ ਤੇਰਾ ਜਨਮ ਪਾਕਿਸਤਾਨ ਬਣਨ ਤੋਂ ਬਾਅਦ ਦਾ ਲਗਦਾ ਪਰ ਤੂੰ ਇਹ ਦੱਸ ਕਿ ਹਿੰਦੀ ਕਿਥੋਂ ਸਿੱਖੀ ਹੈ? ਮੈਂ ਆਖਿਆ ," ਬਾਬਾ ਜੀ ਇਹ ਹਿੰਦੀ ਨਹੀਂ ਪੰਜਾਬੀ ਏ।" ਬਾਬਾ ਕਹਿੰਦਾ," ਅੱਛਾ ਜਿਹਦੇ ਵਿਚ ਸਿੱਖ ਲਿਖਦੇ ਹੁੰਦੇ ਸਨ।" ਮੈਂ ਕਿਹਾ ," ਬਾਬਾ ਜੀ ਜਿਹੜੀ ਜ਼ਬਾਨ ਤੁਸੀਂ ਬੋਲਦੇ ਪਏ ਹੋ ਉਹ ਇਸੇ ਤਰ੍ਹਾਂ ਲਿਖੀ ਜਾਂਦੀ ਹੈ।" ਇਸੇ ਤਰ੍ਹਾਂ ਸਾਥੋਂ ਲਹਿੰਦੇ ਪਾਸੇ ਕੋਟ ਖ਼ੁਸ਼ਹਾਲ ਸਿੰਘ ਇਕ ਛੋਟਾ ਜਿਹਾ ਪਿੰਡ ਹੈ। ਉਥੋਂ ਦੇ ਕੁੱਝ ਮਿਤਰ ਮੇਰੇ ਨਾਲ ਬਹਿਸ ਕਰਦੇ ਰਹੇ ਕਿ ਤੂੰ ਗੁਰਮੁਖੀ ਕਿਵੇਂ ਸਿੱਖ ਲਈ। ਉਨ੍ਹਾਂ ਨੂੰ ਇਹ ਕਹਿ ਕੇ ਯਕੀਨ ਦਿਵਾਇਆ ਕਿ ਮੈਂ ਕਈ ਸਾਲ ਭਾਰਤ ਰਹਿ ਕੇ ਆਇਆ ਹਾਂ। ਲਹਿੰਦੇ ਪੰਜਾਬ ਦੀ ਇਸ ਤੋਂ ਵੱਡੀ ਬਦਕਿਸਮਤੀ ਹੋਰ ਕੀ ਹੋ ਸਕਦੀ ਹੈ ਕਿ ਪੜ੍ਹੇ ਲਿਖੇ ਲੋਕ ਉਰਦੂ ਲਿਪੀ 'ਚ ਲਿਖੀ ਹੋਈ ਪੰਜਾਬੀ ਨਹੀਂ ਪੜ੍ਹ ਸਕਦੇ। ਜਿਹੜੀ ਕੌਮ ਅਪਣੀ ਮਾਂ ਬੋਲੀ ਪੜ੍ਹ ਲਿਖ ਨਹੀਂ ਸਕਦੀ, ਉਹ ਅਪਣੀ ਧਰਤੀ ਨਾਲ ਵੀ ਵਫਾਦਾਰ ਨਹੀਂ ਹੋ ਸਕਦੀ। ਜਦੋਂ ਅਸੀਂ ਅਪਣੀ ਮਾਂ ਬੋਲੀ ਨਾਲ ਹੀ ਇਨਸਾਫ਼ ਨਹੀਂ ਕਰ ਸਕਦੇ ਤਾਂ ਫਿਰ ਧਰਤੀ ਨਾਲ ਵਫਾ ਕਿਵੇਂ ਕਰ ਸਕਦੇ ਹਾਂ। ਜਿਸ ਪੁੱਤਰ ਨੂੰ ਅਪਣੇ ਪਿਤਾ ਦੇ ਵਿਰਸੇ ਦਾ ਹੀ ਪਤਾ ਨਾ ਹੋਵੇ ਉਸ ਨੂੰ ਪੁੱਤਰ ਅਖਵਾਉਣ ਦਾ ਕੋਈ ਹੱਕ ਨਹੀਂ। ਕੌਮਾਂ ਦੀ ਪਛਾਣ ਮਾਂ ਬੋਲੀ ਨਾਲ ਹੁੰਦੀ ਹੈ। ਜਿਹੜੀਆਂ ਕੌਮਾਂ ਅਪਣੀ ਮਾਂ ਬੋਲੀ ਭੁੱਲ ਜਾਂਦੀਆਂ ਹਨ ਉਹ ਰੁੱਖਾਂ ਤੋਂ ਟੁੱਟੇ ਹੋਏ ਸੁੱਕੇ ਪੱਤਿਆਂ ਵਾਂਗ ਪੈਰਾਂ 'ਚ ਮਧੋਲੀਆਂ ਜਾਂਦੀਆਂ ਹਨ। ਮਾਂ ਬੋਲੀ ਤਾਂ ਇਕ ਪਾਸੇ ਅਸੀਂ ਅਪਣੇ ਪਹਿਰਾਵੇ ਨਾਲ ਵੀ ਨਫ਼ਰਤ ਕਰਦੇ ਹਾਂ। ਮੈਂ ਹਾਲੇ ਜਵਾਨੀ ਵਿਚ ਪੈਰ ਰਖ ਰਿਹਾ ਸੀ ਕਿ ਹਵੇਲੀ ਲੱਖੇ ਅਪਣੇ ਰਿਸ਼ਤੇਦਾਰਾਂ ਕੋਲ ਚਲਾ ਗਿਆ। ਰਾਤ ਨੂੰ ਉਨ੍ਹਾਂ ਨੇ ਵਿਉਂਤ ਬਣਾਈ ਕਿ ਪ੍ਰਾਹੁਣਾ ਆਇਆ ਏ ਕਿਉਂ ਨਾ ਇਸ ਨੂੰ ਸਰਹੱਦ ਦੀ ਸੈਰ ਕਰਵਾਈ ਜਾਵੇ। ਸਰਹੱਦ ਵੇਖਣ ਦਾ ਮੈਨੂੰ ਵੀ ਬੜਾ ਸ਼ੌਕ ਸੀ। ਸਵੇਰੇ ਸਾਜਰੇ ਹੀ ਬਸ ਫੜਕੇ ਹੈਡ ਸੁਲੇਮਾਨਕੀ ਜਾ ਉਤਰੇ। ਅਗੋਂ ਕੋਈ ਤਿੰਨ ਕਿਲੋਮੀਟਰ ਦਾ ਪੈਂਡਾ ਪੈਦਲ ਤੈਅ ਕਰਨਾ ਪੈਣਾ ਸੀ। ਦੁਪਹਿਰ ਤਕ ਅਸੀਂ ਸਰਹੱਦੀ ਚੌਕੀ 'ਤੇ ਜਾ ਪੁੱਜੇ। ਪਤਾ ਲੱਗਾ ਕਿ ਭਾਰਤੀ ਲੋਕਾਂ ਨਾਲ ਪੰਜ ਵਜੇ ਤੋਂ ਬਾਅਦ ਮੁਲਾਕਾਤ ਕਰਵਾਈ ਜਾਂਦੀ ਹੈ। ਗਰਮੀ ਦਾ ਮੌਸਮੀ ਸੀ ਰੱਬ ਰੱਬ ਕਰ ਕੇ ਪੰਜ ਵਜੇ। ਭਾਰਤ ਵਾਲੇ ਪਾਸਿਉਂ ਇਕ ਜਥਾ ਸਰਹੱਦ ਵਲ ਤੁਰਿਆ ਆ ਰਿਹਾ ਸੀ। ਮੈਂ ਰੀਝ ਨਾਲ ਪੰਜਾਬ ਦਾ ਲਿਬਾਸ ਧੋਤੀ ਕੁਰਤਾ ਪਾ ਕੇ ਗਿਆ

ਸੀ। ਇਕ ਸਰਦਾਰ ਨੇ ਬੜੇ ਗੌਰ ਨਾਲ ਮੇਰੇ ਵਲ ਵੇਖ ਕੇ ਕਿਹਾ ," ਭਾਈ ਇਹ ਕਿਥੋਂ ਦਾ ਲਿਬਾਸ ਹੈ?" ਮੈਂ ਕਿਹਾ," ਵੀਰ ਜੀ ਇਹ ਪੰਜਾਬ ਦਾ ਲਿਬਾਸ ਏ।' ਉਹ ਕਹਿੰਦਾ," ਕਮਾਲ ਹੋ ਗਿਆ ਜੀ ਪੰਜਾਬ ਵਿਚ ਪਹਿਲੀ ਵਾਰ ਵੇਖਿਆ।" ਸੱਚ ਪੁੱਛੋ ਤਾਂ ਮੈਨੂੰ ਸਰਦਾਰ ਸਾਹਿਬ ਦੀ ਗੱਲ ਸੁਣ ਕੇ ਬੜੀ ਸ਼ਰਮਿੰਦਗੀ ਹੋਈ ਕਿ ਮੈਂ ਤਾਂ ਪੰਜਾਬੀ ਹੋਣ ਦੇ ਨਾਤੇ ਧੋਤੀ ਕੁਰਤਾ ਪਾਇਆ ਸੀ ਪਰ ਮੇਰੇ ਤੋਂ ਸਿਵਾਏ ਕਿਸੇ ਨੇ ਵੀ ਇਹ ਗ਼ਲਤੀ ਨਹੀਂ ਕੀਤੀ ਸੀ। ਸਰਦਾਰਾਂ ਨੇ ਪਤਲੂਨਾਂ ਪਾਈਆਂ ਹੋਈਆਂ ਸਨ ਤੇ ਮੇਰੇ ਪਾਕਿਸਤਾਨੀ ਵੀਰਾਂ ਨੇ ਸਲਵਾਰਾਂ ਤੇੜ ਚੜ੍ਹਾਈਆਂ ਹੋਈਆਂ ਸਨ। ਮੈਂ ਉਥੇ ਪੱਥਰ ਯੁਗ ਦਾ ਵਾਸੀ ਨਜ਼ਰ ਆ ਰਿਹਾ ਸੀ। ਮੈਂ ਵੀ ਦਿਲ 'ਚ ਸੋਚਿਆ ਕਿ ਮੈਨੂੰ ਅਪਣੀ ਹੇਠੀ ਦਾ ਬਦਲਾ ਲੈਣਾ ਚਾਹੀਦਾ ਹੈ। ਮੈਂ ਆਖਿਆ ," ਸਰਦਾਰ ਸਾਹਿਬ ਅਪਣੇ ਵੱਡੇ ਵਡੇਰੇ ਇਹੋ ਲਿਬਾਸ ਪਾਉਂਦੇ ਸਨ। ਇਹ ਵਖਰੀ ਗੱਲ ਹੈ ਕਿ ਤੁਸੀਂ ਅੰਗਰੇਜ਼ਾਂ ਦੀਆਂ ਨਿਸ਼ਾਨੀਆਂ ਦਿਲ ਨਾਲ ਲਾਈ ਫਿਰਦੇ ਹੋ। ਉਸ ਦੀ ਗੁਲਾਮੀ ਛੱਡਣ ਨੂੰ ਤੁਹਾਡਾ ਜੀਅ ਨਹੀਂ ਕਰਦਾ। ਨਹੀਂ ਤਾਂ ਪੰਜਾਬ ਦਾ ਲਿਬਾਸ ਇਹੋ ਹੀ ਹੈ।" ਮੈਨੂੰ ਮਹਿਸੂਸ ਹੋਇਆ ਕਿ ਮੇਰੀ ਗੱਲ ਸਰਦਾਰ ਸਾਹਿਬ 'ਤੇ ਅਸਰ ਕਰ ਗਈ ਤੇ ਉਹ ਮੇਰੇ ਤੋਂ ਅੱਖਾਂ ਚੁਰਾ ਰਹੇ ਸਨ।

'ਸਵੇਰ' ਨਾਂ ਦਾ ਇਕ ਪੰਜਾਬੀ ਰਸਾਲਾ ਲਾਹੌਰ ਤੋਂ ਉਰਦੂ ਲਿਪੀ ਵਿਚ ਛਪ ਰਿਹਾ ਹੈ। ਟਾਈਟਲ 'ਤੇ ਲਿਖਿਆ ਸੀ ਪੰਜਾਬ ਤੇ ਪੰਜਾਬੀ ਦਾ ਸੇਵਕ। ਅੰਦਰਲੇ ਪੰਨੇ 'ਤੇ ਲਿਖਿਆ ਸੀ, ਸਾਥੋਂ ਵੱਧ ਪੰਜਾਬੀ ਜ਼ਬਾਨ ਦੀ ਉਰਦੂ ਲਿਪੀ 'ਚ ਕੰਪੋਜ਼ਿੰਗ ਕੋਈ ਨਹੀਂ ਕਰ ਸਕਦਾ। ਹੋਰ ਲਿਖਦੇ ਨੇ ਕਿ ਨੱਨੇ ਨੂੰ 'ਣ' ਬਨਾਉਣ ਅਤੇ ਬਿੰਦੀ, ਟਿੱਪੀ ਦੇ ਫਰਕ ਲਈ ਸਾਡੇ ਕੋਲ ਅੱਖਰ ਮੌਜੂਦ ਨੇ। ਹੋਰ ਵਾਧਾ ਕਰਦਿਆਂ ਲਿਖਿਆ ਹੋਇਆ ਸੀ ਕਿ ਸਾਡੇ ਕੋਲ ਗੁਰਮੁਖੀ ਦੀ ਕੰਪੋਜ਼ਿੰਗ ਦਾ ਵੀ ਇੰਤਜ਼ਾਮ ਹੈ। ਯਕੀਨ ਕਰੋ ਮੈਨੂੰ ਪੜ੍ਹ ਕੇ ਬਹੁਤ ਖੁਸ਼ੀ ਹੋਈ ਕਿ ਚਲੋ ਕੋਈ ਉਰਦੂ ਲਿਪੀ 'ਚ ਹੀ ਲਹਿੰਦੇ ਪੰਜਾਬ ਵਿਚ ਪੰਜਾਬੀ ਦੀ ਸੇਵਾ ਕਰ ਰਿਹਾ ਹੈ ਤੇ ਪੰਜਾਬੀ ਨੂੰ ਜਿਊਂਦਾ ਰਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਰਸਾਲਾ ਪੜ੍ਹ ਕੇ ਮੈਂ ਐਡੀਟਰ ਨੂੰ ਫੋਨ ਕੀਤਾ । ਮੈਂ ਕਿਹਾ, "ਜਨਾਬ ਪੰਜਾਬੀ ਸ਼ਾਇਰੀ ਤੇ ਲੇਖਾਂ 'ਚ ਮੈਂ ਵੀ ਕਲਮ ਘਸਾਈ ਕਰ ਲੈਂਦਾ ਹਾਂ ਜੇ ਤੁਸੀਂ ਹੁਕਮ ਦਿਉ ਤਾਂ ਤੁਹਾਡੀ ਸੇਵਾ ਵਿਚ ਕੋਈ ਛੋਟਾ ਮੋਟਾ ਨਜਰਾਨਾ ਪੇਸ਼ ਕਰਾਂ।" ਉਨ੍ਹਾਂ ਆਖਿਆ ਕਿ ਨੇਕੀ ਕਰਨ ਲਈ ਪੁੱਛਣ ਦੀ ਕੀ ਲੋੜ ਏ। ਦਿਲ ਅੰਦਰੋਂ ਖੁਸ਼ ਹੋਇਆ ਕਿ ਹੁਣ ਤਾਂ ਘਰ ਵਿਚ ਹੀ ਪੰਜਾਬੀ ਦੀ ਗੰਗਾ ਵਿਚ ਇਸ਼ਨਾਨ ਕਰਾਂਗੇ। ਪਰ ਇਹ ਖੁਸ਼ੀ ਕੋਈ ਜ਼ਿਆਦਾ ਦਿਨ ਕਾਇਮ ਨਾ ਰਹਿ ਸਕੀ। ਜਦੋਂ ਉਨ੍ਹਾਂ ਨੂੰ ਦੂਜੀ ਵਾਰ ਫੋਨ ਕੀਤਾ ਕਿ ਜਨਾਬ ਉਰਦੂ ਲਿਪੀ ਵਿਚ ਲਿਖ ਕੇ ਭੇਜਾਂ ਜਾਂ ਗੁਰਮੁਖੀ ਵਿਚ। ਉਨ੍ਹਾਂ ਦਾ ਦੋ ਟੁਕ ਜਵਾਬ ਸੀ ਉਰਦੂ ਵਿਚ। ਇਹ ਸੁਣ ਕੇ ਮੇਰੀ ਸਾਰੀ ਖੁਸ਼ੀ ਹਵਾ ਹੋ ਗਈ। ਗੰਗਾ ਦਾ ਇਸ਼ਨਾਨ ਛੱਡੋ ਦੇਵੀ ਦੇ ਦਰਸ਼ਨ ਵੀ ਨਾ ਹੋਏ। ਮੇਰੇ ਗੁਰੂ ਦਿਲ ਮੁਹੰਮਦ ਹੋਰੀਂ ਕਹਿੰਦੇ ਕਿ ਉਨ੍ਹਾਂ ਨੂੰ ਪੁਛਣਾ ਸੀ ਕਿ ਤੁਸੀਂ ਤਾਂ ਮਸ਼ਹੂਰੀ ਵਜੋਂ ਲਿਖਿਆ ਸੀ ਕਿ ਸਾਡੇ ਕੋਲ ਗੁਰਮੁਖੀ ਦੀ ਕੰਪੋਜ਼ਿੰਗ ਦਾ ਇਤਜ਼ਾਮ ਹੈ, ਉਹ ਕੀ ਹੋਇਆ? ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਉਸ ਤਰ੍ਹਾਂ ਦੀ ਮਿਸਾਲ ਹੈ ਕਿ ਕਿਸੇ ਹਟਵਾਣੀਏ ਨੇ ਖੰਡ ਦੀ ਬੋਰੀ 'ਤੇ ਲੂਣ ਲਿਖਿਆ ਹੋਇਆ ਸੀ। ਗਾਹਕ ਨੇ ਬੋਰੀ ਵਿਚ ਝਾਤੀ ਪਾ ਕੇ ਵੇਖਿਆ ਤਾਂ ਵਿਚ ਖੰਡ ਸੀ। ਗਾਹਕ ਨੇ ਕਿਹਾ,





"ਭਾਈ ਬੋਰੀ ਵਿਚ ਤਾਂ ਖੰਡ ਹੈ ਪਰ ਤੁਸਾਂ ਬੋਰੀ 'ਤੇ ਲੂਣ ਲਿਖਿਆ ਹੈ।" ਦੁਕਾਨਦਾਰ ਨੇ ਕਿਹਾ ਕਿ ਇਹ ਤਾਂ ਚੂਹਿਆਂ ਨੂੰ ਧੋਖਾ ਦੇਣ ਲਈ ਲਿਖਿਆ ਹੈ। ਪੰਜਾਬੀ ਨੂੰ ਉਰਦੂ ਲਿਪੀ ਵਿਚ ਲਿਖਣਾ ਲਾਲਾਂ ਨੂੰ ਰੇਤ ਵਿਚ ਮਿਲਾਉਣ ਵਾਲੀ ਗੱਲ ਹੈ। ਸੂਰਜ ਦੇ ਸਾਹਮਣੇ ਕਰੋੜਾਂ ਦੀਵੇ ਵੀ ਰਖ ਦਈਏ, ਸੂਰਜ ਦੀ ਰੋਸ਼ਨੀ ਸਾਹਮਣੇ ਉਨ੍ਹਾਂ ਦੀ ਕੋਈ ਹੈਸੀਅਤ ਨਹੀਂ। ਸੋਨੇ 'ਤੇ ਲੋਹੇ ਦਾ ਪਾਣੀ ਚੜ੍ਹਾਉਣ ਵਾਲਿਆਂ ਨੂੰ ਅਕਲਮੰਦ ਨਹੀਂ ਕਿਹਾ ਜਾ ਸਕਦਾ। ਉਰਦੂ ਲਿਪੀ ਵਿਚ ਪੰਜਾਬੀ ਦੇ ਬਹੁਤ ਸਾਰੇ ਅੱਖਰ ਲਿਖੇ ਹੀ ਨਹੀਂ ਜਾ ਸਕਦੇ। ਖਾਸ ਕਰ 'ਭ' 'ਘ' 'ਢ' 'ਧ' 'ਝ' ਤੋਂ ਸ਼ੁਰੂ ਹੋਣ ਵਾਲੇ ਅੱਖਰ। ਇਸ ਦੇ ਬਾਵਜੂਦ ਉਹ ਲੋਕ ਬੜੇ ਮਹਾਨ ਨੇ ਜਿਨ੍ਹਾਂ ਨੇ ਉਰਦੂ ਲਿਪੀ ਵਿਚ ਹੀ ਸਹੀ ਪੰਜਾਬੀ ਨੂੰ ਜ਼ਿੰਦਾ ਤਾਂ ਰਖਿਆ ਹੈ। ਕਹਿੰਦੇ ਨੇ ਕਿ ਹਰ ਇਕ ਚੀਜ਼ ਅਪਣੇ ਅਸਲੇ ਵਲ ਪਲਟ ਜਾਂਦੀ ਹੈ। ਅਸੀਂ ਲੱਕ ਬੰਨ੍ਹ ਕੇ ਮਿਹਨਤ ਕਰੀਏ ਤਾਂ ਜੋ ਪੰਜਾਬੀ ਵੀ ਅਪਣੇ ਅਸਲੇ ਵਲ ਪਲਟ ਸਕੇ। ਸਾਨੂੰ ਚਾਹੀਦਾ ਹੈ ਕਿ ਪੰਜਾਬੀ ਦੇ ਉਜਲੇ ਮੁਖੜੇ ਤੋਂ ਦੂਜੀਆਂ ਬੋਲੀਆਂ ਦੀ ਕਾਲਖ ਲਾਹ ਕੇ ਇਸ ਦੇ ਮੁਖੜੇ ਨੂੰ ਚਮਕਾਈਏ। ਸੁੱਚੀ ਪੰਜਾਬੀ ਨੂੰ ਆਰਜ਼ੀ ਠੁੰਮਣਿਆਂ ਦੀ ਲੋੜ ਨਹੀਂ। ਇਹ ਤਾਂ ਆਪ ਭਖਦਾ ਸੂਰਜ ਹੈ। ਇਸ ਨੂੰ ਦੂਜੀਆਂ ਬੋਲੀਆਂ ਦੇ ਚਾਨਣ ਦੀ ਲੋੜ ਨਹੀਂ। ਦਿਨ ਹੁੰਦਿਆਂ ਜੇ ਕੋਈ ਦੀਵਾ ਭਾਲੇ ਤਾਂ ਉਸ ਨੂੰ ਪਾਗਲ ਕਹਿੰਦੇ ਹਾਂ ਪਰ ਜੇ ਕੋਈ ਪੰਜਾਬੀ ਹੁੰਦਿਆਂ ਦੂਜੀ ਬੋਲੀ ਲੱਭੇ, ਉਸ ਨੂੰ ਕੀ ਕਹਾਂਗੇ? ਭੋਲੇ ਪੰਜਾਬੀ ਇਹ ਕਿਸ ਤਰ੍ਹਾਂ ਗੁਮਾਨ ਕਰੀ ਬੈਠੇ ਹਨ ਕਿ ਅਸੀਂ ਪੰਜਾਬੀ ਛੱਡ ਕੇ ਜ਼ਿੰਦਾ ਰਹਿ ਸਕਦੇ ਹਾਂ। ਇਸ ਲਈ ਆਉ ਭੋਲੇ ਪੰਜਾਬੀਉ! ਰੰਗਾਂ, ਨਸਲਾਂ, ਚੜ੍ਹਦੇ ਤੇ ਲਹਿੰਦੇ ਦਾ ਫਰਕ ਮਿਟਾ ਕੇ ਮਨੁੱਖਤਾ ਦੀ ਨੀਂਹ ਪੰਜਾਬੀਅਤ 'ਤੇ ਰਖੀਏ। ਸਾਡੀ ਪਛਾਣ ਸਿਰਫ ਤੇ ਸਿਰਫ ਪੰਜਾਬੀ ਹੋਵੇ। ਪੰਜਾਬੀ ਵਿਰਸੇ ਦਾ ਬਹੁਤ ਕੁੱਝ ਵੇਲੇ ਦੀ ਭੁੱਬਲ 'ਚ ਗੁਆਚ ਗਿਐ। ਸਾਡੀ ਮਾਂ ਬੋਲੀ ਵੀ ਦੂਜੀਆਂ ਜ਼ਬਾਨਾਂ ਦੀ ਭੀੜ ਵਿਚ ਗੁਆਚਦੀ ਜਾਂਦੀ ਏ। ਇਸ ਤੋਂ ਪਹਿਲਾਂ ਕਿ ਅਸੀਂ ਦੁਨੀਆਂ ਦੇ ਜੰਗਲ ਵਿਚ ਗੁਆਚ ਜਾਈਏ, ਆਉ ਗੁਆਚੇ ਹੋਏ ਵਿਰਸੇ ਨੂੰ ਲੱਭ ਕੇ ਗਲ ਨਾਲ ਲਾਈਏ। ਪੰਜਾਬੀ ਬਣ ਕੇ ਪੰਜਾਬ ਦਾ ਕਰਜ਼ ਚੁਕਾਈਏ ਨਹੀਂ ਤਾਂ ਵੇਲਾ ਸਾਨੂੰ ਕਦੇ ਵੀ ਮਾਫ਼ ਨਹੀਂ ਕਰੇਗਾ। ਲਾਲਾਂ ਦੀ ਚਮਕ ਕਦੇ ਮੱਧਮ ਨਹੀਂ ਹੁੰਦੀ, ਸ਼ੀਸ਼ਿਆਂ ਨੂੰ ਜੰਗਾਲ ਨਹੀਂ ਲਗਦਾ ਬਸ ਥੋੜਾ ਸਾਫ ਕਰਨ ਦੀ ਲੋੜ ਹੈ, ਉਨ੍ਹਾਂ ਦਾ ਅਕਸ ਫਿਰ ਪਰਤ ਆਵੇਗਾ।

# ਸਾਡੇ ਪੂਰੇ ਹੋ ਗਏ ਚਾਅ

-ਮੁਹੰਮਦ ਜ਼ਕਰੀਆ ਆਫ਼ਤਾਬ

*ਮੁੱਦਤਾਂ ਜਿਨ੍ਹਾਂ ਦੇ ਤੱਕੇ ਰਾਹ
ਉਹ ਮਿਲ ਪਏ ਦੇਸ਼ 'ਚ ਆ ।*

*ਇਕ ਦੂਜੇ ਨਾਲ ਜੱਫੀਆਂ ਪਾ,
ਸਾਡੇ ਪੂਰੇ ਹੋ ਗਏ ਚਾਅ ।*

*ਮੰਗੀਆਂ ਅਸੀ ਦਿਨ ਰਾਤ ਦੁਆਈਂ
ਰੱਬਾ ਸੱਜਣਾਂ ਨਾਲ ਮਿਲਾਈਂ
ਰੱਖੀਂ ਸਾਥੋਂ ਦੂਰ ਬਲਾਈਂ
ਜੁਦਾਈਆਂ ਲਗਦੀਆਂ ਨਰਕ ਸਜਾਈਂ
ਸੱਭ ਦੀ ਰੱਬ ਕੀਤੀ ਕਬੂਲ ਦੁਆ,
ਸਾਡੇ ਪੂਰੇ ਹੋ ਗਏ ਚਾਅ ।*

*ਹਵਾ ਦੀਆਂ ਇਕਦੰਮ ਲਹਿਰਾਂ ਆਈਆਂ,
ਸਜਣਾਂ ਦਾ ਪੈਗ਼ਾਮ ਲਿਆਈਆਂ,
ਮਿਲਿਆ ਵੀਜ਼ਾ ਮੁੱਕ ਗਈਆਂ ਜੁਦਾਈਆਂ,
ਖ਼ੁਸ਼ੀਆਂ ਨੱਚੀਆਂ ਰੀਝਾਂ ਝੁੰਮਰਾਂ ਪਾਈਆਂ,
ਰੱਬ ਨੇ ਦਿਤੀ ਆਸ ਪੁਗਾ,
ਸਾਡੇ ਪੂਰੇ ਹੋ ਗਏ ਚਾਅ ।*

*ਦੇਸ਼ ਮੇਰੇ ਵਿਚ ਵੀਰਨ ਆਇਆ,
ਜਿਉਂ ਗੌਤਮ ਚੀਨ ਫੇਰਾ ਪਾਇਆ,*





*ਜਦ ਇਸ ਧਰਤੀ 'ਤੇ ਕਦਮ ਟਿਕਾਇਆ,
ਫੁੱਲਾਂ ਵਾਂਗ ਖਿੜਿਆ ਦਿਲ ਕੁਮਲਾਇਆ ।*

*ਉਹਦੇ ਮੁਖੜੇ ਦੇ ਦਰਸ਼ਨ ਪਾ,
ਸਾਡੇ ਪੂਰੇ ਹੋ ਗਏ ਚਾਅ ।
ਨਵੇਂ ਦੌਰ ਦੀ ਦੇਵੀ ਕਹਿੰਦੀ,
ਚਿੱਠੀਆਂ ਦੀ ਹੁਣ ਲੋੜ ਨਹੀਂ ਪੈਂਦੀ,
ਮੋਬਾਈਲ ਨੇ ਦਿਤੇ ਪੰਧ ਮੁਕਾ,
ਸਾਡੇ ਪੂਰੇ ਹੋ ਗਏ ਚਾਅ ।*

*ਸੁਨੇਹੜੇ ਬੰਨ੍ਹ ਹਵਾ ਦੇ ਪੱਲੇ,
ਇਕ ਇਕ ਨੂੰ ਅਸਾਂ ਸੱਦੇ ਘੱਲੇ,
ਸ਼ਾਹੀ ਕਿਲ੍ਹੇ ਵਿਚ ਰੁੱਖ ਦੇ ਥੱਲੇ,
ਸਾਰੇ ਭੁੰਜੇ ਬੈਠੇ ਮਾਰ ਪਥੱਲੇ,
ਅੱਖਾਂ ਦੇ ਵਿਚ ਅੱਖਾਂ ਪਾ,
ਸਾਡੇ ਪੂਰੇ ਹੋ ਗਏ ਚਾਅ ।*

*ਬੈਠ ਇਕੱਠਿਆਂ ਦੁਖ ਸੁਖ ਫੋਲੇ
ਇਕ ਦੂਜੇ ਨਾਲ ਦਰਦ ਖ਼ਜ਼ਾਨੇ ਖੋਲ੍ਹੇ
ਲਾਹੌਰ ਦੀਆਂ ਗਲੀਆਂ ਫਿਰੀਆਂ
ਰਾਹਵਾਂ ਦੇ ਵਿਚ ਹੱਸੇ ਬੋਲੇ
ਇਕਠਿਆਂ ਖਾਣਾ ਖਾਧਾ ਤੇ ਪੀਤੀ ਚਾਹ,
ਸਾਡੇ ਪੂਰੇ ਹੋ ਗਏ ਚਾਅ ।*

# ਦੱਸ ਖਾਂ ਪੰਜਾਬ ਨੂੰ ਮੂੰਹ ਕੀ ਵਿਖਾਵੇਂਗਾ ?

-ਮੁਹੰਮਦ ਜ਼ਕਰੀਆ ਆਫ਼ਤਾਬ

*ਪੰਜਾਬੀਆ ਪੰਜਾਬੀ ਤੋਂ ਅੱਖਾਂ ਜੇ ਚੁਰਾਵੇਂਗਾ,*
*ਦੱਸ ਖਾਂ ਪੰਜਾਬ ਨੂੰ ਮੂੰਹ ਕੀ ਵਿਖਾਵੇਂਗਾ?*

*ਗ਼ੈਰਾਂ ਦੀਆਂ ਬੋਲੀਆਂ ਤੈਨੂੰ ਲੱਗਣ ਪਿਆਰੀਆਂ,*
*ਅਪਣੀ ਬੋਲੀ ’ਤੇ ਚਲਾਵੇਂ ਪਿਆ ਆਰੀਆਂ ।*
*ਬੇਗਾਨਿਆਂ ’ਚ ਭਲਾ ਕਿਵੇਂ ਤੂੰ ਸਮਾਵੇਂਗਾ,*
*ਦੱਸ ਖਾਂ ਪੰਜਾਬ ਨੂੰ .... ?*

*ਛੱਡ ਖਹਿੜਾ ਗੋਰਿਆਂ ਦੀ ਬੋਲੀ ਦਾ,*
*ਬਣ ਨਾ ਕਹਾਰ ਵੈਰੀਆਂ ਦੀ ਡੋਲੀ ਦਾ ।*
*ਜੇ ਪੁੱਛ ਲਿਆ ਮਾਂ ਕਿਹੜੇ ਪੱਜ ਲਾਵੇਂਗਾ,*
*ਦੱਸ ਖਾਂ ਪੰਜਾਬ ਨੂੰ ....?*

*ਅਪਣੀ ਜ਼ਬਾਨ ਤੋਂ ਕਿਨਾਰਾ ਜਿਹੜੇ ਕਰਦੇ,*
*ਦੁਨੀਆਂ ’ਚ ਉਹ ਜਿਉਂਦੀ ਜਾਨੇ ਮਰਦੇ ।*
*ਕਾਵਾਂ ਵਾਂਗ ਫਿਰ ਤੂੰ ਵੀ ਕੁਰਲਾਵੇਂਗਾ,*
*ਦੱਸ ਖਾਂ ਪੰਜਾਬ ਨੂੰ ...?*

*ਜਿਨ੍ਹਾਂ ਕੋਲੋਂ ਅਪਣੀ ਬੋਲੀ ਖੁੱਸ ਜਾਂਦੀ ਏ,*
*ਉਨ੍ਹਾਂ ਕੋਲੋਂ ਉਨ੍ਹਾਂ ਦੀ ਤਹਿਜ਼ੀਬ ਰੁੱਸ ਜਾਂਦੀ ਏ ।*
*ਗਲੀਆਂ ਦੇ ਕੱਖਾਂ ਵਾਂਗ ਤੂੰ ਰੁਲ ਜਾਵੇਂਗਾ,*
*ਦੱਸ ਖਾਂ ਪੰਜਾਬ ਨੂੰ ... ।*





*ਮੋੜਦੇ ਉਹ ਬੋਲੀਆਂ, ਲਈਆਂ ਜੋ ਉਧਾਰੀਆਂ,*
*ਮੁੱਕ ਜਾਣਗੀਆਂ ਤੇਰੀਆਂ ਸੱਭੇ ਬੇਕਰਾਰੀਆਂ ।*
*ਨਹੀਂ ਤੇ ਮਿੱਟੀ ਦੇ ਭਾਅ ਤੁੱਲ ਜਾਵੇਂਗਾ,*
*ਦੱਸ ਖਾਂ ਪੰਜਾਬ ਨੂੰ ...?*

*ਅੱਗ ਲਾ ਵਿਦੇਸ਼ਾਂ ਨੂੰ ਆ ਪੰਜਾਬ ਚਲੀਏ,*
*ਜਿਥੇ ਵਗਦੇ ਨੇ ਰਾਵੀ ਤੇ ਚਨਾਬ ਆ ਚਲੀਏ ।*
*ਭਰਮਾਂ ’ਚ ਪੈ ਕੇ ਦੁਖੜੇ ਤੂੰ ਪਾਵੇਂਗਾ,*
*ਦੱਸ ਖਾਂ ਪੰਜਾਬ ਨੂੰ ....?*

*ਨਾਨਕ ਤੇ ਮੀਆਂ ਮੀਰ ਤੈਨੂੰ ਪਏ ਉਡੀਕਦੇ,*
*ਬੁਲ੍ਹਾ ਤੇ ਫ਼ਰੀਦ ਬੈਠੇ ਕਾਫ਼ੀਆਂ ਉਲੀਕਦੇ,*
*ਹੀਰ ਕਦੋਂ ਵਾਰਸਾ ਰਾਂਝੇ ਨੂੰ ਮਿਲਾਵੇਂਗਾ,*
*ਦੱਸ ਖਾਂ ਪੰਜਾਬ ਨੂੰ ....?*

*ਵਿੰਗ ਚਿੱਬਾ ਮੂੰਹ ਕਰ ਕੇ ਅੰਗਰੇਜ਼ੀਆਂ ਪਏ ਬੋਲਦੇ,*
*ਅਪਣੀ ਬੋਲੀ ਦੀ ਮਿਠਾਸ ਕਿਉਂ ਨਹੀਂ ਘੋਲਦੇ ।*
*ਛੱਡੇਂਗਾ ਜੇ ਮਾਂ ਬੋਲੀ ਜ਼ੁਲਮ ਕਮਾਵੇਂਗਾ,*
*ਦੱਸ ਖਾਂ ਪੰਜਾਬ ਨੂੰ ...?*

*ਦੂਜਿਆਂ ਲਈ ਆਫ਼ਤਾਬ ਏਡਾ ਨਾ ਗਿਆਨੀ ਬਣ,*
*ਪੰਜਾਬ ਦਾ ਤੂੰ ਪਹਿਲਾਂ ਆਪ ਦਿਲ ਜਾਨੀ ਬਣ ।*
*ਪੰਜਾਬੀ ਬਣ ਕੇ ਜੇ ਨਾ ਪੰਜਾਬ ਨੂੰ ਸਜਾਵੇਂਗਾ*
*ਦੱਸ ਖਾਂ ਪੰਜਾਬ ਨੂੰ ਮੂੰਹ ਕੀ ਵਿਖਾਵੇਂਗਾ?*

# ਧਰਮ ਦੇ ਨਾਂ 'ਤੇ ਪਏ ਨਿਖੇੜੇ

-ਮੁਹੰਮਦ ਜ਼ਕਰੀਆ ਆਫ਼ਤਾਬ

*ਧਰਮ ਦੇ ਨਾਂ 'ਤੇ ਪਏ ਨਿਖੇੜੇ,
ਰੱਸੀਆਂ ਧਰ ਕੇ ਵੰਡ ਲਏ ਵਿਹੜੇ ।*

*ਗ਼ੈਰਾਂ ਦੇ ਅਸੀ ਕਹਿਣੇ ਲੱਗ ਕੇ,
ਖਿੱਚ ਤਲਵਾਰਾਂ ਆਪਸ ਵਿਚ ਤਣ ਗਏ ।*

*ਇਕ-ਦੂਜੇ ਦੇ ਦੁਸ਼ਮਣ ਬਣ ਗਏ,
ਸਦੀਆਂ ਰਲ ਕੇ ਵਸੇ ਸੀ ਜਿਹੜੇ,
ਧਰਮ ਦੇ ਨਾਂ 'ਤੇ ਪਏ ਨਿਖੇੜੇ ।*

*ਭੈਣਾਂ ਵਾਂਗ ਜਸਬੀਰ, ਆਇਸ਼ਾ ਤੇ ਸੀਤਾ,
ਆਦਮ ਦੇ ਪੁੱਤ ਦਿਲ ਮੁਹੰਮਦ, ਪੂਰਾਣ ਤੇ ਜੀਤਾ,
ਇਕੋ ਜਹੇ ਗ੍ਰੰਥ ਕੁਰਾਨ ਤੇ ਗੀਤਾ,
ਧੌਰੇ ਫਿਰ ਕਿਹੜੀ ਗੱਲੋਂ ਪਏ ਦੁਫੇੜੇ,*

*ਧਰਮ ਦੇ ਨਾਂ 'ਤੇ.... ।
ਘਰ ਖ਼ੁਦਾ ਦੇ ਗੁਰਦਵਾਰੇ, ਮਸਜਿਦ, ਮੰਦਰ,
ਪਲ ਵਿਚ ਢਾਹ ਪੁਜਾਰੀਆਂ ਕੀਤੇ ਖੰਡਰ,
ਜ਼ਰਾ ਸ਼ਰਮ ਨਾ ਆਈ ਦਿਲ ਦੇ ਅੰਦਰ,
ਮੁਹਾਣਿਆਂ ਅਪਣੇ ਹੱਥੀਂ ਡੋਬੇ ਬੇੜੇ,
ਧਰਮ ਦੇ ਨਾਂ 'ਤੇ.... ।*

*ਨਾ ਸੁਣੀਆਂ ਧਰਤੀ ਦੀਆਂ ਕਿਸੇ ਪੁਕਾਰਾਂ,
ਖਿੱਚ ਲਈਆਂ ਅੰਬਰ ਤਕ ਦੀਵਾਰਾਂ,
ਉਤੋਂ ਫ਼ੌਜ ਦੇ ਪਹਿਰੇ ਲਾ ਸਰਕਾਰਾਂ,*





*ਸਾਰੇ ਅਰਮਾਨ ਲਹੂ ਦੇ ਨਾਲ ਲਬੇੜੇ
ਧਰਮ ਦੇ ਨਾਂ 'ਤੇ ....... ।*

*ਵੰਡੇ ਦਰਿਆ ਵੰਡ ਲਏ ਨਹਿਰਾਂ ਮੋਘੇ,
ਸੱਭ ਤੋਂ ਵੱਧ ਦੁੱਖ ਪੰਜਾਬ ਨੇ ਭੋਗੇ,
ਰਾਂਝੇ ਰਹਿ ਗਏ ਬੇਲਿਆਂ ਜੋਗੇ,
ਹੀਰ ਵਿਆਹ ਕੇ ਲੈ ਗਏ ਖੇੜੇ,
ਧਰਮ ਦੇ ਨਾਂ 'ਤੇ .......... ।*

*ਧਰਮ, ਸਮਾਜ ਦਾ ਫੜ ਕੇ ਫੀਤਾ,
ਸਿਆਸਤਦਾਨਾਂ ਸਾਨੂੰ ਟੋਟੇ ਕੀਤਾ,
ਅਪਣੀ ਸਿਆਸਤ ਦਾ ਉੱਲੂ ਸਿੱਧਾ ਕੀਤਾ,
ਵੇਲਾ ਦੇਵੇ ਮੈਨੂੰ ਨਿਤ ਇਹੋ ਸੁਨੇਹੜੇ,
ਧਰਮ ਦੇ ਨਾਂ 'ਤੇ ........ ।*

*ਅੱਜ ਵੀ ਉਹ ਅੱਗਾਂ ਲਾਈ ਜਾਂਦੇ ਨੇ,
ਛੂਤ ਅਛੂਤ ਦੀ ਬਿਪਤਾ ਪਾਈ ਜਾਂਦੇ ਨੇ,
ਆਦਮ ਦੇ ਪੁੱਤਰ ਮਰਵਾਈ ਜਾਂਦੇ ਨੇ,
ਆਪ ਹਕੂਮਤਾਂ ਕਰਦੇ ਸਾਨੂੰ ਪਾਇਆ ਰੇਹੜੇ,
ਧਰਮ ਦੇ ਨਾਂ 'ਤੇ ....... ।*

*ਆ ਜਾ ਤੂੰ ਤੇ ਮੈਂ ਗਲਵਕੜੀ ਪਾਈਏ,
ਦਿਲੋਂ ਕੀਨਾ ਹਸਦ ਕ੍ਰੋਧ ਮੁਕਾਈਏ,
ਆਫ਼ਤਾਬ ਸੋਹਣਾ ਰੱਬ ਜੇ ਕਰ ਦੇ ਨੇੜੇ
ਢਾਹ ਕੇ ਕੰਧਾਂ ਕਰੀਏ ਸਾਂਝੇ ਵਿਹੜੇ
ਧਰਮ ਦੇ ਨਾਂ 'ਤੇ ਪਏ ਨਿਖੇੜੇ ।*

**ਮੁਹੰਮਦ ਜ਼ਕਰੀਆ ਆਫਤਾਬ**
ਚੱਕ ਨੰ. 17, ਤਹਿਸੀਲ ਚੂੰਨੀਆਂ
ਜ਼ਿਲ੍ਹਾ ਕਸੂਰ, ਲਹਿੰਦਾ ਪੰਜਾਬ
ਫੋਨ : 0092-3344386808

# ਭੂਆ ਸ਼ਹੀਦਾਂ

*-ਮੁਹੰਮਦ ਅਸਗਰ ਭੱਟੀ*

ਛੁੱਟੀ ਦਾ ਦਿਨ ਹੋਣ ਕਰ ਕੇ ਘਰ ਵਿਚ ਮੇਰਾ ਚਿਤ ਨਹੀਂ ਲਗ ਰਿਹਾ ਸੀ, ਮੈਂ ਗਰਮ ਚਾਦਰ ਦੀ ਬੁੱਕਲ ਮਾਰੀ ਤੇ ਖੇਤਾਂ ਵਲ ਤੁਰ ਪਿਆ ਤਾਂ ਜੋ ਉਥੇ ਆਵਦੇ ਇਕਲਾਪੇ ਨਾਲ ਅਪਣੇ ਦਿਲ ਦੀਆਂ ਸਾਰੀਆ ਗੱਲਾਂ ਕਰ ਕੇ ਦਿਲ ਦਾ ਭਾਰ ਹੌਲਾ ਕਰ ਲਵਾਂ। ਘਰ ਦੀ ਛੱਤ ਉੱਤੇ ਅੰਮੀ ਕੱਪੜੇ ਸੁੱਕਣੇ ਪਾ ਰਹੇ ਸੀ ਉਨ੍ਹਾਂ ਦੀ ਨਜ਼ਰ ਮੇਰੇ ਉਤੇ ਪੈ ਗਈ ਤੇ ਛੱਤ ਤੋਂ ਹੀ ਮੈਨੂੰ ਆਵਾਜ਼ ਦਿਤੀ, 'ਪੁੱਤਰ ਛੇਤੀ ਵਾਪਸ ਆ ਕੇ ਰੋਟੀ ਖਾ ਲਈਂ , ਤੂੰ ਤਾਂ ਸਵੇਰੇ ਵੀ ਕੁਝ ਨਹੀਂ ਸੀ ਖਾਧਾ।' ਅੰਮੀ ਦੀ ਗੱਲ ਸੁਣ ਕੇ ਮੈਂ ਕੁਦਰਤ ਦੇ ਸਭ ਤੋਂ ਸੋਹਣੇ, ਮਹਿੰਗੇ ਤੇ ਅਨਮੋਲ ਤੋਹਫੇ ਵਲ ਵੇਖਿਆ। ਮੈਂ ਹੱਸਦਿਆਂ ਹੋਇਆ ਸਿਰ ਹਿਲਾ ਕੇ ਆਖਿਆ, 'ਠੀਕ ਹੈ ਆ ਜਾਵਾਂਗਾ'। ਠੰਢੀ ਹਵਾ ਚਲ ਰਹੀ ਸੀ ਤੇ ਮੈਂ ਚਾਦਰ ਦੀ ਬੁੱਕਲ ਨੂੰ ਠੀਕ ਕਰ ਕੇ, ਸੂਰਜ ਵਲ ਵੇਖਿਆ, ਜਿਸ ਦੀ ਤੇਜ਼ ਧੁੱਪ ਸਰੀਰ ਨੂੰ ਅਜੀਬ ਨਸ਼ਾ ਦੇ ਰਹੀ ਸੀ। ਸੂਰਜ ਦੀ ਬੱਦਲਾਂ ਪਿੱਛੇ ਲੁਕਣਮਿਟੀ ਮੌਸਮ ਨੂੰ ਹੋਰ ਵੀ ਸੋਹਣਾ ਬਣਾ ਰਹੀ ਸੀ। ਮੈਂ ਅਜੇ ਨਿਆਈਆਂ ਵਾਲੇ ਖੇਤ ਕੋਲ ਹੀ ਪਹੁੰਚਿਆ ਸੀ ਕਿ ਇਕ ਦਮ ਮੇਰੇ ਦਿਮਾਗ ਵਿਚ ਚੜ੍ਹਦੇ ਪੰਜਾਬ ਦੇ ਇਕ ਮਿਤਰ ਦੀ ਗੱਲ ਆ ਗਈ। ਮੇਰੇ ਵੀਰ ਨੇ ਮੈਨੂੰ ਇਕ ਦਿਨ ਪੁਛਿਆ ," ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਵਸਨੀਕਾਂ ਦੇ ਰਹਿਣ, ਸਹਿਣ ਵਿਚ ਕੀ ਫਰਕ ਹੈ ? ਉਸ ਦਾ ਇਹ ਸਵਾਲ ਕੰਡਿਆਲੀ ਤਾਰ ਵਾਂਗੂੰ ਮੈਨੂੰ ਚੀਰ ਕੇ ਦੋ ਟੁਕੜੇ ਕਰ ਗਿਆ। ਮੈਨੂੰ ਇੰਝ ਲਗ ਰਿਹਾ ਸੀ ਜਿਵੇਂ ਕੋਈ ਪੁੱਛੇ ਕਿ ਮਾਂ ਦਾ ਸਿਰ ਵਾਲਾ ਹਿੱਸਾ ਤਾਂ ਮੇਰੇ ਕੋਲ ਹੈ ਤੇ ਮਾਂ ਦਾ ਲੱਤਾਂ ਵਾਲਾ ਪਾਸਾ ਕਿਵੇਂ ਦਾ ਹੈ ? ਮੈਂ ਇਹ ਗੱਲਾਂ ਸੋਚਦਾ ਬਾਗ ਵਾਲੇ ਖਾਲੇ ਕੋਲ ਪਹੁੰਚ ਗਿਆ ਤੇ ਖਾਲੇ ਦੀ ਵਟ ਉੱਤੇ ਬੈਠ ਗਿਆ।

ਚਾਰ ਚੁਫੇਰੇ ਕਿਸਾਨ ਅਪਣੇ ਅਪਣੇ ਖੇਤਾਂ ਵਿਚ ਕੰਮ ਕਰਨ ਵਿਚ ਰੁਝੇ ਹੋਏ ਸਨ। ਕੋਈ ਫਸਲ ਨੂੰ ਗੋਡੀ ਕਰ ਰਿਹਾ ਸੀ ਤੇ ਕੋਈ ਪਾਣੀ ਦੇ ਰਿਹਾ ਸੀ। ਸਾਹਮਣੇ ਕਮਾਦ ਵੇਖ ਕੇ ਮੇਰਾ ਗੰਨਾ ਚੂਪਣ ਨੂੰ ਦਿਲ ਕੀਤਾ। ਮੈਂ ਖੜਾ ਹੋਇਆ ਤਾਂ ਮੈਨੂੰ ਗੁੜ ਪਕਣ ਦੀ ਖੁਸ਼ਬੂ ਆਈ, ਆਲੇ ਦੁਆਲੇ ਦੇਖਿਆ, 12-14 ਵਿੱਘੇ ਦੂਰ ਕਮਾਦ ਦੇ ਪਿਛੇ ਚਾਚੇ ਰਜ਼ਾਕ ਦੀ ਘੁਲਾੜੀ 'ਤੇ ਭੱਠੀ ਦਾ ਧੂੰਆ ਨਿਕਲ ਰਿਹਾ ਸੀ। ਗਰਮ ਗੁੜ ਖਾਣ ਦਾ ਵੀ ਆਪਣਾ ਹੀ ਸਵਾਦ ਹੁੰਦਾ ਹੈ। ਮੈਂ ਗੰਨਾ ਚੂਪਣ ਦੀ ਬਜਾਏ ਗੁੜ ਖਾਣ ਲਈ ਤੁਰ ਪਿਆ ਜਦੋਂ ਮੈਂ ਉਥੇ ਪਹੁੰਚਿਆ ਤਾਂ ਹਾਲੇ ਪਹਿਲੀ ਪਤ ਪੱਕੀ ਨਹੀ ਸੀ ਤੇ ਮੈਂ ਢਾਣੀ ਵਿਚ ਕਬੂਤਰਾਂ ਵਾਲੇ ਖੁੱਡੇ ਨਾਲ ਪਈ ਹੋਈ ਮੰਜੀ 'ਤੇ ਭੱਠੀ ਵਲ ਮੂੰਹ ਕਰ ਕੇ ਬੈਠ ਗਿਆ। ਥੋੜ੍ਹੀ





ਦੇਰ ਬਾਅਦ ਮੈਨੂੰ ਇੰਝ ਲਗਾ ਕਿ ਕਿਸੇ ਨੇ ਕੋਈ ਚੀਜ ਜ਼ਮੀਨ ਤੇ ਰੱਖੀ ਹੈ। ਥੋੜ੍ਹਾ ਜਿਹਾ ਖੜਕਾ ਹੋਇਆ ਤਾਂ ਮੈਂ ਪਿਛੇ ਮੁੜ ਕੇ ਦੇਖਿਆ। ਚਾਚੀ ਸਰਦਾਰਾ ਰੋਟੀ ਲੈ ਕੇ ਆਈ ਹੋਈ ਸੀ। ਚਾਚੀ ਨੇ ਚਾਚੇ ਨੂੰ ਰੋਟੀ ਖਾਣ ਲਈ ਆਵਾਜ਼ ਦਿਤੀ। ਉਹ ਨਿੱਕੇ ਮੁੰਡੇ ਨੂੰ ਅੱਗ ਡਾਹੁਣ 'ਤੇ ਬਿਠਾ ਕੇ ਰੋਟੀ ਖਾਣ ਆ ਗਿਆ ਤੇ ਮੇਰੇ ਨਾਲ ਹੀ ਮੰਜੀ ਤੇ ਬੈਠ ਗਿਆ। ਚਾਚੀ ਸਰੋਂ ਦਾ ਸਾਗ ਮੱਖਣ ਤੇ ਮੱਕੀ ਦੀਆਂ ਰੋਟੀਆ ਲੈ ਕੇ ਆਈ ਸੀ। ਚਾਚੀ ਨੇ ਮੇਰੇ ਤੇ ਚਾਚੇ ਮੂਹਰੇ ਰੋਟੀ ਰੱਖ ਦਿਤੀ। ਮੈਂ ਕਿਹਾ 'ਚਾਚੀ ਤੈਨੂੰ ਕਿਵੇਂ ਪਤਾ ਲੱਗ ਗਿਆ ਕਿ ਮੈਂ ਵੀ ਇਥੇ ਹੋਵਾਂਗਾ ? ਅਗੋਂ ਚਾਚੀ ਕਹਿੰਦੀ, "ਮੈਨੂੰ ਪਤਾ ਹੈ ਛੁੱਟੀ ਵਾਲੇ ਦਿਨ ਤੂੰ ਖੇਤਾਂ 'ਚ ਜ਼ਰੂਰ ਗੇੜਾ ਮਾਰਦਾਂ, ਇਸ ਕਰ ਕੇ ਮੈਂ ਤੇਰੇ ਲਈ ਵੀ ਰੋਟੀ ਲੈ ਕੇ ਆਈ ਹਾਂ।" ਮੈਂ ਰੋਟੀ ਖਾਣੀ ਸ਼ੁਰੂ ਕੀਤੀ ਤੇ ਅਜੇ ਦੋ ਹੀ ਬੁਰਕੀਆਂ ਲਾਈਆ ਸੀ ਕਿ ਮੇਰੀ ਨਜ਼ਰ ਜੱਗੀ 'ਤੇ ਪੈ ਗਈ, ਜਿਹੜਾ ਸੂਰਜਮੁਖੀ ਦੇ ਖੇਤ ਦੇ ਆਲੇ ਦੁਆਲੇ ਕੁਝ ਕਰ ਰਿਹਾ ਸੀ। ਮੈ ਚਾਚੇ ਰਜ਼ਾਕ ਨੂੰ ਪੁੱਛਿਆ ਕਿ ਜੱਗੀ ਕੀ ਕਰ ਰਿਹਾ ਹੈ ? ਚਾਚਾ ਬੋਲਿਆ, 'ਖੇਤ ਦੁਆਲੇ ਝਾਫਿਆਂ ਦੀ ਵਾੜ ਕਰ ਰਿਹਾ ਹੈ।' ਚਾਚੇ ਨੇ ਵਾੜ ਵਾਲਾ ਲਫ਼ਜ ਆਵਦੇ ਮੂੰਹ ਚੋਂ ਕਢਿਆ ਹੀ ਸੀ ਕਿ ਬੁਰਕੀ ਮੇਰੇ ਸੰਘ 'ਚ ਫਸ ਗਈ। ਮੈਨੂੰ ਅਥਰੂ ਆ ਗਿਆ ਤੇ ਵਾੜ ਲਫ਼ਜ਼ ਕਸਾਈ ਦੀ ਬਰਛੀ ਵਾਂਗ ਦਿਲ ਵਿਚ ਧਸ ਗਿਆ। ਮੈਨੂੰ ਲਗਿਆ ਜਿਵੇਂ ਪੂਰਨਮਾਸੀ ਦੇ ਚੰਨ ਨੂੰ ਗ੍ਰਹਿਣ ਲੱਗ ਗਿਆ ਹੋਵੇ ਤੇ ਮੇਰੀਆਂ ਅੱਖਾਂ ਅਗੇ ਭੂਆ ਸ਼ਹੀਦਾਂ ਆ ਗਈ। ਭੂਆਂ ਸਹੀਦਾਂ ਸਾਡੀ ਮੱਝਾਂ ਵਾਲੀ ਹਵੇਲੀ ਦੇ ਗਵਾਂਢ ਰਹਿੰਦੀ ਹੈ। ਉਹ ਸਾਰੇ ਪਿੰਡ ਦੇ ਨਿਕੇ ਵੱਡੇ ਤੇ ਸਾਰੇ ਧਰਮਾਂ ਵਾਲਿਆਂ ਦੀ ਸਾਂਝੀ ਭੂਆ ਹੈ। ਭੂਆ ਦੀ ਆਵਦੀ ਉਮਰ 80 ਦੇ ਲਗਭਗ ਹੈ। ਪਰ 100 ਵਰਿਆਂ ਤੋਂ ਵੱਡੇ ਬਾਬੇ ਵੀ ਭੂਆ ਨੂੰ ਭੂਆ ਹੀ ਕਹਿੰਦੇ ਨੇ। ਭੂਆ ਕਹਿੰਦੀ ਹੈ ਕਿ ਇਸ ਦੁਨੀਆਂ ਵਿਚ ਤੁਹਾਨੂੰ ਹਰ ਇੱਕ ਚੀਜ਼ ਮਿਲ ਸਕਦੀ ਹੈ, ਪਰ ਸੱਚੇ ਸੁੱਚੇ ਰਿਸ਼ਤੇ ਬਹੁਤ ਕਿਸਮਤ ਨਾਲ ਮਿਲਦੇ ਹਨ। ਰਿਸ਼ਤਿਆਂ ਵਿਚ ਦੌਲਤ, ਜਾਇਦਾਦ ਤੇ ਵੱਡੇਪਣ ਦੀਆਂ ਤੰਦਾਂ ਬਣਾਉਣ ਵਾਲਿਆਂ ਨੂੰ ਭੂਆ ਬਹੁਤ ਨਫ਼ਰਤ ਕਰਦੀ ਹੈ। ਭੂਆ ਹਰ ਬੰਦੇ ਵਿੱਚ ਇੱਕ ਸੱਚਾ ਰਿਸ਼ਤਾ ਦੇਖਦੀ ਹੈ। ਭੂਆ ਨੇ ਅਪਣੀ ਜ਼ਿੰਦਗੀ ਵਿਚ ਦੁਖਾਂ ਦੇ ਕਈ ਸਮੁੰਦਰ ਪਾਰ ਕੀਤੇ ਹਨ। ਭੂਆ ਬੱਚਿਆਂ ਵਾਲੇ ਫਲ ਤਾਂ ਨਾ ਪਾ ਸਕੀ ਤੇ ਦੋ ਵਰ੍ਹੇ ਪਹਿਲਾਂ ਇਸ ਦਾ ਘਰ ਵਾਲਾ ਚੜ੍ਹਾਈ ਕਰ ਗਿਆ। ਇਹਨਾਂ ਦੁੱਖਾਂ ਤੋ ਬਾਅਦ ਵੀ ਭੂਆਂ ਦੇ ਸਾਹ ਏਸ ਉਮੀਦ ਤੇ ਚਲਦੇ ਨੇ ਕੇ ਤਾਇਆ ਸੁਖਦੇਵ ਦਾ ਪਰਵਾਰ ਤੇ ਉਸ ਦੀਆਂ ਵਿਛੜੀਆਂ ਹੋਈਆਂ ਦੋ ਭੈਣਾਂ ਤੇ ਵੀਰ ਇਸ ਨੂੰ ਜ਼ਰੂਰ ਮਿਲਣਗੇ। ਭੂਆ ਨੇ ਅਪਣੀ ਜ਼ਿੰਦਗੀ ਵਿਚ ਅਪਣੇ ਵਿਛੜਿਆ ਹੋਇਆਂ ਨੂੰ ਲੱਭਣ ਦੇ ਬਹੁਤ ਹੀਲੇ ਕੀਤੇ ਹੋਣਗੇ। ਪਿਛਲੇ 20-22 ਵਰਿਆਂ ਤੋਂ ਤਾਂ ਮੈਂ ਵੀ ਵੇਖਦਾ ਆ ਰਿਹਾ ਹਾਂ, ਹਰ ਸਾਲ ਹੀ ਭੂਆ ਕਹਿੰਦੀ ਹੈ ਕਿ ਏਸ ਵਿਸਾਖੀ ਦੇ ਮੇਲੇ ਤੇ ਮੇਲ ਹੋ ਜਾਣਗੇ। ਉਸ ਦੀਆਂ ਦੋ ਭੈਣਾਂ ਤੇ ਵੀਰ ਵੀ ਉਸ ਨੂੰ ਲੱਭਦੇ ਹੋਏ ਏਥੇ ਪਹੁੰਚ ਜਾਣਗੇ ਪਰ ਅਜੇ ਤੱਕ ਕੁਝ ਵੀ ਨਹੀ ਹੋਇਆ। ਭੂਆ ਦਾ ਆਵਦੇ ਵਿਛੜਿਆਂ ਹੋਇਆਂ ਨਾਲ ਮਿਲਾਪ ਦੀਆਂ ਉਮੀਦਾਂ ਏਨੀਆ ਪੱਕੀਆਂ ਨੇ ਜਿਵੇਂ ਮੇਰਾ ਮਾਂ ਬੋਲ ਦੀ ਤਰੱਕੀ ਤੇ ਵੇਹੜੇ ਦੀ ਕੰਧ ਟੁੱਟਣ ਵਾਲਾ ਸੁਪਨਾ। ਸਾਰਾ ਪਿੰਡ ਹੀ ਭੂਆ ਦਾ ਪਰਵਾਰ ਹੈ ਪਰ ਇਹ ਕਿਸੇ ਨੂੰ ਕੋਈ ਕੰਮ ਨਹੀ ਕਹਿੰਦੀ, ਐਨੀ ਉਮਰ ਹੋਣ ਦੇ ਬਾਵਜੂਦ

ਸਾਰੇ ਕੰਮ ਆਪ ਹੀ ਕਰ ਲੈਂਦੀ ਹੈ। ਕੱਪੜੇ ਧੋਣੇ, ਰੋਟੀ, ਵੇਹੜੇ ਵਿੱਚ ਬਹੁਕਰ ਫੇਰਨੀ ਸਾਰੇ ਕੰਮ ਆਪ ਹੀ ਕਰਦੀ ਹੈ ਤੇ ਜੇ ਕਿਸੇ ਨੂੰ ਕਹਿ ਦੇਵੇ, ਉਹ ਆਪਣੇ ਆਪ ਨੂੰ ਖੁਸ਼ ਨਸੀਬ ਸਮਝਦਾ ਹੈ। ਭੂਆ ਬੱਚਿਆਂ ਨਾਲ ਬਹੁਤ ਪਿਆਰ ਕਰਦੀ ਹੈ। ਇਸੇ ਕਾਰਨ ਭੂਆ ਦੇ ਘਰ ਵਿੱਚ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਹੈ। ਕਦੀ ਕਦੀ ਤਾਂ ਬੱਚਿਆਂ ਨਾਲ ਭੂਆ ਆਪ ਵੀ ਗੀਟੇ ਖੇਡਣ ਲੱਗ ਪੈਂਦੀ ਹੈ ਨਾਲੇ ਏਸ ਉਮਰ ਵਿੱਚ ਆ ਕੇ ਬੰਦਾ ਆਪ ਵੀ ਬੱਚਾ ਹੋ ਜਾਂਦਾ ਹੈ। ਉਂਝ ਤਾਂ ਭੂਆ ਸਾਰੇ ਪਿੰਡ ਵਾਲਿਆਂ ਨਾਲ ਹੀ ਬਹੁਤ ਪਿਆਰ ਕਰਦੀ ਹੈ ਪਰ ਮੈਨੂੰ ਇੰਝ ਲੱਗਦਾ ਹੈ , ਜਿਵੇ ਮੇਰੇ ਨਾਲ ਸਭ ਤੋਂ ਜਿਆਦਾ ਪਿਆਰ ਕਰਦੀ ਹੈ। ਭੂਆ ਮੈਨੂੰ ਪਿੰਡ ਦਾ ਬਾਊ ਕਹਿੰਦੀ ਹੈ, ਸ਼ਾਇਦ ਮੇਰੇ ਸ਼ਹਿਰ ਵਿੱਚ ਪੜ੍ਹਨ ਕਾਰਨ, ਮੈਨੂੰ ਪਿੰਡ ਦਾ ਸਭ ਤੋਂ ਪੜ੍ਹਿਆ ਲਿਖਿਆ ਮੁੰਡਾ ਸਮਝਦੀ ਹੈ ਤੇ ਮੇਰੀਆਂ ਤਰੀਫ਼ਾਂ ਕਰਦੀ ਨਹੀਂ ਥੱਕਦੀ। ਭੂਆ ਨੂੰ ਪਤਾ ਨਹੀਂ ਕਿਵੇਂ ਪਤਾ ਲੱਗ ਗਿਆ ਕਿ ਚੜ੍ਹਦੇ ਪੰਜਾਬ ਤੋਂ ਮੇਰਾ ਮਿੱਤਰ ਮੈਨੂੰ ਮਿਲਣ ਆ ਰਿਹੈ। ਮੈਂ ਭੂਆ ਦੇ ਘਰ ਦੇ ਬੂਹੇ ਅਗੋਂ ਲੰਘ ਰਿਹਾ ਸੀ, ਜਿਹੜਾ ਹਮੇਸ਼ਾ ਦਾ ਤਰਾਂ ਖੁਲ੍ਹਾ ਹੋਇਆ ਸੀ। ਭੂਆ ਦਿਨ ਵੇਲੇ ਬੂਹਾ ਖੁੱਲ੍ਹਾ ਹੀ ਰੱਖਦੀ ਹੈ ਤੇ ਮੈਨੂੰ ਇੰਜ ਲੱਗਦਾ ਹੈ ਕਿ ਭੂਆ ਬੂਹਾ ਖੋਲ੍ਹ ਕੇ ਆਪਣੇ ਵਿਛੜੇ ਪਿਆਰਿਆਂ ਦਾ ਰਾਹ ਤੱਕ ਰਹੀ ਹੈ। ਮੈਂ ਜਦੋਂ ਬੂਹੇ ਅੱਗੋਂ ਲੰਘਿਆਂ ਤਾਂ ਭੂਆ ਨੇ ਮੈਨੂੰ ਆਵਾਜ਼ ਦਿੱਤੀ। ਮੈਂ ਬੂਹੇ ਦੇ ਅੰਦਰ ਪੈਰ ਹੀ ਰੱਖਿਆ ਸੀ, ਭੂਆ ਨੇ ਛੇਤੀ ਨਾਲ ਖੜ੍ਹੀ ਹੋ ਕੇ ਮੈਨੂੰ ਪਿਆਰ ਦਿਤਾ ਤੇ ਮੇਰਾ ਮੱਥਾ



ਚੁੰਮਿਆ। ਮੈਂ ਭੂਆ ਦੇ ਪੈਂਦੀ ਬੈਠ ਗਿਆ। ਮੇਰੇ ਵਲੋਂ ਨਾਂਹ ਕਰਨ ਦੇ ਬਾਵਜੂਦ ਭੂਆ ਚਾਹ ਬਣਾਉਣ ਲੱਗ ਪਈ। ਬੈਠਿਆਂ-ਬੈਠਿਆਂ ਮੇਰੇ ਦਿਲ ਵਿਚ ਖਿਆਲ ਆਇਆ ਕਿ ਦਿਨ ਵੇਲੇ ਬੱਚੇ ਭੂਆ ਕੋਲ ਖੇਡਦੇ ਰਹਿੰਦੇ ਹਨ, ਰਾਤ ਨੂੰ ਭੂਆ ਨੂੰ ਇਕੱਲਿਆਂ ਡਰ ਨਹੀਂ ਲਗਦਾ ਹੋਵੇਗਾ, ਮੈਂ ਜਦੋਂ ਇਹ ਗੱਲ ਭੂਆ ਤੋਂ ਪੁੱਛੀ ਤਾਂ ਭੂਆ ਨੇ ਚੁੱਲ੍ਹੇ ਵਿਚ ਫੂਕ ਮਾਰਦਿਆਂ ਹੋਇਆਂ ਮੇਰੇ ਵੱਲ ਵੇਖਿਆ ਤੇ ਆਖਿਆ, 'ਪੁੱਤਰ ਮੈ ਇਕੱਲੀ ਨਹੀਂ ਹੁੰਦੀ'। ਮੈਂ ਸੋਚਿਆ ਮੁਹੱਲੇ ਦੀ ਕੋਈ ਜਨਾਨੀ ਰਾਤ ਨੂੰ ਭੂਆ ਕੋਲ ਸੌਂਦੀ ਹੋਵੇਗੀ। ਮੈ ਪੁੱਛਿਆ, 'ਕੌਣ ਸੌਂਦਾ ਹੈ ਰਾਤ ਨੂੰ ਤੇਰੇ ਕੋਲ, ਭੂਆ? ਭੂਆ ਬੋਲੀ, "ਸਾਰੀਆਂ ਸਹੇਲੀਆ, ਮੇਰੀਆਂ ਭੈਣਾਂ, ਮੇਰੇ ਵੀਰ। ਮੈਂ ਹੈਰਾਨੀ ਨਾਲ ਪੁੱਛਿਆਂ,' ਭੂਆ ਕੀ?, ਭੂਆ ਕਹਿੰਦੀ,' ਹਾਂ ਪੁੱਤਰ ਉਨ੍ਹਾਂ ਦੀਆਂ ਯਾਦਾਂ ਅੱਜ ਤੱਕ ਮੇਰੇ ਤੋਂ ਵੱਖ ਨਹੀਂ ਹੋਈਆਂ।' ਭੂਆ ਨੇ ਦੱਸਿਆ, 'ਜ਼ਿੰਦਗੀ ਦੇ ਸਾਹ, ਪਿੰਡ ਪੱਕਾ ਸ਼ਹੀਦਾਂ, ਜ਼ਿਲ੍ਹਾ ਹਿਸਾਰ ਵਿਚ ਜਿਹੜੇ 18 ਵਰ੍ਹੇ ਗੁਜ਼ਾਰੇ, ਉਨ੍ਹਾਂ ਯਾਦਾਂ ਦੇ ਸਹਾਰੇ ਚਲਦੇ ਨੇ। ਪਿੰਡ ਦੀ ਗੁੱਠ ਤੇ ਛੱਪੜ ਦੇ ਕੰਢੇ ਤਾਇਆ ਸੁਖਦੇਵ ਸਿੰਘ ਅਤੇ ਸਾਡਾ





ਘਰ ਇਕੱਠਾ ਸੀ। ਮੇਰੇ ਅੱਬਾ ਨੇ ਅਤੇ ਤਾਏ ਨੇ ਪੱਗ ਵਟਾਈ ਹੋਈ ਸੀ। ਦੋਵਾਂ ਵਿੱਚ ਇੰਨਾ ਪਿਆਰ ਮੁਹੱਬਤ ਸੀ ਕਿ ਲੋਕੀ ਮਿਸਾਲਾਂ ਦਿੰਦੇ ਸੀ , ਸੂਈ ਵੀ ਨਹੀਂ ਲੰਘਦੀ ਸੀ ਦੋਵਾਂ 'ਚੋਂ। ਸਾਡੇ ਖੁੱਲ੍ਹੇ ਵਿਹੜੇ ਵਿੱਚ ਪਿੱਪਲ ਦਾ ਦਰੱਖਤ ਸੀ। ਅਸੀਂ ਪਿੱਪਲ ਤੇ ਪੀਘਾਂ ਪਾਈਆਂ ਹੋਈਆਂ ਸਨ। ਅਸੀਂ ਤਿੰਨ ਭੈਣਾਂ, ਤਾਏ ਦੀ ਧੀ ਮਨਪ੍ਰੀਤ ਤੇ ਸਾਡੀਆ ਸਹੇਲੀਆ ਨੇ ਸਾਰਾ ਦਿਨ ਪੀਘਾਂ ਝੂਟਣੀਆਂ, ਗਿੱਧੇ ਪਾਉਣੇ, ਗੁੱਡੇ-ਗੁੱਡੀਆਂ ਦੇ ਵਿਆਹ ਕਰਨੇ ਤੇ ਤਾਏ ਨਾਲ ਨਾਲ ਮੇਲਿਆਂ ਤੇ ਜਾਣਾ। ਤਾਏ ਨੇ ਜਦ ਵੀ ਸ਼ਹਿਰ ਜਾਣਾ, ਸਾਡੇ ਵਾਸਤੇ ਜਲੇਬੀਆਂ ਬਰਫੀ ਤੇ ਦਪੁੱਟੇ ਲੈ ਕੇ ਆਉਣੇ। ਜ਼ਿੰਦਗੀ ਵਿਚ ਏਨੇ ਹਾਸੇ ਤੇ ਖੁਸ਼ੀਆ ਸਨ ਕਿ ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਕ ਦੂਜੇ ਕੋਲੋਂ ਵੱਖ ਹੋ ਜਾਵਾਂਗੇ। ਮੈਨੂੰ ਅੱਜ ਵੀ ਯਾਦ ਹੈ, ਬਾਈ ਪ੍ਰਦੀਪ, ਤਾਏ ਦਾ ਮੁੰਡਾ ਤੇ ਮੇਰੇ ਵੀਰ ਨੇ ਮਜ਼ਾਕ ਨਾਲ ਸਾਡੀਆ ਗੁੱਡੀਆਂ ਲੁਕਾ ਦਿਤੀਆਂ ਤੇ ਜਦੋਂ ਤਾਏ ਨੂੰ ਪਤਾ ਲੱਗਿਆ, ਉਸ ਨੇ ਦੋਵਾਂ ਦੀ ਛਤਰੋਲ ਕੀਤੀ ਤੇ ਆਖਿਆ ਕਿ ਇਨ੍ਹਾਂ ਨੂੰ ਸ਼ਾਮ ਨੂੰ ਰੋਟੀ ਵੀ ਨਹੀਂ ਦੇਣੀ, ਇਨ੍ਹਾਂ ਨੇ ਮੇਰੀਆਂ ਧੀਆਂ ਨੂੰ ਪ੍ਰੇਸ਼ਾਨ ਕੀਤਾ ਹੈ ਪਰ ਤਾਈ ਭਜਨ ਕੌਰ ਨੇ ਚੋਰੀ ਦੋਵਾਂ ਨੂੰ ਰੋਟੀ ਦਿਤੀ। ਕਈ ਦਿਨਾਂ ਬਾਅਦ ਤਾਏ ਦਾ ਗੁੱਸਾ ਠੰਡਾ ਹੋਇਆ।" ਮੈਂ ਸਿਰ ਸੁੱਟ ਕੇ ਬੈਠਾ ਹੋਇਆ ਸੀ, ਜਦੋਂ ਮੈ ਸਿਰ ਚੁਕਿਆ ਤਾਂ ਭੂਆ ਪੱਲੇ ਨਾਲ ਹੰਝੂ ਪੂੰਝ ਰਹੀ ਸੀ ਭੂਆ ਨੇ ਪਤੀਲੀ ਦਾ ਢੱਕਣ ਚੁੱਕ ਕੇ ਵੇਖਿਆ ਕਾਹਵਾ ਪੱਕ ਗਿਆ ਸੀ। ਭੂਆ ਅੰਦਰੋਂ ਦੁੱਧ ਲੈ ਕੇ ਆਈ ਤੇ ਕਾਹਵੇ ਵਿਚ ਪਾ ਦਿਤਾ। ਭੂਆ ਪੀੜ੍ਹੀ ਉਤੇ ਬੈਠ ਗਈ। ਵਾਰ ਵਾਰ ਅੱਖਾਂ 'ਚੋ ਹੰਝੂ ਸਾਫ ਕਰ ਰਹੀ ਸੀ। ਭੂਆ ਚੁੱਲ੍ਹੇ ਵਿਚ ਪਾਥੀ ਤੋੜ ਕੇ ਪਾਉਂਦਿਆਂ ਹੋਇਆ ਬੋਲੀ, "ਅਸੀਂ ਸਾਰੀਆਂ ਸਹੇਲੀਆਂ ਬਾਗ ਵਿਚ ਖੇਡ ਰਹੀਆਂ ਸੀ, ਇਹੋ ਜਿਹੀ ਕਾਲੀ ਹਨੇਰੀ ਆਈ ਜਿਸ ਨੇ ਹਰ ਚੀਜ਼ ਨੂੰ ਉਲਟ ਪੁਲਟ ਕਰ ਦਿਤਾ। ਜਿੰਦਗੀ ਦੀਆਂ ਸਾਰੀਆ ਸੱਧਰਾਂ ਤੇ ਉਮੀਦਾਂ ਉਸ ਕਾਲੀ ਹਨੇਰੀ ਨੇ ਪੱਤਿਆਂ ਵਾਂਗ ਉਡਾ ਕੇ ਰੱਖ ਦਿਤੀਆਂ। ਇਹੋ ਜਿਹੀਆਂ ਖ਼ੂਨੀ ਖੇਡਾਂ ਸ਼ੁਰੂ ਹੋ ਗਈਆਂ ਕਿ ਸੱਜਣ ਮਿੱਤਰ ਦੀ ਪਛਾਣ ਖਤਮ ਹੋ ਗਈ। ਮੇਰੀ ਬੀਬੀ ਤਾਏ ਅਤੇ ਅੱਬਾ ਲਈ ਖੇਤਾਂ ਵਿੱਚ ਰੋਟੀ ਲੈ ਕੇ ਗਈ ਹੋਈ ਸੀ। ਸਿਆਸਤ ਅਤੇ ਧਰਮ ਦੇ ਠੇਕੇਦਾਰਾਂ ਨੇ ਤਿੰਨਾਂ ਨੂੰ ਕਤਲ ਕਰ ਦਿਤਾ। ਜਦੋਂ ਸਾਨੂੰ ਪਤਾ ਲੱਗਾ ਤਾਂ ਅਸੀਂ ਦੋਵੇਂ ਪਰਵਾਰ ਜਾਨਾਂ ਬਚਾਉਣ ਲਈ ਜਿਧਰ ਕਿਸੇ ਦਾ ਮੂੰਹ ਹੋਇਆ ਨਸ ਪਏ।" ਭੂਆ ਚੁੱਲ੍ਹੇ ਕੋਲ ਅਪਣੇ ਗੋਡਿਆਂ ਵਿਚ ਸਿਰ ਰੱਖ ਕੇ ਬੈਠੀ ਹੋਈ ਸੀ ਤੇ ਉਸ ਦੀਆਂ ਅੱਖਾਂ 'ਚੋਂ ਹੰਝੂ ਨਿਕਲ ਕੇ ਚਿਹਰੇ ਦੀਆਂ ਝੁਰੜੀਆਂ ਨੂੰ ਨਹਿਰਾਂ ਵਿਚ ਬਦਲ ਰਹੇ ਸਨ। ਪਤਾ ਨਹੀਂ ਭੂਆ ਕਿਸ ਦੁਨੀਆਂ ਵਿਚ ਗੁੰਮ ਸੁੰਮ ਹੋ ਕੇ ਹੰਝੂਆਂ ਨਾਲ ਭਿੱਜੀ ਹੋਈ ਸੁਆਹ ਵਿਚ ਡੱਕੇ ਮਾਰ ਰਹੀ ਸੀ, ਮੈਨੂੰ ਇੰਝ ਲੱਗਿਆ ਜਿਵੇਂ ਭੂਆ ਅਪਣੇ ਹੰਝੂਆ ਨਾਲ 'ਵਿਹੜੇ ਦੀ ਕੰਧ' ਨੂੰ ਧੋ ਰਹੀ ਹੋਵੇ, ਜਿਸ ਦੇ ਬਣਾਉਣ 'ਚ ਗਾਰੇ ਵਿਚ ਪਾਣੀ ਦੀ ਥਾਂ ਇਸ ਦੇ ਪਿਆਰਿਆਂ ਦਾ ਖੂਨ ਲੱਗਿਆ ਹੋਇਆ ਹੈ। ਭੂਆ ਨੇ ਫਿਰ ਇਕ ਵਾਰੀ ਲੰਬਾ ਹੋਕਾ ਲਿਆ ਤੇ ਹੰਝੂ ਸਾਫ ਕਰ ਕੇ ਦੱਸਣ ਲੱਗੀ, "ਅੱਠ ਦਿਨ ਤੱਕ ਸਾਰੇ ਭੈਣ ਭਰਾ ਇਕੱਠੇ ਸੀ ਭੁੱਖੇ ਤੇ ਪਿਆਸੇ ਜਾਨਾਂ ਬਚਾਉਂਦੇ ਫਿਰਦੇ ਸੀ। ਸਾਨੂੰ ਪਤਾ ਲੱਗਿਆ ਕਿ ਕੱਲ ਸਾਜਰੇ ਰੇਲ ਨੇ ਲਹਿੰਦੇ ਪੰਜਾਬ ਵੱਲ ਜਾਣਾ ਹੈ। ਅਸੀਂ ਉਸ ਰੇਲ ਕੋਲ ਪਹੁੰਚ ਗਏ। ਹਾਲੇ ਅੱਧੀ ਰਾਤ ਹੀ ਹੋਈ ਸੀ ਕਿ ਇਕ ਦਮ ਲੋਕੀ ਨੱਸਣ ਭੱਜਣ ਲੱਗ

ਪਏ। ਖ਼ੂਨ ਖਰਾਬਾ ਸ਼ੁਰੂ ਹੋ ਗਿਆ। ਮੈਂ ਸਟੇਸ਼ਨ ਦੀ ਸਰਾਂ ਵਿਚ ਲੁਕ ਗਈ। ਸਵੇਰ ਹੋਈ ਤਾਂ ਭੈਣਾਂ ਤੇ ਵੀਰਾਂ ਦਾ ਕੁੱਝ ਪਤਾ ਨਾ ਲਗਿਆ ਪਰ ਮੇਰੀ ਦੂਰ ਦੀ ਰਿਸ਼ਤੇ ਦੀ ਮਾਸੀ ਮਿਲ ਗਈ ਤੇ ਮੈਂ ਆਵਦੇ ਸਾਰੇ ਪਰਵਾਰ ਤੋਂ ਵੱਖ ਹੋ ਕੇ ਇਕੱਲੀ ਲਹਿੰਦੇ ਪੰਜਾਬ ਵਿਚ ਆ ਗਈ।" ਭੂਆ ਸਿਰ ਸੁੱਟ ਕੇ ਗੱਲਾਂ ਕਰਦੀ ਜਾ ਰਹੀ ਸੀ। ਮੈਂ ਵੀ ਹੂੰ ਹਾਂ ਵਿਚ ਜਵਾਬ ਦੇ ਰਿਹਾ ਸੀ। ਇਕ ਦਮ ਸੂੰ ਸੂੰ ਦੀ ਆਵਾਜ਼ ਆਈ। ਦੇਖਿਆ ਤਾਂ ਚਾਹ ਉਬਲ ਰਹੀ ਸੀ। ਭੂਆ ਦੇ ਹੱਥਾਂ ਦੀ ਬਣੀ ਹੋਈ ਚਾਹ ਬਹੁਤ ਸੁਆਦ ਸੀ। ਭੂਆ ਨੇ ਆਖਿਆ, "ਪੁੱਤਰ ਮੰਜੀ ਥੋੜ੍ਹੀ ਜਿਹੀ ਧੁੱਪੇ ਕਰ ਲੈ ਤਾਂ ਜੋ ਸਰਦੀ ਘੱਟ ਲੱਗੇ।" ਭੂਆ ਅੰਦਰ ਗਈ ਤੇ ਚਾਂਦੀ ਦੇ ਤਿੰਨ ਕੜੇ ਲੈ ਕੇ ਆਈ। ਮੈਨੂੰ ਦੱਸਣ ਲੱਗ ਪਈ, "ਇਕ ਕੜਾ ਮੇਰੀ ਮਾਂ ਨੇ ਮੈਨੂੰ ਬਣਵਾ ਕੇ ਦਿਤਾ ਸੀ ਤੇ ਦੂਜੇ ਕੜੇ ਤਾਏ ਸੁਖਦੇਵ ਨੇ ਮੇਰੇ ਅਤੇ ਮਨਪ੍ਰੀਤ ਲਈ ਇਕੱਠੇ ਬਣਵਾਏ ਸਨ।" ਭੂਆ ਦੇ ਜਜ਼ਬਾਤਾਂ ਤੋਂ ਮੈਨੂੰ ਇੰਝ ਲੱਗ ਰਿਹਾ ਸੀ ਕਿ ਉਹ ਕੜਿਆਂ ਨੂੰ ਅਤੇ ਇਨ੍ਹਾਂ ਨਾਲ ਜੁੜੀਆਂ ਹੋਈਆਂ ਯਾਦਾਂ ਨੂੰ ਅਪਣੀ ਜ਼ਿੰਦਗੀ ਦੀ ਸੱਭ ਤੋਂ ਕੀਮਤੀ ਚੀਜ਼ ਸਮਝਦੀ ਹੈ। ਭੂਆ ਦੀ ਇਸ ਆਸ ਦਾ ਹਕੀਕੀ ਵਜੂਦ ਮੈਨੂੰ ਕਿਤੇ ਵੀ ਨਜ਼ਰ ਨਹੀਂ ਆਉਂਦਾ ਪਰ ਕਈ ਵਾਰ ਯਾਦਾਂ ਇੰਨਾ ਹਕੀਕੀ ਰੂਪ ਧਾਰ ਲੈਂਦੀਆਂ ਨੇ ਕਿ ਦੂਰੀ ਦਾ ਅਹਿਸਾਸ ਖ਼ਤਮ ਹੋ ਜਾਂਦਾ ਹੈ। ਅਸਲ ਵਿਚ ਇਹੋ ਤਾਂ ਪਿਆਰ ਦੀ ਸਿਖ਼ਰ ਹੈ ਭੂਆ ਨੇ ਦੱਸਿਆ ਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਯਤਨ ਕੀਤੇ ਕਿ ਉਹ ਆਵਦੇ ਵਿਛੜਿਆਂ ਹੋਇਆਂ ਨੂੰ ਮਿਲ ਸਕੇ ਪਰ ਉਸ ਦੀ ਇਹ ਸੱਧਰ ਵਿਹੜੇ ਦੀ ਕੰਧ ਨੇ ਪੂਰੀ ਨਾ ਹੋਣ ਦਿਤੀ। ਭੂਆ ਕਹਿੰਦੀ ਹੈ ਕਿ ਮੈਂ ਚਾਹੁੰਦੀ ਹਾਂ ਜਿਥੇ ਅਸੀਂ ਵਿਛੜੇ ਸੀ, ਉਥੇ ਜਾ ਕੇ ਆਵਦੀਆਂ ਭੈਣਾਂ ਅਤੇ ਵੀਰਾਂ ਨੂੰ ਲੱਭਾਂ। ਆਵਦੇ ਘਰ ਜਾਵਾਂ ਤਾਇਆ ਸੁਖਦੇਵ ਸਿੰਘ ਦਾ ਪਰਵਾਰ ਉਥੇ ਹੀ ਹੋਵੇਗਾ। ਮੇਰਾ ਕੋਈ ਤਾਂ ਉਥੇ ਹੋਵੇਗਾ ਜਿਹੜਾ ਮੇਰੇ ਦਿਲ ਵਿਚ ਵਿਛੋੜੇ ਦੇ ਲੱਗੇ ਹੋਏ ਫੱਟਾਂ ਨੂੰ ਭਰ ਦੇਵੇਗਾ। ਭੂਆ ਦੱਸਦੀ ਕਿ ਉਹ ਹੁਣ ਵੀ ਸੁਪਨੇ ਵਿਚ ਆਵਦੇ ਬਚਪਨ ਵਿਚ ਪਹੁੰਚ ਜਾਂਦੀ ਹੈ ਤੇ ਉਵੇਂ ਹੀ ਅਪਣੇ ਹਸਦੇ ਵਸਦੇ ਪਰਵਾਰ ਵਿਚ ਪੀਘਾਂ ਝੂਟਦੀ ਹੈ। ਸਹੇਲੀਆਂ ਅਤੇ ਅਪਣੀਆਂ ਭੈਣਾਂ ਨਾਲ ਮਿਲ ਕੇ ਗਿੱਧਾ ਪਾਉਂਦੀ ਹੈ। ਮੈਨੂੰ ਤਾਂ ਇੰਝ ਲਗਦਾ ਜਿਵੇਂ ਭੂਆ ਦਾ ਵਿਛੋੜੇ ਵਾਲਾ ਦੁੱਖ ਰੋਜ਼ ਹੀ ਤਾਜ਼ਾ ਹੁੰਦਾ ਹੈ। ਭੂਆ ਨੇ ਇਕ ਠੰਡਾ ਹੋਕਾ ਲਿਆ ਤੇ ਲੰਮਾ ਸਾਹ ਲੈ ਕੇ ਬੋਲੀ, "ਹਾਏ ਨੀ ਕਿਸਮਤੇ!" ਹੰਝੂ ਸਾਫ਼ ਕਰ ਕੇ ਮੈਨੂੰ ਕਹਿਣ ਲੱਗੀ, "ਪੁੱਤਰ ਜਿਹੜੇ ਕੰਮ ਮੈਂ ਤੈਨੂੰ ਬੁਲਾਇਆ ਸੀ, ਉਹ ਮੈਂ ਭੁੱਲ ਹੀ ਗਈ ਸੀ, ਚੰਗਾ ਪੁੱਤਰ ਜਦੋਂ ਤੇਰਾ ਮਿੱਤਰ ਚੜ੍ਹਦੇ ਪੰਜਾਬ 'ਚੋਂ ਤੈਨੂੰ ਮਿਲਣ ਆਵੇ, ਮੈਨੂੰ ਲਾਜ਼ਮੀ ਮਿਲਾਈਂ।" ਮੰਜੇ 'ਤੇ ਬੈਠਿਆਂ ਹੀ ਭੂਆ ਸ਼ਹੀਦਾਂ ਦੀ ਜ਼ਿੰਦਗੀ ਦੀ ਕਹਾਣੀ ਮੇਰੇ ਚੇਤੇ ਚੋਂ ਕਿਸੇ ਫਿਲਮ ਵਾਂਗ ਲੰਘ ਗਈ। ਚਾਚੀ ਸਰਦਾਰਾ, ਜਿਹੜੀ ਕਾਫ਼ੀ ਸਮੇਂ ਤੋਂ ਮੇਰੇ ਵੱਲ ਵੇਖ ਰਹੀ ਸੀ, ਮੇਰਾ ਮੋਢਾ ਹਿਲਾ ਕੇ ਕਹਿਣ ਲੱਗੀ, "ਪੁੱਤਰ ਰੋਟੀ ਖਾ ਲੈ। ਕੀ ਸੋਚੀ ਜਾਂਦੈਂ?" "ਚਾਚੀ ਕੁਝ ਵੀ ਨਹੀਂ, ਬੱਸ ਐਵੇਂ ਹੀ।" ਮੇਰੀ ਰੋਟੀ ਦੀ ਭੁੱਖ ਮਰ ਗਈ ਸੀ। ਮੈਂ ਚਾਚੀ ਨੂੰ ਕਿਹਾ ਕਿ ਬੱਸ ਚਾਚੀ, ਇੰਨੀ ਹੀ ਖਾਣੀ ਸੀ ਰੋਟੀ।

ਚਾਚੀ ਕਹਿੰਦੀ, "ਚੰਗਾ ਪੁੱਤ ਗੱਲ ਸੁਣ, ਭੂਆ ਦੀ ਤਬੀਅਤ ਠੀਕ ਨਹੀਂ, ਤੈਨੂੰ ਬਹੁਤ ਯਾਦ ਕਰ ਰਹੀ ਸੀ, ਛੇਤੀ ਨਾਲ ਜਾ ਕੇ ਮਿਲ ਲੈ।" ਇਹ ਸੁਣ ਕੇ ਮੈਨੂੰ ਸੁੱਧ ਬੁੱਧ ਹੀ





ਨਾ ਰਹੀ ਅਤੇ ਮੈਂ ਸਿੱਧਾ ਭੂਆ ਦੇ ਘਰ ਨੂੰ ਤੁਰ ਪਿਆ। ਜਦ ਮੈਂ ਭੂਆ ਦੇ ਘਰ ਪਹੁੰਚਿਆ ਤਾਂ ਉਥੇ ਬੰਦੇ ਅਤੇ ਜਨਾਨੀਆਂ ਦਾ ਕਾਫੀ ਇਕੱਠ ਸੀ। ਮੇਰੇ ਦਿਲ ਨੂੰ ਇਕਦਮ ਖਿੱਚ ਜਿਹੀ ਪੈ ਗਈ। ਭੂਆ ਬੇਹੋਸ਼ ਪਈ ਹੋਈ ਸੀ ਅਤੇ ਇੰਝ ਲੱਗ ਰਿਹਾ ਸੀ ਜਿਵੇਂ ਭੂਆ ਦੀ ਜ਼ਿੰਦਗੀ ਦਾ ਦੀਵਾ ਆਖਰੀ ਭੜਕਣਾ ਲੈ ਰਿਹਾ ਹੋਵੇ। ਮੈਂ ਡਾਕਟਰ ਨੂੰ ਪੁਛਿਆ ਕਿ ਭੂਆ ਨੂੰ ਕੀ ਹੋਇਐ? ਉਸ ਨੇ ਦਸਿਆ ਕਿ ਭੂਆ ਨੂੰ ਬਹੁਤ ਹੀ ਡੂੰਘਾ ਦੁੱਖ ਲਗਿਆ ਹੈ, ਇਸ ਕਾਰਨ ਦਿਲ ਤੇ ਦਿਮਾਗ 'ਤੇ ਮਾੜਾ ਅਸਰ ਪਿਆ ਹੈ। 2-3 ਘੰਟੇ ਬਾਅਦ ਭੂਆ ਨੂੰ ਥੋੜਾ ਹੋਸ਼ ਆਇਆ ਤੇ ਉਹ ਅਪਣੇ ਆਲੇ ਦੁਆਲੇ ਦੇ ਬੰਦੇ ਤੇ ਜਨਾਨੀਆਂ ਨੂੰ ਪਛਾਣਨ ਲੱਗ ਪਈ ਤੇ ਗੱਲਾਂ ਕਰਨ ਲੱਗ ਪਈ। ਮੈਂ ਹੌਲੀ ਹੌਲੀ ਭੂਆ ਨਾਲ ਗੱਲਾਂ ਕਰ ਰਿਹਾ ਸੀ। ਮੇਰੇ ਬੀਬੀ ਜੀ ਹੁਰੀਂ ਵੀ ਆ ਗਏ। ਉਹ ਵੀ ਭੂਆ ਨਾਲ ਗੱਲਾਂ ਕਰਨ ਲੱਗ ਪਏ। ਬੀਬੀ ਜੀ ਮੈਨੂੰ ਕਹਿਣ ਲੱਗੇ ਕਿ ਪੁੱਤਰ ਹੁਣ ਤੂੰ ਘਰ ਜਾ ਕੇ ਕੁਝ ਖਾਹ ਪੀ ਲੈ। ਮੈਂ ਭੂਆ ਕੋਲ ਬੈਠਦੀ ਹਾਂ, ਨਾਲ ਚੜ੍ਹਦੇ ਪੰਜਾਬ ਤੋਂ ਤੇਰੇ ਮਿੱਤਰ ਦਾ ਫੋਨ ਆਇਆ ਸੀ, ਉਸ ਦਾ ਵੀਜ਼ਾ ਲੱਗ ਗਿਆ ਹੈ, ਉਹ ਛੇਤੀ ਹੀ ਲਹਿੰਦੇ ਪੰਜਾਬ ਆ ਰਿਹਾ ਹੈ। ਇੰਨੀ ਗੱਲ ਹੀ ਭੂਆ ਦੇ ਕੰਨਾਂ ਵਿੱਚ ਪਈ ਸੀ ਕਿ ਭੂਆ ਉਠ ਕੇ ਬੈਠਣ ਦੀ ਕੋਸ਼ਿਸ਼ ਕਰਨ ਲੱਗੀ। ਬੀਬੀ ਜੀ ਨੇ ਉਸ ਨੂੰ ਸਹਾਰਾ ਦੇ ਕੇ ਉਸ ਨੂੰ ਬਿਠਾ ਦਿਤਾ। ਭੂਆ ਨੇ ਉਡੀਕਾਂ ਦੀ ਪਿਆਸ ਨਾਲ ਮੁਰਝਾਈਆਂ ਹੋਈਆਂ ਅੱਖਾਂ ਨਾਲ ਮੇਰੇ ਵਲ ਵੇਖਿਆ ਤੇ ਪੁੱਛਣ ਲੱਗੀ, "ਪੁੱਤ ਕੀ ਵੇਹੜੇ ਦੀ ਕੰਧ ਡਿੱਗ ਪਈ ਹੈ?

ਹੁਣ ਤੁਸੀਂ ਹੀ ਦੱਸੋ ਕਿ ਮੈਂ ਭੂਆ ਨੂੰ ਕੀ ਜਵਾਬ ਦੇਵਾਂ, ਵੇਹੜੇ ਵਾਲੀ ਕੰਧ ਤਾਂ....

# ਚਾਨਣੀ ਰਾਤ ਵਿਚ ਘੁੱਪ ਹਨੇਰਾ

*-ਮੁਹੰਮਦ ਅਸਗਰ ਭੱਟੀ*

ਚੌਦ੍ਹਵੀਂ ਦਾ ਚੰਨ ਪੂਰੇ ਜ਼ੋਬਨ ’ਤੇ ਸੀ ਤੇ ਹੱਸ-ਹੱਸ ਕੇ ਦੁਨੀਆਂ ਵਲ ਵੇਖ ਰਿਹਾ ਸੀ। ਕਿਤੇ-ਕਿਤੇ ਕੋਈ ਨਿੱਕਾ-ਮੋਟਾ ਬੱਦਲ ਨਜ਼ਰ ਆ ਰਿਹਾ ਸੀ ਤੇ ਹਰ ਪਾਸੇ ਚੰਨ ਦੀ ਸੋਹਣੀ, ਠੰਢੀ ਤੇ ਮਿੱਠੀ ਜਿਹੀ ਚਾਨਣੀ ਵੇਖ ਕੇ ਦਿਲ ਨੂੰ ਇਕ ਅਜੀਬ ਜਿਹਾ ਆਨੰਦ ਆ ਰਿਹਾ ਸੀ। ਮੈਂ ਘਰ ਦੀ ਛੱਤ ’ਤੇ ਮੰਜੀ ’ਤੇ ਲੰਮਾ ਪਿਆ ਹੋਇਆ ਸੀ ਤੇ ਪਤਾ ਨਹੀਂ ਕਿਉਂ ਮੈਨੂੰ ਨੀਂਦ ਨਹੀਂ ਸੀ ਆ ਰਹੀ। ਚੰਨ ਦੀ ਚਾਨਣੀ ਕਾਰਨ ਤਾਰੇ ਬਹੁਤ ਘੱਟ ਨਜ਼ਰ ਆ ਰਹੇ ਸਨ। ਰਾਤ ਨੂੰ ਉਡਣ ਵਾਲੇ ਪੰਛੀ ਇਸ ਹਸੀਨ ਰਾਤ ਵਿਚ ਇਧਰ-ਉਧਰ ਉਡਾਰੀਆਂ ਮਾਰ ਕੇ ਮਸਤੀਆਂ ਕਰ ਰਹੇ ਸਨ। ਮੈਂ ਸਰ੍ਹਾਣੇ ਪਈ ਹੋਈ ਪਾਣੀ ਦੀ ਬੋਤਲ ਵਿਚੋਂ ਦੋ ਘੁੱਟ ਪਾਣੀ ਪੀਤਾ ਤੇ ਖੜਾ ਹੋ ਗਿਆ ਅਤੇ ਛੱਤ ਦੇ ਬਨੇਰੇ ’ਤੇ ਬਣੀ ਹੋਈ ਕੰਧ ਦੇ ਨਾਲ-ਨਾਲ ਤੁਰ-ਫਿਰ ਕੇ ਆਸੇ-ਪਾਸੇ ਵੇਖਣ ਲੱਗ ਪਿਆ। ਕਿੰਨਾ ਸੋਹਣਾ ਨਜ਼ਾਰਾ ਸੀ, ਹਰ ਪਾਸੇ ਚੁੱਪ ਦਾ ਕਬਜ਼ਾ ਸੀ। ਬੱਸ ਕਦੀ-ਕਦੀ ਡੰਗਰਾਂ ਦੇ ਰਿੰਗਣ ਤੇ ਗਲੀਆਂ ਵਿਚ ਫਿਰਦੇ ਅਵਾਰਾ ਕੁੱਤਿਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ, ਜਿਹੜੀ ਇਸ ਨਜ਼ਾਰੇ ਨੂੰ ਹੋਰ ਵੀ ਸੋਹਣਾ ਬਣਾ ਰਹੀਆਂ ਸਨ। ਘਰ ਦੀ ਛੱਤ ਤੋਂ ਮੈਂ ਪੂਰੇ ਪਿੰਡ ਨੂੰ ਵੇਖ ਰਿਹਾ ਸੀ। ਕੱਚੇ ਕੋਠੇ, ਖੁੱਲ੍ਹੇ-ਖੁੱਲ੍ਹੇ ਵਿਹੜੇ ਤੇ ਗਲੀਆਂ ਵਿਚ ਬੰਨ੍ਹੇ ਹਏ ਪਸ਼ੂ, ਸੁੱਤੇ ਹੋਏ ਲੋਕ, ਗਲੀਆਂ ਤੇ ਘਰਾਂ ਵਿਚ ਨਿੱਕੇ-ਵੱਡੇ ਦਰੱਖ਼ਤ ਪਿੰਡ ਨੂੰ ਹੋਰ ਵੀ ਸੋਹਣਾ ਬਣਾ ਰਹੇ ਸਨ। ਲਹਿੰਦੇ ਤੇ ਚੜ੍ਹਦੇ ਹਰ ਪਾਸੇ ਹਰੀਆਂ ਫ਼ਸਲਾਂ ਚੰਨ ਦੀ ਚਾਨਣੀ ’ਚ ਸੁਹਾਗਣ ਵਾਂਗ ਸੋਹਣੀਆਂ ਲੱਗ ਰਹੀਆਂ ਸਨ। ਹਰੀਆਂ-ਭਰੀਆਂ ਫ਼ਸਲਾਂ ਵਿਚ ਪਿੰਡ ਇੰਜ ਲੱਗ ਰਿਹਾ ਸੀ ਜਿਵੇਂ ਹਰੇ ਸਮੁੰਦਰ ਵਿਚ ਮਿੱਟੀ ਦਾ ਜਜ਼ੀਰਾ ਹੋਵੇ ਤੇ ਚਾਨਣੀ ਕਾਰਨ ਪਿੰਡ ਦੇ ਕੱਚੇ ਘਰ ਹੀਰੇ ਵਾਂਗ ਚਮਕ ਰਹੇ ਸਨ। ਹਰੇ ਸਮੁੰਦਰ ਵਿਚ ਇਹ ਕੱਚਾ ਪਿੰਡ ਅੱਜ ਤੋਂ ਪਹਿਲਾਂ ਮੈਨੂੰ ਕਦੇ ਵੀ ਏਨਾ ਸੋਹਣਾ ਨਹੀਂ ਸੀ ਲਗਿਆ ਸ਼ਾਇਦ ਮੈਂ ਕਦੇ ਇਸ ਵਲ ਗ਼ੌਰ ਹੀ ਨਹੀਂ ਕੀਤੀ ਸੀ। ਅੱਜ ਤੋਂ ਪਹਿਲਾਂ ਸ਼ਾਇਦ ਪਿੰਡ ਦੇ ਪਿੰਡੇ ’ਤੇ ਨਜ਼ਰ ਮਾਰਨ ਦਾ ਮੈਨੂੰ ਮੌਕਾ ਹੀ ਨਹੀਂ ਮਿਲਿਆ ਸੀ। ਇਕ ਦਮ ਮੇਰੇ ਉਤੇ ਕਿਸੇ ਚੀਜ਼ ਦਾ ਪਰਛਾਵਾਂ ਪਿਆ। ਮੈਂ ਸਿਰ ਚੁੱਕ ਕੇ ਆਸਮਾਨ ਵਲ ਤੱਕਿਆ ਤਾਂ ਕੂੰਜਾਂ ਦੀ ਡਾਰ ਜਾ ਰਹੀ ਸੀ। ਮੈਂ ਉਨ੍ਹਾਂ ਵਲ ਵੇਖ ਹੀ ਰਿਹਾ ਸੀ ਕਿ ਇਕ ਤਾਰਾ ਟੁੱਟਿਆ ਤੇ ਮੈਨੂੰ ਇੰਜ ਲੱਗਾ ਜਿਵੇਂ ਉਹ ਜ਼ਮੀਨ ਉਤੇ ਡਿੱਗ ਪਿਆ ਹੈ। ਮੈਂ ਬਨੇਰੇ ਦੀ ਕੰਧ ਤੋਂ ਵੇਖਣ ਲੱਗ ਪਿਆ, ਲੱਗਾ ਕਿ ਤਾਰਾ ਇਥੇ ਡਿੱਗਿਆ ਹੋਵੇਗਾ। ਮੈਂ ਇਸ ਜੰਜਾਲ ਵਿਚ ਹੀ ਫਸਿਆ ਹੋਇਆ ਸੀ, ਇਹ ਜਾਣਦੇ ਹੋਏ ਵੀ ਕਿ ਤਾਰਾ ਜ਼ਮੀਨ ’ਤੇ ਨਹੀਂ ਡਿੱਗਦਾ, ਮੇਰੇ ਕੰਨਾਂ ਵਿਚ ਹੀਰ ਪੜ੍ਹਨ ਦੀ ਆਵਾਜ਼ ਪਈ :





*ਹੀਰ ਆਖਦੀ ਜੋਗੀਆ ਝੂਠ ਬੋਲੇਂ*
*ਕੌਣ ਰੁੱਠੜੇ ਯਾਰ ਮਿਲਾਂਵਦਾ ਈ*
*ਇਹਾ ਕੋਈ ਨਾ ਮਿਲਿਆ ਮੈਂ ਢੂੰਡ ਥੱਕੀ*
*ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ*
*ਸਾਡੀਆਂ ਚੰਮ ਦੀਆਂ ਜੁੱਤੀਆਂ ਕਰੇ ਕੋਈ*
*ਜਿਹੜਾ ਜਿਉ ਦਾ ਰੋਗ ਗੁਆਂਵਦਾ ਈ*
*ਭਲਾ ਦੱਸ ਖਾਂ ਚਿਰੀ ਵਿਛੁੰਨਿਆਂ ਨੂੰ*
*ਕਦੋਂ ਰੱਬ ਸੱਚਾ ਘਰੀ ਲਿਆਂਵਦਾ ਈ*

ਪੜ੍ਹਨ ਵਾਲੇ ਦੀ ਆਵਾਜ਼ ਵਿਚ ਇੰਨਾ ਦਰਦ ਸੀ, ਇੰਜ ਲੱਗ ਰਿਹਾ ਸੀ ਜਿਵੇਂ ਕੋਈ ਅਪਣੇ ਬੇਲੇ ਦੀ ਹੂਰ ਤੋਂ ਵਿਛੜ ਗਿਆ ਹੋਵੇ ਤੇ ਚੰਨ ਦੀ ਚੌਦ੍ਹਵੀਂ ਰਾਤ ਵਿਚ ਹਰ ਪਲ ਮਰਦਿਆਂ ਤੇ ਜਿਉਂਦਿਆਂ ਉਸ ਦੀ ਉਡੀਕ ਪਿਆ ਕਰਦਾ ਹੋਵੇ।

ਮੈਂ ਸੋਚਿਆ ਕਿ ਰਾਤ ਦੇ ਇਸ ਪਹਿਰ ਕੌਣ ਹੋ ਸਕਦਾ ਹੈ, ਇੰਨੀ ਦਰਦ ਭਰੀ ਆਵਾਜ਼ ਵਿਚ ਗਾਉਣ ਵਾਲਾ। ਹਲਕੀ ਜਿਹੀ ਤੇਜ਼ ਹਵਾ ਚੱਲ ਰਹੀ ਸੀ, ਇਸ ਕਾਰਨ ਛੱਤ ’ਤੇ ਉਸ ਦੀ ਆਵਾਜ਼ ਕਦੇ ਬਹੁਤ ਤੇਜ਼ ਤੇ ਕਦੇ ਬਹੁਤ ਹੌਲੀ ਸੁਣਾਈ ਦੇ ਰਹੀ ਸੀ। ਮੈਂ ਛੱਤ ਤੋਂ ਥੱਲੇ ਉਤਰਿਆ ਤੇ ਗਲੀ ਵਿਚ ਆ ਗਿਆ। ਗਲੀ ਵਿਚ ਘੁੰਮਣ ਵਾਲੇ ਅਵਾਰਾ ਕੁੱਤਿਆਂ ਨੇ ਮੈਨੂੰ ਵੇਖ ਕੇ ਭੌਂਕਣਾ ਸ਼ੁਰੂ ਕਰ ਦਿਤਾ ਤੇ ਫਿਰ ਲਗਦੈ ਜਿਵੇਂ ਉਨ੍ਹਾਂ ਨੇ ਮੈਨੂੰ ਪਛਾਣ ਲਿਆ ਤੇ ਭੌਂਕਣਾ ਬੰਦ ਕਰ ਦਿਤਾ। ਮੈਂ ਚਾਰ-ਚੁਫੇਰੇ ਵੇਖਿਆ ਤੇ ਪਿੰਡ ਤੋਂ ਬਾਹਰਲੇ ਪਾਸੇ ਨੰਬਰਦਾਰਾਂ ਦੇ ਡੰਗਰਾਂ ਵਾਲੀ ਹਵੇਲੀ ਵਿਚ, ਜਿਸ ਦੇ ਆਲੇ ਦੁਆਲੇ ਕੰਧਾਂ ਨਹੀਂ, ਬੱਸ ਸਰਦੀਆਂ ਵਿਚ ਡੰਗਰ ਬੰਨ੍ਹਣ ਲਈ ਦੋ ਕੋਠੇ ਹਨ, ਟਾਹਲੀ ਥੱਲੇ ਮੰਜੀ ਉਤੇ ਚਿੱਟੇ ਕੱਪੜਿਆਂ ਵਾਲਾ ਇਕ ਬੰਦਾ ਬੈਠਾ ਹੋਇਆ ਸੀ। ਪਿੰਡਾਂ ’ਚ ਲੋਕ ਛੇਤੀ ਸੌਂ ਜਾਂਦੇ ਨੇ ਅਤੇ ਸਵੇਰੇ ਛੇਤੀ ਉਠ ਜਾਂਦੇ ਨੇ। ਇਸ ਕਾਰਨ ਮੈਨੂੰ ਉਸ ਬੰਦੇ ਤੋਂ ਇਲਾਵਾ ਉਥੇ ਕੋਈ ਹੋਰ ਬੰਦਾ ਨਜ਼ਰ ਨਾ ਆਇਆ। ਰਾਤ ਏਨੀ ਚਾਨਣੀ ਸੀ ਕਿ ਦਿਨ ਦਾ ਸਮਾਂ ਲਗਦਾ ਸੀ। ਮੈਂ ਹਵੇਲੀ ਵਲ ਤੁਰ ਪਿਆ। ਮੈਂ ਅਜੇ ਹਵੇਲੀ ਤੋਂ ਕੁੱਝ ਗਜ ਦੇ ਫ਼ਾਸਲੇ ’ਤੇ ਸੀ ਕਿ ਮੈਨੂੰ ਹੀਰ ਪੜ੍ਹਨ ਵਾਲੇ ਨੇ ਵੇਖ ਲਿਆ ਅਤੇ ਪੜ੍ਹਨਾ ਬੰਦ ਕਰ ਦਿਤਾ ਤੇ ਖੜਾ ਹੋ ਗਿਆ। ਜਿਵੇਂ ਹੀ ਉਸ ਨੇ ਪੜ੍ਹਨਾ ਬੰਦ ਕੀਤਾ, ਕਿੱਲਿਆਂ ’ਤੇ ਬੰਨ੍ਹੇ ਪਸ਼ੂ-ਡੰਗਰ ਖੜੇ ਹੋ ਗਏ। ਮੰਜੀ ਦੇ ਥੱਲੇ ਬੈਠੇ ਹੋਏ ਕੁੱਤਿਆਂ ਨੇ ਭੌਂਕਣਾ ਸ਼ੁਰੂ ਕਰ ਦਿਤਾ। ਹੋਰ ਤਾਂ ਹੋਰ ਟਾਹਲੀ ’ਤੇ ਬੈਠੇ ਹੋਏ ਪੰਛੀਆਂ ਨੇ ਵੀ ਚੀਕ-ਚਿਹਾੜਾ ਪਾ ਦਿਤਾ। ਇੰਜ ਲੱਗਾ ਜਿਵੇਂ ਇਹ ਸਾਰੇ ਪਸ਼ੂ ਤੇ ਪੰਛੀ ਪੜ੍ਹਨ ਵਾਲੇ ਨੂੰ ਸੁਣ ਰਹੇ ਸੀ ਅਤੇ ਇਹ ਵੀ ਦੱਸ ਰਹੇ ਸੀ ਕਿ ਉਹ ਵੀ ਉਸ ਦੇ ਗ਼ਮ ਨੂੰ ਮਹਿਸੂਸ ਕਰਦੇ ਨੇ। ਬੱਸ ਬੇਜ਼ੁਬਾਨ ਹੋਣ ਕਾਰਨ ਉਹ ਕੁੱਝ ਬੋਲ ਨਹੀਂ ਸਕਦੇ ਸਨ ਪਰ ਗੱਲਾਂ ਸ਼ਬਦਾਂ ਰਾਹੀਂ ਨਹੀਂ ਦੱਸੀਆਂ ਜਾਂਦੀਆਂ, ਉਹ ਤਾਂ ਬੱਸ ਮਹਿਸੂਸ ਕੀਤੀਆਂ ਜਾਂਦੀਆਂ ਨੇ ਤੇ

ਜਿਹੜਾ ਕਿਸੇ ਦੇ ਬਾਰੇ ਜਿੰਨਾ ਜ਼ਿਆਦਾ ਮਹਿਸੂਸ ਕਰਦਾ, ਉਸ ਦਾ ਉਹਦੇ ਨਾਲ ਉਨਾ ਗੂੜ੍ਹਾ ਇਹ ਪਿਆਰ ਹੁੰਦਾ। ਮੈਂ ਵੇਖ ਕੇ ਹੈਰਾਨ ਹੋ ਗਿਆ, ਇਹ ਤਾਂ ਨੰਬਰਦਾਰ ਬਾਬਾ ਸੀ। ਉਸ ਨੇ ਮੈਨੂੰ ਪਛਾਣ ਲਿਆ। ਮੈਨੂੰ ਪੁੱਛਣ ਲਗਿਆ, “ਪੁੱਤਰ, ਤੂੰ ਇਸ ਵੇਲੇ ਕਿਧਰ?”


ਮੈਂ ਆਖਿਆ, “ਬਾਬਾ ਜੀ ਬੱਸ ਨੀਂਦ ਨਹੀਂ ਆ ਰਹੀ ਸੀ। ਤੁਹਾਡੀ ਆਵਾਜ਼ ਮੈਨੂੰ ਇਥੇ ਖਿੱਚ ਲਿਆਈ।” ਮੈਂ ਬਾਬਾ ਜੀ ਦੇ ਨਾਲ ਪਈ ਹੋਈ ਦੂਜੀ ਮੰਜੀ ’ਤੇ ਬੈਠਦਿਆਂ ਹੋਇਆਂ ਬਾਬਾ ਜੀ ਵਲ ਵੇਖਿਆ। ਉਹ ਅਪਣੇ ਕੁੜਤੇ ਦੇ ਪੱਲੇ ਨਾਲ ਹੰਝੂਆਂ ਨਾਲ ਭਿੱਜੀ ਹੋਈ ਦਾਹੜੀ ਤੇ ਅੱਖਾਂ ਸਾਫ਼ ਕਰ ਰਿਹਾ ਸੀ। ਬਾਬਾ ਜੀ ਨੇ ਮੰਜੀ ’ਤੇ ਬੈਠ ਕੇ ਹੁੱਕੇ ਦਾ ਇਕ ਲੰਮਾ ਸੁੱਟਾ ਲਾਇਆ ਤੇ ਅਪਣੇ ਮੂੰਹ ਵਿਚੋਂ ਧੂੰਆਂ ਕਢਦਿਆਂ ਹੋਇਆਂ ਮੇਰੇ ਵੇਲ ਵੇਖਿਆ। ਇਸ ਤੋਂ ਪਹਿਲਾਂ ਉਹ ਕੋਈ ਗੱਲ ਕਰਦਾ, ਮੈਂ ਆਪ ਹੀ ਗੱਲ ਛੇੜ ਦਿਤੀ। ਮੈਂ ਪੁਛਿਆ “ਪੰਛੀ ਪਹਿਲਾਂ ਤਾਂ ਚੁੱਪ ਬੈਠੇ ਸੀ, ਹੁਣ ਇਨ੍ਹਾਂ ਨੂੰ ਕੀ ਹੋਇਆ?” ਬਾਬਾ ਕਹਿੰਦਾ, “ਇਹ ਸਾਰੇ ਮੇਰੇ ਸਾਥੀ ਨੇ ਤੇ ਦਸਦੇ ਨੇ ਕਿ ਤੂੰ ਇਕੱਲਾ ਨਹੀਂ ਅਸੀਂ ਵੀ ਤੇਰੇ ਨਾਲ ਹਾਂ।” ਇਹ ਗੱਲ ਸੁਣ ਕੇ ਮੈਂ ਹੈਰਾਨਗੀ ਨਾਲ ਕਿਹਾ, “ਤਸੀਂ ਇਨ੍ਹਾਂ ਦੀ ਜ਼ੁਬਾਨ ਸਮਝ ਲੈਂਦੇ ਹੋ?” ਲੰਬਾ ਸੂਟਾ ਖਿਚਦਿਆਂ ਨੰਬਰਦਾਰ ਨੇ ਕਿਹਾ, “ਹਾਂ ਪੁਤਰਾ ਇੰਜ ਹੀ ਸਮਝ।” ਬਾਬਾ ਜੀ ਨੇ ਉਤੇ ਚੰਨ ਵਲ ਤਕਿਆ। ਇਕ ਨਿਕੀ ਜਿਹੀ ਬਦਲੀ ਨੇ ਚੰਨ ਦੇ ਅੱਗੇ ਆ ਕੇ ਹਨੇਰਾ ਕਰ ਦਿਤਾ। ਬਾਬੇ ਨੇ ਫਿਰ ਪੜ੍ਹਨਾ ਸ਼ੁਰੂ ਕੀਤਾ

*ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ*
*ਭਾਈਆਂ ਬਾਝ ਬਾਹਰ ਨਾਹੀਂ,*
*ਮਰਨ ਭਾਈ ਤੇ ਪੈਂਦੀਆਂ ਭੱਜ ਬਾਹਾਂ*
*ਭਾਈਆਂ ਬਾਝ ਭਰੇ ਪਰਵਾਰ ਨਾਹੀਂ*
*ਮੀਆਂ ਵਾਰਸ ਸ਼ਾਹ ਬਾਝ ਭਰਾਵਾਂ ਦੇ*
*ਸਾਨੂੰ ਜੀਵਣਾ ਜੱਗ ਦਰਕਾਰ ਨਾਹੀਂ*

ਬਾਬਾ ਜੀ ਨੇ ਇਹ ਲਾਈਨਾਂ ਪੜ੍ਹੀਆਂ ਹੀ ਸੀ ਤੇ ਹਰ ਪਾਸੇ ਚੁੱਪ ਨੇ ਕਬਜ਼ਾ ਕਰ ਲਿਆ। ਆਵਾਜ਼ ਵਿਚ ਇੰਨਾ ਦਰਦ ਸੀ ਕਿ ਮੇਰੀਆਂ ਅੱਖਾਂ ਭਰ ਆਈਆਂ। “ਤੁਹਾਡੀ ਅਵਾਜ਼ ਵਿਚ ਇੰਨਾ ਦਰਦ ਹੈ। ਮੈਂ ਇਸ ਤੋਂ ਪਹਿਲਾਂ ਕਦੇ ਇੰਨੀ ਗਮਗੀਨ ਅਵਾਜ਼ ਨਹੀਂ ਸੁਣੀ।” ਮੈਂ ਅਪਣੇ ਦਿਲ ਦੀ ਗੱਲ ਦੱਸੀ। ਬਾਬੇ ਨੇ ਹਉਕਾ ਲੈ ਕੇ ਕਿਹਾ, “ਪੁੱਤਰ ਜੇ ਦਿਲ ਵਿਚ ਦਰਦ ਹੋਵੇ ਤਾਂ ਤੁਸੀਂ ਉਸ ਨੂੰ ਲੁਕਾਅ ਨਹੀਂ ਸਕਦੇ ਉਹ ਕਿਸੇ ਨਾ ਕਿਸੇ ਤਰੀਕੇ ਅਪਣਾ ਆਪ ਵਿਖਾ ਦਿੰਦਾ ਹੈ।” “ਲਗਦਾ ਤੁਸੀਂ ਗਮਾਂ ਦੀ ਕੋਈ ਗਾਗਰ ਅਪਣੇ ਦਿਲ ਵਿਚ ਰੱਖੀ ਹੋਈ ਐ।” ਮੇਰੇ ਮੂੰਹੋਂ ਸੁਭਾਵਕ ਨਿਕਲਿਆ। ਬਾਬੇ ਨੇ ਫਿਰ ਆਮਸਾਨ ਵਲ ਵੇਖਿਆ ਤੇ ਉਦਾਸ ਸੁਰ ਵਿਚ ਕਿਹਾ, “ਵਾਹ! ਕੀ ਜ਼ਮਾਨਾ ਸੀ, ਹੁਣ ਉਸ ਸਮੇਂ ਨੇ ਮੁੜ ਕੇ ਕਿਥੋਂ ਆਉਣਾ ਹੈ।” ਕੁਝ ਲੋਕ ਅਪਣੇ ਗਮਾਂ ਦੀ ਜਗੀਰ ਨੂੰ ਦਿਲ ਦੇ ਕਬਰਸਤਾਨ ਵਿਚ ਦਫਨ ਕਰ ਲੈਂਦੇ ਹਨ। ਬਾਬੇ ਨੇ ਅੱਜ ਤੋਂ ਪਹਿਲਾਂ ਕਿਸੇ ਕੋਲ ਵੀ ਅਪਣੇ ਦਿਲ ਦੇ







ਭੇਤ ਨਹੀਂ ਖੋਲ੍ਹੇ। ਸਾਰੇ ਲੋਕ ਬਾਬੇ ਨੂੰ ਬਹੁਤ ਖ਼ੁਸ਼ਨਸੀਬ ਸਮਝਦੇ ਹਨ ਕਿ ਰੱਬ ਨੇ ਨੰਬਰਦਾਰ ਨੂੰ ਚੰਗੀ ਸਿਹਤ, ਜ਼ਮੀਨ, ਜਾਇਦਾਦ ਤੇ ਫਰਮਾਬਰਦਾਰ ਔਲਾਦ ਦਿਤੀ ਹੋਈ ਹੈ। ਹਰ ਇਕ ਨਾਲ ਸਾਂਝ ਰੱਖਣ ਵਾਲਾ ਬਾਬਾ ਕਈ ਗਰੀਬ ਕੁੜੀਆਂ ਦੇ ਵਿਆਹ ਕਰ ਚੁੱਕਾ ਹੈ ਤੇ ਕਈ ਬੱਚੇ ਉਸ ਨੇ ਅਪਣੇ ਖਰਚੇ ’ਤੇ ਸਕੂਲੇ ਪੜ੍ਹਨੇ ਪਾਏ ਹੋਏ ਹਨ। ਬਾਬੇ ਨੇ ਠੰਢਾ ਹਉਕਾ ਲਿਆ। “ ਪੁੱਤਰ ਮੈਂ ਤਾਂ ਬੜੇ ਚਿਰਾਂ ਤੋਂ ਚੰਗੀ ਤਰ੍ਹਾਂ ਸੌਂ ਵੀ ਨਹੀਂ ਸਕਿਆ, ਜਿਸ ਬੰਦੇ ਤੋਂ ਮਾਂ ਪਿਉ ਭੈਣ ਭਰਾ ਤੇ ਬੇਲੀ ਮਿੱਤਰ ਖੋਹ ਲਏ ਜਾਣ, ਜਿਨ੍ਹਾਂ ਤੋਂ ਬਗੈਰ ਇਕ ਪਲ ਵੀ ਨਹੀਂ ਸੀ ਲੰਘਦਾ, ਉਨ੍ਹਾਂ ਤੋਂ ਬਗ਼ੈਰ ਬੰਦਾ ਨਾ ਜਿਉਂਦਿਆਂ ਵਿਚ ਹੁੰਦਾ ਨਾ ਮਰਿਆਂ ਵਿਚ।” ਇੰਨਾ ਕਹਿ ਕੇ ਬਾਬਾ ਭੁੱਬਾਂ ਮਾਰ ਕੇ ਰੋਣ ਲੱਗ ਪਿਆ। ਬਾਬੇ ਦੇ ਹਉਕੇ ਸੁਣ ਕੇ ਦਰੱਖਤਾਂ ’ਤੇ ਬੈਠੇ ਪੰਛੀਆਂ ਨੇ ਵੀ ਚੀਕ ਚਿਹਾੜਾ ਪਾ ਦਿਤਾ। ਮੈਨੂੰ ਲੱਗਾ ਜਿਵੇਂ ਪੰਛੀ ਵੀ ਬਾਬੇ ਦੇ ਨਾਲ ਹੀ ਰੋ ਰਹੇ ਹੋਣ। ਬਾਬਾ ਬੱਚਿਆਂ ਵਾਂਗ ਰੋ ਰਿਹਾ ਸੀ। ਮੈਂ ਸੋਚਿਆ ਕਿ ਰੋਣ ਨਾਲ ਸ਼ਾਇਦ ਬਾਬੇ ਦਾ ਮਨ ਹੌਲਾ ਹੋ ਜਾਵੇ। ਧਰਵਾਸ ਦੇਣ ਲਈ ਮੈਂ ਕਿਹਾ, “ਜੇ ਤੁਹਾਡੇ ਵਰਗੇ ਸਿਆਣੇ ਬੰਦੇ ਇੰਜ ਰੋਣ ਲੱਗ ਪਏ ਤਾਂ ਸਾਡਾ ਕੀ ਬਣੇਗਾ?” “ਪੁੱਤਰ ਸੱਠ ਵਰ੍ਹਿਆਂ ਤੋਂ ਮੇਰਾ ਵਜੂਦ ਇਸ ਤਰ੍ਹਾਂ ਬਣ ਗਿਆ ਹੈ, ਜਿਸ ਵਿਚ ਜਾਨ ਤਾਂ ਹੈ ਪਰ ਰੂਹ ਕੋਈ ਨਹੀਂ।” ਅਸਮਾਨ ਵਲ ਵੇਖ ਕੇ ਕਹਿਣ ਲਗਿਆ, “ਪੁੱਤਰ ਹੁਣ ਤੂੰ ਘਰ ਜਾ ਕੇ ਸੌਂ ਜਾ ਰਾਤ ਦੇ ਦੋ ਵਜ ਗਏ ਹਨ।” ਮੈਂ ਗੁੱਟ ’ਤੇ ਲੱਗੀ ਘੜੀ ’ਤੇ ਵੇਖਿਆ ਦੋ ਵਜ ਕੇ ਦਸ ਮਿੰਟ ਹੋਏ ਸਨ। “ਬਾਬਾ ਜੀ, ਤੁਹਾਡੇ ਕੋਲ ਤਾਂ ਘੜੀ ਵੀ ਨਹੀਂ ਤੁਹਾਨੂੰ ਸਮੇਂ ਦਾ ਕਿਵੇਂ ਪਤਾ ਲਗਿਆ?” ਬਾਬਾ ਜੀ ਨੇ ਆਸਮਾਨ ਦੇ ਇਕ ਚਮਕੀਲੇ ਤਾਰੇ ਵਲ ਉਂਗਲੀ ਕਰ ਕੇ ਕਿਹਾ, “ਜਦੋਂ ਇਹ ਤਾਰਾ ਇਸ ਨੁੱਕਰ ਵਿਚ ਪੁੱਜ ਜਾਂਦਾ ਹੈ ਤਾਂ ਰਾਤ ਦੇ ਲਗਭਗ ਦੋ ਵਜ ਜਾਂਦੇ ਹਨ।” ਮਨ ਬਾਬੇ ਦੀ ਪੂਰੀ ਕਹਾਣੀ ਸੁਣੇ ਬਿਨਾਂ ਘਰ ਜਾਣ ਲਈ ਰਾਜੀ ਨਹੀਂ ਸੀ। ਮੈਂ ਗੱਲ ਨੂੰ ਅੱਗੇ ਤੋਰਨ ਦੇ ਇਰਾਦੇ ਨਾਲ ਕਿਹਾ, “ਬਾਬਾ ਜੀ ਤੁਹਾਡੇ ਮਿੱਤਰ ਤੁਹਾਡੇ ਤੋਂ ਕਿਵੇਂ ਵਿਛੜ ਗਏ?” ਬਾਬੇ ਨੇ ਸੂਟਾ ਲਾ ਕੇ, ਡੂੰਘਾ ਹਉਕਾ ਲਿਆ, “ਚੜ੍ਹਦੇ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਨੱਥੂਵਾਲਾ ਸਾਡਾ ਪਿੰਡ ਸੀ। ਪਿੰਡ ਵਿਚ ਹਿੰਦੂ, ਮੁਸਲਮਾਨ, ਸਿੱਖ ਸਾਰੇ ਧਰਮਾਂ ਦੇ ਲੋਕ ਸਕੇ ਭਰਾਵਾਂ ਰਹਿੰਦੇ ਸਨ। ਵਿਸਾਖੀ, ਹੌਲੀ ਦੇ ਮੇਲਿਆਂ ਦੀ ਰੌਣਕ ਸੱਭ ਲਈ ਸਾਂਝੀ ਸੀ। ਲਹਿਣਾ ਸਿੰਘ, ਰਣਜੀਤ ਸਿੰਘ, ਸੱਜਣ ਸਿੰਘ ਤੇ ਸੋਹਣ ਸਿੰਘ ਮੇਰੇ ਪਿਉ ਦੇ ਬੜੇ ਹੀ ਗੂੜ੍ਹੇ ਮਿੱਤਰ ਸਨ। ਉਨ੍ਹਾਂ ਦੇ ਘਰਾਂ ਨਾਲ ਸਾਡਾ ਇੰਨਾ ਪਿਆਰ ਸੀ ਕਿ ਜਿਸ ਘਰੋਂ ਵੀ ਕੋਈ ਚੀਜ਼ ਪੱਕੀ ਲੱਭਣੀ, ਅਸੀਂ ਅਪਣੀ ਸਮਝ ਕੇ ਖਾ ਲੈਣੀ।” ਧਰਤੀ ’ਤੇ ਡੱਕੇ ਨਾਲ ਲੀਕਾਂ ਉਲੀਕਦਿਆਂ ਬਾਬੇ ਨੇ ਫਿਰ ਤੰਦ ਜੋੜੀ “ਮੇਰੀ ਮਾਂ ਦਾ ਸਾਰੇ

ਹੀ ਬਹੁਤ ਸਤਿਕਾਰ ਕਰਦੇ ਸਨ। ਕਿਸੇ ਦੇ ਘਰ ਕੋਈ ਝਗੜਾ ਹੋਣਾ ਤਾਂ ਜਿਸ ਦੀ ਗ਼ਲਤੀ ਹੋਣੀ ਮੇਰੀ ਮਾਂ ਨੇ ਜਾ ਕੇ ਉਸ ਦੇ ਕੰਨ ਖਿੱਚ ਦੇਣੇ, ਇਥੋਂ ਤਕ ਕਿ ਉਨ੍ਹਾਂ ਪਰਵਾਰਾਂ ਦੇ ਰਿਸ਼ਤੇ ਵੀ ਮੇਰੀ ਮਾਂ ਹੀ ਕਰਦੀ ਸੀ। ਉਸ ਸਮੇਂ ਜਿਹੜਾ ਪਿਆਰ ਸੀ, ਉਹ ਤਾਂ ਅੱਜ ਸਕੇ ਭਰਾਵਾਂ ਵਿਚ ਵੀ ਨਜ਼ਰ ਨਹੀਂ ਆਉਂਦਾ।" ਅਪਣੇ ਪਰਵਾਰ ਬਾਰੇ ਦੱਸਦਿਆਂ ਬਾਬਾ ਬੋਲਿਆ, "ਅਸੀਂ ਦੋ ਭੈਣਾਂ ਤੇ ਤਿੰਨ ਭਰਾ ਸੀ। ਮੇਰਾ ਪਿਉ ਅਪਣੇ ਬਾਪ ਦੀ ਇਕਲੌਤੀ ਔਲਾਦ ਸੀ। ਮੇਰੇ ਪਿਉ ਦੇ ਸਿੰਘ ਮਿਤਰਾਂ ਨੇ ਸਾਨੂੰ ਕਦੇ ਵੀ ਚਾਚੇ, ਤਾਇਆਂ ਦੀ ਕਮੀ ਨਹੀਂ ਸੀ ਮਹਿਸੂਸ ਹੋਣ ਦਿਤੀ। ਮੇਰੇ ਦੋ ਭਰਾ ਦੁੱਲਾ ਤੇ ਅਕਬਰ ਸਨ। ਮੇਰੇ ਪਿਉ ਦਾ ਨਾਂ ਨੂਰ ਮੁਹੰਮਦ ਸੀ, ਸਾਰੇ ਉਸ ਨੂੰ ਨੂਰਾ ਕਹਿੰਦੇ ਸਨ। ਦੁੱਲਾ ਕਬੱਡੀ ਦਾ ਮੰਨਿਆ ਪ੍ਰਮੰਨਿਆ ਖਿਡਾਰੀ ਸੀ ਤੇ ਪੂਰੇ ਇਲਾਕੇ ਵਿਚ ਉਸ ਦੇ ਜੋੜ ਦਾ ਕੋਈ ਜਵਾਨ ਨਹੀਂ ਸੀ। ਜਦੋਂ ਵੀ ਕਦੇ ਮੇਲਿਆਂ 'ਤੇ ਮੈਚ ਹੋਣੇ ਤਾਂ ਲੋਕ ਆਪਸ ਵਿਚ ਗੱਲਾਂ ਕਰਦੇ, ਚਲੋ ਕਬੱਡੀ ਦਾ ਮੈਚ ਵੇਖਣ ਚੱਲੀਏ, ਲਹਿਣੇ ਕਿਆਂ ਦਾ ਭਤੀਜਾ ਦੁੱਲਾ ਵੀ ਆ ਰਿਹਾ। ਖ਼ੂਨੀ ਰਿਸ਼ਤੇ ਤੋਂ ਵੀ ਵੱਧ ਮੁਹੱਬਤ ਸੀ।" ਬਾਬੇ ਨੇ ਫਿਰ ਹੁੱਕੇ ਦਾ ਸੂਟਾ ਖਿਚਿਆ ਅਤੇ ਮੂੰਹ ਚੋਂ ਨਿਕਲਣ ਵਾਲੇ ਧੂੰਏ ਚੋਂ ਕਿੰਨੀ ਦੇਰ ਕੁੱਝ ਲੱਭਦਾ ਰਿਹਾ। "ਦੁੱਲਾ ਜਦੋਂ ਵੀ ਮੈਚ ਜਿੱਤ ਕੇ ਆਉਂਦਾ ਤਾਂ ਮੇਰੇ ਪਿਉ ਦੇ ਸਿੰਘ ਮਿੱਤਰ ਪੂਰੇ ਪਿੰਡ ਵਿਚ ਢੋਲ ਵਜਾਉਂਦੇ ਤੇ ਲੱਡੂ ਵੰਡਦੇ।" ਬਾਬੇ ਨੇ ਯਾਦਾਂ ਦੇ ਸਮੁੰਦਰ 'ਚ ਤਾਰੀ ਲਾਉਂਦਿਆ ਦਸਿਆ, "ਜ਼ਿੰਦਗੀ ਹਾਸਿਆਂ ਵਿਚ ਗੁਜਰਦੀ ਜਾ ਰਹੀ ਸੀ। ਪਰ ਕੀ ਪਤਾ ਸੀ ਕਿ ਕਿਸਮਤ ਨੇ ਸਾਡੇ ਨਾਲ ਕੀ ਕੀ ਖੇਡਾਂ ਖੇਡਣੀਆਂ ਨੇ। ਦੇਸ਼ ਦੀ ਵੰਡ ਦਾ ਰੌਲਾ ਪੈ ਗਿਆ।" ਦੇਸ਼ ਦੀ ਵੰਡ ਦੀ ਗੱਲ ਕਰਨ ਵੇਲੇ ਬਾਬੇ ਦੀਆਂ ਅੱਖਾਂ ਭਰ ਆਈਆਂ ਤੇ ਆਵਾਜ਼ ਨੇ ਸਾਥ ਦੇਣਾ ਛੱਡ ਦਿਤਾ। ਮੈਂ ਮੰਜੇ ਕੋਲ ਪਏ ਘੜੇ ਚੋਂ ਪਾਣੀ ਦਾ ਗਲਾਸ ਭਰ ਕੇ ਬਾਬੇ ਨੂੰ ਫੜਾਇਆ। ਬਾਬੇ ਨੇ ਪਾਣੀ ਦਾ ਗਲਾਸ ਫੜ ਲਿਆ ਪਰ ਪੀਣ ਦੀ ਹਿੰਮਤ ਨਹੀਂ ਸੀ ਹੋ ਰਹੀ। ਰੋਂਦਿਆਂ ਹੋਇਆਂ ਹਿਚਕੀਆਂ ਨਾਲ ਹੱਥ ਕੰਬ ਰਹੇ ਸੀ। ਬਸ ਦੋ ਘੁੱਟਾਂ ਹੀ ਪੀ ਸਕਿਆ। ਬਾਬਾ ਜੀ ਦੀ ਹਾਲਤ ਵੇਖ ਕੇ ਮੇਰੇ ਜਜ਼ਬੇ ਵੀ ਬੇਕਾਬੂ ਹੋ ਗਏ ਤੇ ਹੰਝੂ ਵਗਣ ਲੱਗ ਪਏ। ਚੰਨ ਲਹਿੰਦੇ ਵਲ ਹੌਲੀ ਹੌਲੀ ਸਫ਼ਰ ਮੁਕਾ ਰਿਹਾ ਸੀ। ਬਾਬਾ ਜੀ ਦੇ ਦਿਲ ਵਿਚ ਬਣੀਆਂ ਹੋਈਆਂ ਉਹ ਮਜ਼ਬਤ ਕੰਧਾਂ ਜਿਨ੍ਹਾਂ ਨੇ 60 ਵਰ੍ਹਿਆਂ ਤੋਂ ਦਿਲ ਦੀ ਗੱਲ ਬਾਹਰ ਨਹੀਂ ਸੀ ਆਉਣ ਦਿਤੀ, ਮਿੱਟੀ ਦੀ ਢੇਰੀ ਹੋਈਆਂ ਪਈਆਂ ਸਨ। ਬਾਬੇ ਨੇ ਫਿਰ ਹਉਕਿਆਂ ਦੀ ਤੰਦ ਜੋੜੀ, "ਦੇਸ਼ ਦੀ ਵੰਡ ਕਾਰਨ ਖ਼ੂਨੀ ਹਨੇਰੀ ਚਲ ਪਈ ਤੇ ਦਿਲਾਂ 'ਚ ਦੁਸ਼ਮਣੀ ਰੱਖਣ ਵਾਲਿਆਂ ਨੂੰ ਮੌਕਾ ਮਿਲ ਗਿਆ, ਉਹ ਅਪਣੇ ਹਿਸਾਬ ਬਰਾਬਰ ਕਰਨ ਲੱਗ ਪਏ। ਸਾਡੀ ਕਿਸੇ ਨਾਲ ਦੁਸ਼ਮਣੀ ਨਹੀਂ ਸੀ ਪਰ ਪਤਾ ਨਹੀਂ ਕਿਉਂ ਤਲਵਾਰਾਂ ਤੇ ਬਰਛਿਆਂ ਨਾਲ ਲੈਸ ਇਕ ਜਥੇ ਨੇ ਸਾਡੇ ਘਰ 'ਤੇ ਹਮਲਾ ਕਰ ਦਿਤਾ। ਉਹ ਦਰਵਾਜ਼ਾ ਤੋੜ ਕੇ ਅੰਦਰ ਆ ਵੜੇ ਤੇ ਪੁੱਛਣ ਲੱਗੇ, "ਕੱਥੋ ਕਿਥੇ ਐ ਤੁਹਾਡਾ ਦੁੱਲਾ ਸ਼ੇਰ।" ਦੁੱਲਾ ਅੰਦਰ ਸੁੱਤਾ ਪਿਆ ਸੀ ਤੇ ਰੌਲਾ ਸੁਣ ਕੇ ਬਾਹਰ ਆ ਗਿਆ। ਪੰਜ-ਸੱਤ ਬੰਦਿਆਂ ਨੇ ਉਸ ਨੂੰ ਫੜ ਲਿਆ। ਮੇਰੇ ਪਿਉ, ਮੇਰੀ ਮਾਂ ਤੇ ਭੈਣਾਂ ਉਨ੍ਹਾਂ ਦੇ ਪੈਰਾਂ ਵਿਚ ਡਿਗ ਪਈਆਂ, "ਜਿਉਣ ਜੋਗਿਉ ਸਾਡਾ ਕੀ ਕਸੂਰ ਐ?" ਮੇਰੀ ਅੰਮੀ ਨੇ ਅਪਣਾ ਸਿਰ ਵਾਲਾ ਦੁਪੱਟਾ ਉਨ੍ਹਾਂ ਦੇ ਪੈਰਾਂ ਵਿਚ ਸੁਟਿਆ ਪਰ ਜ਼ਾਲਮਾਂ ਨੇ ਇਕ ਨਾ ਸੁਣੀ।" ਇਹ ਗੱਲ





ਦਸਦਿਆਂ ਹੀ ਬਾਬਾ ਜੀ ਦੋਵਾਂ ਹੱਥਾਂ ਨਾਲ ਅਪਣਾ ਸਿਰ ਫੜ ਕੇ ਉੱਚੀ ਉੱਚੀ ਰੋਣ ਲੱਗ ਪਏ। "ਹਾਏ ਉਏ ਰੱਬਾ ਮੈਂ ਕਿਥੇ ਜਾਵਾਂ?" ਇਸ ਦੇ ਨਾਲ ਹੀ ਪੰਛੀਆਂ ਨੇ ਚੀਕ ਚਿਹਾੜਾ ਪਾ ਦਿਤਾ। ਪਸ਼ੂ ਖੜੇ ਹੋ ਗਏ। ਚੰਨ ਬੱਦਲਾਂ ਪਿਛੇ ਲੁਕ ਗਿਆ ਤੇ ਹਰ ਪਾਸੇ ਘੁੱਪ ਹਨੇਰਾ ਹੋ ਗਿਆ। ਮੈਨੂੰ ਲਗਿਆ ਕਿ ਚੰਨ ਵੀ ਬਾਬਾ ਜੀ ਦੇ ਹਉਕੇ ਬਰਦਾਸ਼ਤ ਨਹੀਂ ਕਰ ਸਕਿਆ। ਮੈਂ ਹਿੰਮਤ ਕਰ ਕੇ ਬਾਬਾ ਜੀ ਨੂੰ ਅਪਣੇ ਕਲਾਵੇ ਵਿਚ ਲੈ ਲਿਆ। ਬਾਬੇ ਦਾ ਦਿਲ ਹੌਸਲਾ ਨਹੀਂ ਸੀ ਫੜ ਰਿਹਾ। ਬਾਬਾ ਹਉਕੇ ਭਰ ਕੇ ਦੱਸਣ ਲਗਿਆ, "ਜ਼ਾਲਮਾਂ ਨੇ ਮੇਰੇ ਭਰਾ ਨੂੰ ਬਰਛੀਆਂ ਮਾਰ ਮਾਰ ਕੇ ਕਤਲ ਕਰ ਦਿਤਾ। ਮੇਰੀਆਂ ਭੈਣਾਂ ਅਪਣੇ ਭਰਾ ਨੂੰ ਬਚਾਉਣ ਲਈ ਉਸ ਦੇ ਨਾਲ ਚਿੰਬੜ ਗਈਆਂ ਪਰ ਜ਼ਾਲਮਾਂ ਨੇ ਉਨ੍ਹਾਂ ਨੂੰ ਵੀ ਮੌਤ ਦੇ ਘਰ ਪਹੁੰਚਾ ਦਿਤਾ। ਪੂਰੇ ਪਿੰਡ ਵਿਚ ਰੌਲਾ ਪੈ ਗਿਆ। ਮੇਰੇ ਪਿਉ ਦੇ ਸਿੱਖ ਮਿਤਰਾਂ ਨੂੰ ਪਤਾ ਲਗਿਆ ਤਾਂ ਉਹ ਸਾਨੂੰ ਬਚਾਉਣ ਲਈ ਦੌੜੇ। ਉਨ੍ਹਾਂ ਲਲਕਾਰਿਆਂ, "ਖਬਰਦਾਰ ਜੇ ਕਿਸੇ ਨੇ ਸਾਡੇ ਮਿੱਤਰ ਵਲ ਮੈਲੀ ਨਜ਼ਰ ਨਾਲ ਵੇਖਿਆ।" ਪਰ ਉਸ ਵੇਲੇ ਤਕ ਬਹੁਤ ਦੇਰ ਹੋ ਚੁੱਕੀ ਸੀ। ਮੇਰੇ ਬੁੱਢੇ ਮਾਂ ਪਿਉ ਪੁੱਤਰ ਤੇ ਧੀਆਂ ਦੀਆਂ ਲਾਸ਼ਾਂ ਵੇਖ ਕੇ ਬੇਹੋਸ਼ ਹੋ ਗਏ। ਮੈਂ ਸੱਭ ਤੋਂ ਛੋਟਾ ਸੀ ਤੇ ਮੰਜੀ ਥੱਲੇ ਲੁਕ ਕੇ ਸੱਭ ਕੁੱਝ ਵੇਖ ਰਿਹਾ ਸੀ। ਮੈਂ ਇੰਨਾ ਸਹਿਮ ਗਿਆ ਕਿ ਡਰ ਕਰ ਕੇ ਮੇਰੇ ਤੋਂ ਰੋਇਆ ਵੀ ਨਹੀਂ ਸੀ ਜਾ ਰਿਹਾ। ਮੇਰੇ ਪਿਉ ਦੇ ਸਿੰਘ ਮਿਤਰਾਂ ਨੇ ਜਦੋਂ ਜਥੇ ਨੂੰ ਲਲਕਾਰਿਆ ਤਾਂ ਪਿੰਡ ਵਾਲਿਆਂ ਦਾ ਵੀ ਹੌਸਲਾ ਵਧ ਗਿਆ। ਪਰ ਪੂਰੀ ਤਿਆਰੀ ਕਰ ਕੇ ਆਇਆ ਜਥੇ ਨੇ ਕਿਸੇ ਨੂੰ ਇਕ ਨਾ ਗਿਣਨ ਦਿਤੀ। ਲਹਿਣਾ ਸਿੰਘ ਤੇ ਸੱਜਣ ਸਿੰਘ ਵੀ ਸਾਡੇ ਪਰਵਾਰ ਤੋਂ ਕੁਰਬਾਨ ਹੋ ਗਏ। ਪਿੰਡ ਦੇ ਤਿੰਨ ਹੋਰ ਬੰਦੇ ਵੀ ਮਾਰੇ ਗਏ।" ਹੁਣ ਬਾਬਾ ਜੀ ਗੱਲਾਂ ਘੱਟ ਕਰ ਰਹੇ ਸਨ ਤੇ ਹਉਕਿਆਂ ਦੀ ਆਵਾਜ਼ ਜ਼ਿਆਦਾ ਆ ਰਹੀ ਸੀ। ਹੁਣ ਤੇਜ਼ ਬਾਰਸ਼ ਸ਼ੁਰੂ ਹੋ ਗਈ। ਮੈਨੂੰ ਇੰਜ ਲਗ ਰਿਹਾ ਸੀ ਕਿ ਅਸਮਾਨ ਵੀ ਬਾਬਾ ਜੀ ਦੇ ਦੁਖ ਵਿਚ ਹੰਝੂ ਵਹਾਅ ਰਿਹਾ ਸੀ। ਮੀਂਹ ਬਹੁਤ ਤੇਜ਼ ਸੀ ਪਰ ਬਾਬਾ ਜੀ ਨੂੰ ਇਸ ਦਾ ਕੋਈ ਅਹਿਸਾਸਾ ਨਹੀਂ ਸੀ, ਇੰਜ ਲਗ ਰਿਹਾ ਸੀ ਕਿ ਉਹ ਕਿਸੇ ਵਖਰੀ ਹੀ ਦੁਨੀਆਂ ਵਿਚ ਪੁੱਜੇ ਹੋਏ ਸਨ। ਮੈਂ ਆਖਿਆ ' ਬਾਬਾ ਜੀ ਬਾਰਸ਼ ਬਹੁਤ ਤੇਜ਼ ਹੈ ਮੰਜੀਆਂ ਕੋਠੇ ਅੰਦਰ ਕਰ ਲਈਏ।' ਬਾਬਾ ਜੀ ਨੇ ਇਕਦਮ ਚੌਂਕਦਿਆਂ ਹੋਇਆ ਪੁਛਿਆ, "ਕੀ ਪੁੱਤਰ?" "ਬਾਬਾ ਜੀ ਮੰਜੀਆਂ ਅੰਦਰ ਲੈ ਚੱਲੀਏ।" ਬਾਬਾ ਜੀ ਨੇ ਬਹੁਤ ਹੀ ਥੱਕੀ ਹੋਈ ਆਵਾਜ਼ ਵਿਚ ਕਿਹਾ, "ਠੀਕ ਹੈ ਪੁੱਤਰ।" ਬਾਬਾ ਜੀ ਨੇ ਫਿਰ ਹਉਕਿਆਂ ਦੀ ਪੂਣੀ ਕੱਤੀ, "ਸਵੇਰ ਹੋਈ ਤਾਂ ਪਤਾ ਲਗਿਆ ਕਿ ਇਹ ਹੋਣੀ ਤਾਂ ਸਾਰੇ ਇਲਾਕੇ ਵਿਚ ਵਰਤੀ ਹੋਈ ਸੀ। ਸਾਰਾ ਪਿੰਡ ਰੋ ਰਿਹਾ ਸੀ। ਕਿਸੇ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਕੀ ਹੋ ਰਿਹਾ ਹੈ। ਇਹੋ ਜਿਹੇ ਹਾਲਤ ਬਣ ਗਏ ਸਨ ਕਿ ਸੱਜਣ ਮਿਤਰ ਦੀ ਪਛਾਣ ਹੀ ਖ਼ਤਮ ਹੋ ਗਈ ਸੀ। ਮੇਰੇ ਪਿਉ ਦੇ ਸਿੰਘ ਮਿਤਰਾਂ ਰਣਜੀਤ ਸਿੰਘ ਤੇ ਸੋਹਣਾ ਸਿੰਘ ਜਿਹੜੇ ਸਾਡੇ ਪਰਵਾਰ ਨੂੰ ਬਚਾਉਂਦਿਆਂ ਜ਼ਖ਼ਮੀ ਹੋ ਗਏ ਸਨ, ਸਾਨੂੰ ਸਲਾਹ ਦਿਤੀ ਕਿ ਕੋਈ ਹੋਰ ਮਸਲਾ ਬਣਨ ਤੋਂ ਪਹਿਲਾਂ ਸਾਨੂੰ ਕਿਧਰੇ ਪਾਸੇ ਹੋ ਜਾਣਾ ਚਾਹੀਦਾ। ਅਜਿਹੇ ਹਾਲਤਾਂ ਦੇ ਬਾਵਜੂਦ ਵੀ ਮੇਰੇ ਮਾਂ ਪਿਉ ਘਰ ਛੱਡਣ ਲਈ ਤਿਆਰ ਨਹੀਂ ਸਨ।" ਮੇਰੇ ਪਿਉ ਨੇ ਅਪਣੇ ਸਿੰਘ ਮਿਤਰਾਂ ਨੂੰ ਕਿਹਾ, "ਯਾਰ ਮੈਂ ਅਪਣਾ ਉਹ ਘਰ ਕਿਵੇਂ ਛੱਡ ਦੇਵਾਂ ਜਿਹੜਾ ਮੇਰੇ ਪਿਉ ਦੇ ਪਿਉ ਦਾ ਵੀ

ਘਰ ਸੀ। ” ਮੇਰੀ ਮਾਂ ਤਾਂ ਕੰਧਾਂ ਨਾਲ ਚਿੰਬੜ ਗਈ, ਕਹਿਣ ਲੱਗੀ “ਮੈਂ ਅਪਣਾ ਘਰ ਕਿਵੇਂ ਛੱਡ ਦੇਵਾਂ ਜਿਥੇ ਮੈਂ ਅਪਣੀ ਸਾਰੀ ਜ਼ਿੰਦਗੀ ਗੁਜ਼ਾਰ ਦਿਤੀ। ਇਸ ਘਰ ਨੂੰ ਮੈਂ ਅਪਣੇ ਬੱਚਿਆਂ ਵਾਂਗ ਪਿਆਰ ਕਰਦੀ ਹਾਂ। ਇਸ ਪਿੰਡ ਵਿਚ ਮੇਰੇ ਧੀਆਂ, ਪੁੱਤਰਾਂ ਮੇਰੇ ਬਜ਼ੁਰਗਾਂ ਦੀਆਂ ਪੈੜਾਂ ਨੇ, ਮੈਂ ਮਰ ਜਾਂਵਾਂਗੀ ਪਰ ਇਹ ਘਰ ਨਹੀਂ ਛੱਡਾਂਗੀ।” ਮੇਰੀ ਮਾਂ ਦੀਆਂ ਗੱਲਾਂ ਸੁਣ ਕੇ ਇੰਜ ਲਗਦਾ ਸੀ ਜਿਵੇਂ ਪਿੰਡ ਦੀਆਂ ਕੰਧਾਂ ਵੀ ਰੋਣ ਲੱਗ ਪਈਆਂ ਹੋਣ। ਸਾਡੇ ਬਚੇ ਪਰਵਾਰ ਚੋਂ ਕੋਈ ਵੀ ਘਰ ਛੱਡਣ ਲਈ ਤਿਆਰ ਨਹੀਂ ਸੀ। ਮੇਰੀ ਮਾਂ ਦਾ ਅਪਣਾ ਘਰ ਨਾ ਛੱਡਣ ਦਾ ਸੁਪਨਾ ਕੁਦਰਤ ਨੇ ਪੂਰਾ ਕਰ ਦਿਤਾ, ਉਹ ਅਪਣੇ ਬੱਚਿਆਂ ਦੇ ਹਉਕੇ ਵਿਚ ਦੁਨੀਆਂ ਤੋਂ ਚਲ ਵਸੀ। ਮਾਂ ਦੇ ਮਰਨ ਤੋਂ ਬਾਅਦ ਮੇਰਾ ਪਿਉ, ਭਰਾ ਅਕਬਰ ਜਿਹੜਾ ਮੱਝਾਂ ਵਾਲੀ ਹਵੇਲੀ ਵਿਚ ਸੁੱਤਾ ਹੋਣ ਕਾਰਨ ਬਚ ਗਿਆ ਸੀ ਤੇ ਮੈਂ ਬਾਕੀ ਰਹਿ ਗਏ। ਰਣਜੀਤ ਸਿੰਘ ਤੇ ਸੋਹਣ ਸਿੰਘ ਦੇ ਪਰਵਾਰ ਨੇ ਸਾਨੂੰ ਬਹੁਤ ਹੌਸਲਾ ਦਿਤਾ। ਮੈਨੂੰ ਇੰਜ ਲਗ ਰਿਹਾ ਸੀ ਕਿ ਜੇ ਕਿਤੇ ਮਰਨ ਵਾਲੇ ਜ਼ਮੀਨ ਜਾਂ ਪੈਸ ਦੇ ਕੇ ਵਾਪਸ ਆਉਂਦੇ ਤਾਂ ਰਣਜੀਤ ਸਿੰਘ ਤੇ ਸੋਹਨ ਸਿੰਘ ਨੇ ਅਪਣਾ ਸੱਭ ਕੁੱਝ ਵੇਚ ਕੇ ਉਨ੍ਹਾਂ ਨੂੰ ਮੋੜ ਲਿਆਉਣਾ ਸੀ। ਰਣਜੀਤ ਸਿੰਘ ਸਾਨੂੰ ਤਿੰਨਾਂ ਨੂੰ ਅਪਣੇ ਘਰ ਲੈ ਗਿਆ। ਪਰ ਹਾਲਾਤ ਦਿਨ ਬ ਦਿਨ ਖ਼ਰਾਬ ਤੋਂ ਖਰਾਬ ਹੁੰਦੇ ਗਏ। ਸਾਡਾ ਉਨ੍ਹਾਂ ਦੇ ਘਰ ਰਹਿਣਾ ਵੀ ਕਿਸੇ ਕਿਆਮਤ ਤੋਂ ਘੱਟ ਨਹੀਂ ਸੀ ਪਰ ਉਹ ਸਾਡੇ ਲਈ ਹਰ ਤੂਫਾਨ ਦਾ ਸਾਹਮਣਾ ਕਰਨ ਲਈ ਤਿਆਰ ਸਨ। ਹਾਲਾਤ ਨੂੰ ਵੇਖਦਿਆਂ ਰਣਜੀਤ ਸਿੰਘ ਨੇ ਕਿਹਾ, “ਸਹੁੰ ਗੁਰੂ ਦੀ, ਅਸੀਂ ਤੁਹਾਨੂੰ ਇਕ ਪਲ ਵੀ ਦੂਰ ਨਹੀਂ ਵੇਖਣਾ ਚਾਹੁੰਦੇ ਪਰ ਸਾਨੂੰ ਤੁਹਾਡੀ ਜ਼ਿਆਦਾ ਲੋੜ ਹੈ। ਜਦੋਂ ਤਕ ਹਾਲਾਤ ਠੀਕ ਨਹੀਂ ਹੁੰਦੇ ਤੁਸੀਂ ਇਥੋਂ ਚਲੇ ਜਾਉ।” ਅਪਣੇ ਜ਼ਖਮਾਂ ਤੋਂ ਪੱਲਾ ਚੁਕਦਿਆਂ ਬਾਬਾ ਜੀ ਦਾ ਸੰਘ ਬਿਲਕੁਲ ਬੈਠ ਗਿਆ ਸੀ। ਬਾਬਾ ਜੀ ਦੀਆਂ ਗੱਲਾਂ ਸੁਣਦੇ ਹੋਏ ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਇਹ ਸਾਰਾ ਵਾਕਾ ਮੇਰੇ ਹੀ ਸਾਹਮਣੇ ਹੋਇਆ ਹੋਵੇ। “ਆਖ਼ਰ ਜ਼ਮੀਨ, ਘਰ ਤੇ ਡੰਗਰ ਸਿੰਘ ਮਿਤਰਾਂ ਦੇ ਹਵਾਲੇ ਕਰ ਕੇ ਅਸੀਂ ਤਿੰਨੇ ਪਿਉ, ਪੁੱਤਰ ਅਤੇ ਰਣਜੀਤ ਸਿੰਘ ਤੇ ਸੋਹਣ ਸਿੰਘ ਨਾਲ ਉਸ ਮੰਜ਼ਿਲ ਵਲ ਤੁਰ ਪਏ ਜਿਸ ਦੇ ਟਿਕਾਣੇ ਦਾ ਕਿਸੇ ਨੂੰ ਪਤਾ ਨਹੀਂ ਸੀ। ਹਾਲਾਤ ਬਹੁਤ ਖ਼ਰਾਬ ਸਨ ਪਰ ਅਸੀਂ ਭੇਸ ਵਟਾਇਆ ਹੋਇਆ ਸੀ। ਰਸਤੇ ਵਿਚ ਸਾਨੂੰ ਬਰਛਿਆਂ ਵਾਲੇ ਕਈ ਜਥੇ ਮਿਲੇ ਪਰ ਸਿੰਘ ਮਿਤਰਾਂ ਕਾਰਨ ਅਸੀਂ ਬਚੇ ਰਹੇ। ਦੋ ਦਿਨਾਂ ਵਿਚ ਅਸੀਂ ਲੁਕਦੇ ਛੁਪਦੇ ਰੇਲਵੇ ਸਟੇਸ਼ਨ ’ਤੇ ਪਹੁੰਚ ਗਏ। 12 ਵਜੇ ਰੇਲ ਚੱਲੀ ਤੇ ਸੂਰਜ ਡੁੱਬਣ ਤੋਂ ਪਹਿਲਾਂ ਅਸੀਂ ਲਹਿੰਦੇ ਪੰਜਾਬ ਆ ਗਏ। ਬੁੱਢੇ ਪਿਉ ਨੂੰ ਅਸੀਂ ਕਿਵੇਂ ਹੌਸਲਾ ਦੇ ਸਕਦੇ ਸੀ ਜਦਕਿ ਅਸੀਂ ਆਪ ਜਿਊਂਦੀਆਂ ਲਾਸ਼ਾਂ ਵਰਗੇ ਹੋਏ ਪਏ ਸੀ। ਫਿਰ ਇਥੇ ਸਾਨੂੰ ਜ਼ਮੀਨ ਅਲਾਟ ਹੋ ਗਈ। ਕੁੱਝ ਸਮਾਂ ਬੀਤਿਆ ਸੀ ਕਿ ਮੇਰਾ ਪਿਉ ਮਰ ਗਿਆ। ਅਸੀਂ ਪਿਛੇ ਕਈ ਖ਼ਤ ਲਿਖੇ ਪਰ ਕਿਸੇ ਦਾ ਜਵਾਬ ਨਾ ਆਇਆ। ਕਈ ਸੱਜਣ ਮਿਤਰ ਵਿਸਾਖੀ ’ਤੇ ਇੱਧਰ ਆਏ। ਉਨ੍ਹਾਂ ਤੋਂ ਰਣਜੀਤ ਸਿੰਘ ਤੇ ਸੋਹਣ ਸਿੰਘ ਬਾਰੇ ਪੁਛਿਆ ਤਾਂ ਕੁੱਝ ਪਤਾ ਨਾ ਲਗਿਆ। ਦਿਲ ਵਿਚ ਖਿਆਲ ਆਉਂਦੇ ਕਿ ਕੀ ਪਤਾ ਉਹ ਘਰ ਹੀ ਨਾ ਪੁੱਜ ਸਕੇ ਹੋਣ। ਅਪਣੇ ਮੁਸਲਮਾਨ ਭਰਾ ਤੇ ਉਸ ਦੇ ਪੁੱਤਰਾਂ ਨੂੰ ਬਚਾਉਣ ਦੇ ‘ਦੋਸ਼’ ਵਿਚ ਕੀ ਪਤਾ ਕਿਸੇ ਨੇ ਉਨ੍ਹਾਂ ਨੂੰ ਵੀ ...।”





ਬਾਬਾ ਇਹ ਕਹਿ ਕੇ ਬੱਚਿਆਂ ਵਾਂਗ ਰੋਣ ਲੱਗ ਪਿਆ। “ਮੇਰੇ ਭਰਾ ਅਕਬਰ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹ ਅਪਣੇ ਵਿਛੜੇ ਪਿਆਰਿਆਂ ਦੀਆਂ ਠੀਰੀਆਂ ਵੇਖ ਲਵੇ ਪਰ ਉਹ ਵੀ ਇਹੀ ਸੱਲ ਅਪਣੇ ਦਿਲ ਵਿਚ ਲੈ ਕੇ ਹੀ ਦੁਨੀਆਂ ਤੋਂ ਚਲਾ ਗਿਆ। ਉਸ ਦੇ ਮਰਨ ਤੋਂ ਬਾਅਦ ਮੈਂ ਇਸੇ ਸੱਧਰ ਨੂੰ ਅਪਣੇ ਦਿਲ ਵਿਚ ਲੈ ਕੇ ਮਿੱਟੀ ਹੋਣ ਵਾਲਾ ਹਾਂ। ਮੇਰਾ ਜੀਅ ਕਰਦਾ ਕਿ ਮੈਂ ਅਪਣੇ ਪਿੰਡ ਜਾਵਾਂ ਤੇ ਉਨ੍ਹਾਂ ਥਾਵਾਂ ਨੂੰ ਚੁੰਮ ਕੇ ਆਵਾਂ, ਜਿਥੇ ਮੇਰਾ ਬਚਪਨ ਬੀਤਿਆ।” ਬਾਰਸ਼ ਰੁਕ ਗਈ ਸੀ ਤੇ ਮੌਸਮ ਸਾਫ ਹੋ ਗਿਆ ਸੀ। ਪੰਛੀਆਂ ਦੀਆਂ ਅਵਾਜ਼ਾਂ ਤੋਂ ਲਗ ਰਿਹਾ ਸੀ ਕਿ ਸਵੇਰ ਹੋ ਗਈ ਹੈ। ਬਾਹਰ ਨੌਕਰ ਨੇ ਆਵਾਜ਼ ਦਿਤੀ, “ਨੰਬਰਦਾਰ ਸਾਹਿਬ, ਉਠੋ ਸਵੇਰ ਹੋ ਗਈ ਹੈ।” ਬਾਬਾ ਜੀ ਨੇ ਕੋਈ ਜਵਾਬ ਨਾ ਦਿਤਾ। ਨੀਵੀਂ ਪਾ ਕੇ ਬੈਠੇ ਰਹੇ। ਮੈਂ ਬਾਬਾ ਜੀ ਤੋਂ ਇਜਾਜ਼ਤ ਮੰਗੀ, “ਚੰਗਾ ਬਾਬਾ ਜੀ ਮੈਂ ਵੀ ਚਲਦਾਂ।” ਬਾਬਾ ਜੀ ਨੇ ਕੁੱਝ ਬੋਲਣ ਦੀ ਥਾਂ ਸਿਰਫ਼ ਅਪਣਾ ਸਿਰ ਹਿਲਾ ਦਿਤਾ। ਮੇਰੇ ਤੋਂ ਤੁਰਿਆ ਨਹੀਂ ਸੀ ਜਾ ਰਿਹਾ। ਇੰਜ ਲਗ ਰਿਹਾ ਸੀ ਜਿਵੇਂ ਲੱਤਾਂ ਵਿਚ ਜਾਨ ਹੀ ਨਹੀਂ ਹੈ। ਘਰ ਵਲ ਜਾਂਦਿਆਂ ਮੇਰੇ ਦਿਲ ਵਿਚ ਖਿਆਲ ਆਇਆ ਕਿ ਇਹ ਤਾਂ ਇਕ ਚਾਨਣੀ ਰਾਤ ਦਾ ਘੁੱਪ ਹਨੇਰਾ ਸੀ ਪਤਾ ਨਹੀਂ ਇਹੋ ਜਿਹੀਆਂ ਚਾਨਣੀਆ ਰਾਤਾਂ ਵਿਚ ਕਿੰਨੇ ਘੁੱਪ ਹਨੇਰੇ ਨੇ।

# ਮਾਂ-ਬੋਲੀ ਦੇ ਝੰਡੇ ਝੂਲਦੇ ਰਹਿਣ

*-ਮੁਹੰਮਦ ਅਸਗਰ ਭੱਟੀ*

ਇਤਿਹਾਸ ਗਵਾਹ ਹੈ ਕਿ ਜਿਹੜੀਆਂ ਕੌਮਾਂ ਅਪਣੀ ਜ਼ਬਾਨ ਅਤੇ ਸਭਿਆਚਾਰ ਤੋਂ ਮੂੰਹ ਮੋੜ ਲੈਂਦੀਆਂ ਹਨ, ਉਹ ਕੌਮਾਂ ਅਪਣਾ ਵਜੂਦ ਤੇ ਅਪਣੀ ਪਛਾਣ ਖ਼ਤਮ ਕਰ ਲੈਂਦੀਆਂ ਹਨ। ਜਿਸ ਜ਼ਬਾਨ ਅਤੇ ਵਿਰਸੇ ਨੇ ਉਨ੍ਹਾਂ ਨੂੰ ਵਖਰੀ ਪਛਾਣ ਦਿਤੀ ਹੁੰਦੀ ਹੈ, ਕੌਮਾਂ ਉਨ੍ਹਾਂ ਤੋਂ ਮੂੰਹ ਫੇਰ ਕੇ ਜ਼ਲੀਲ ਤੇ ਖ਼ੁਆਰ ਹੁੰਦੀਆਂ ਹਨ । ਇਹੋ ਜਹੀਆਂ ਕੌਮਾਂ, ਮੁਰਦਾ ਕੌਮਾਂ ਅਖਵਾਉਂਦੀਆਂ ਹਨ। ਜਿਨ੍ਹਾਂ ਕੌਮਾਂ ਨੂੰ ਅਪਣੀ ਜ਼ਬਾਨ ਅਤੇ ਸਭਿਆਚਾਰ ਉਤੇ ਮਾਣ ਨਹੀਂ ਹੁੰਦਾ, ਉਨ੍ਹਾਂ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਖ਼ਤਮ ਹੋਣ ਤੋਂ ਨਹੀਂ ਬਚਾ ਸਕਦੀ। ਇਹ ਇਕ ਅਟੱਲ ਸਚਾਈ ਹੈ ਕਿ ਮਾਂ ਬੋਲੀ ਪੰਜਾਬੀ ਏਸ਼ੀਆ ਦੇ ਦਖਣੀ ਖ਼ਿੱਤੇ ਦੀ ਸੱਭ ਤੋਂ ਪੁਰਾਣੀ ਜ਼ਬਾਨ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਪੰਜਾਬੀ, ਸੰਸਕ੍ਰਿਤ ਦਾ ਵਿਗੜਿਆ ਹੋਇਆ ਰੂਪ ਹੈ। ਲੋਕਾਂ ਦੇ ਦਿਲਾਂ ਵਿਚ ਇਹ ਗੱਲ ਬਿਠਾ ਦਿਤੀ ਗਈ ਸੀ ਕਿ ਪੰਜਾਬੀ ਵਿਚ ਫ਼ਲਸਫ਼ੇ ਦੀ ਕੋਈ ਗੱਲ ਨਹੀਂ ਹੋ ਸਕਦੀ।


ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਭਾਰਤੀ ਖ਼ਿੱਤੇ ਦੀ ਤਵਾਰੀਖ਼ ਆਰੀਆ ਕੌਮ ਦੇ ਆਉਣ ਤੋਂ ਸ਼ੁਰੂ ਹੁੰਦੀ ਹੈ। ਆਰੀਆ 1500 ਈਸਾ ਪੂਰਵ ਦੇ ਨੇੜੇ-ਤੇੜੇ ਇਸ ਖ਼ਿੱਤੇ ਵਿਚ ਆਏ। ਉਹ ਅਪਣੀ ਜ਼ਬਾਨ ਵੀ ਅਪਣੇ ਨਾਲ ਲੈ ਕੇ ਆਏ। ਜਦੋਂ ਆਰੀਆਂ ਨੇ ਗੰਗਾ ਅਤੇ ਜਮਨਾ ਦੇ ਕੰਢਿਆਂ ’ਤੇ ਟਿਕਾਣਾ ਕੀਤਾ ਤਾਂ ਉਨ੍ਹਾਂ ਅਪਣੇ ਕੌਮੀ ਵਜੂਦ ਨੂੰ ਕਾਇਮ ਰੱਖਣ ਵਲ ਧਿਆਨ ਦਿਤਾ। ਉਸ ਵੇਲੇ ਆਰੀਅਨਾਂ ਨੇ ਸਮਾਜ ਨੂੰ ਚਾਰ ਹਿੱਸਿਆਂ ਵਿਚ ਵੰਡ ਦਿਤਾ। ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਬਣਾ ਕੇ ਇਨਸਾਨਾਂ ਦੀਆਂ ਜਾਤਾਂ ਬਣਾ ਦਿਤੀਆਂ । ਉਸ ਵੇਲੇ ਉਨ੍ਹਾਂ ਨੇ ਅਪਣੀ ਜ਼ਬਾਨ ਨੂੰ, ਦੂਜੀਆਂ ਜ਼ਬਾਨਾਂ ਦੇ ਰਲਾਅ ਤੋਂ ਪਾਕ ਰੱਖਣ ਲਈ, ਸੰਸਕ੍ਰਿਤ ਦਾ ਨਾਂ ਦਿਤਾ। ਇਸ ਜ਼ਬਾਨ ਲਈ ਬਕਾਇਦਾ ਕਾਇਦੇ ਅਤੇ ਕਾਨੂੰਨ ਬਣਾਏ ਗਏ। ਪਾਨਿਨੀ ਉਸ ਵੇਲੇ ਜ਼ਬਾਨਾਂ ਦਾ ਇਕ ਵੱਡਾ ਆਲਮ ਸੀ। ਉਸ ਨੇ ਸੰਸਕ੍ਰਿਤ ਦੀ ਵਿਆਕਰਣ (ਗਰਾਮਰ) ਬਣਾਈ ਤੇ ਕਿਹਾ ਕਿ ਇਸ ਨੂੰ ਸਿਰਫ਼ ਬ੍ਰਾਹਮਣ ਅਤੇ ਖਤਰੀ ਹੀ ਪੜ੍ਹਨ। ਸ਼ੂਦਰਾਂ ਲਈ ਇਸ ਜ਼ਬਾਨ ਨੂੰ ਪੜ੍ਹਨਾ ਮਨ੍ਹਾਂ ਕਰ ਦਿਤਾ ਗਿਆ। ਇਸ ਤੋਂ ਬਾਅਦ ਵੱਖ-ਵੱਖ ਬੋਲੀਆਂ ਹੋਂਦ ਵਿਚ ਆਈਆਂ। ਅਕਸਰ ਜ਼ਬਾਨਾਂ ਦੇ ਆਲਮ, ਪੰਜਾਬੀ ਨੂੰ ਇਨ੍ਹਾਂ ਬੋਲੀਆਂ ਦੀ ਇਕ ਸ਼ਾਖ਼ ਕਹਿੰਦੇ ਹਨ ਪਰ ਜਦੋਂ ਮੁਹਿੰਜੋਦਾਰੋ ਤੇ ਹੜੱਪਾ ਦੇ ਖੰਡਰ ਮਿਲੇ ਤਾਂ ਇਸ ਖ਼ਿੱਤੇ ਦੀ ਤਵਾਰੀਖ਼ ਦਾ ਸਾਰਾ ਅੰਦਾਜ਼ਾ ਹੀ ਬਦਲ ਗਿਆ। ਪਤਾ ਲੱਗਾ ਕਿ ਇਸ ਖ਼ਿੱਤੇ ਦੀ ਤਵਾਰੀਖ਼ ਘੱਟ ਤੋਂ ਘਟ 5000 ਵਰ੍ਹੇ ਪੁਰਾਣੀ ਹੈ





ਅਤੇ ਇਥੋਂ ਦੇ ਅਸਲ ਬਾਸ਼ਿੰਦੇ ਦ੍ਰਾਵਿੜ ਸਨ ਜਿਹੜੇ 7000 ਵਰ੍ਹੇ ਪਹਿਲਾਂ ਬਹਿਰਾਏ-ਰੂਮ ਤੋਂ ਉਠ ਕੇ ਸਪਤ ਸਿੰਧੂ ਦੇ ਇਲਾਕੇ ਵਿਚ ਆਏ। ਦ੍ਰਾਵਿੜ ਕੌਮ ਨੇ ਸਭਿਆਚਾਰ ਪੱਖੋਂ ਵੱਡੀ ਤਰੱਕੀ ਕੀਤੀ। ਉਹ ਬਰਤਨ-ਸਾਜ਼ੀ, ਬੁੱਤ ਤਰਾਸ਼ੀ, ਵਾਹੀ ਜੋਤ ਆਦਿ ਵਿਚ ਸਿਰ ਕਢਵੇਂ ਸਨ। ਦ੍ਰਾਵਿੜ ਸ਼ਹਿਰੀ ਜ਼ਿੰਦਗੀ ਦੇ ਅਸੂਲਾਂ ਤੋਂ ਵੀ ਜਾਣੂ ਸਨ ਤੇ ਉਹ ਗਹਿਣੇ ਬਨਾਉਣਾ ਵੀ ਜਾਣਦੇ ਸਨ। ਦ੍ਰਾਵਿੜਾਂ ਨੇ ਅਪਣੀ ਲਿਪੀ ਵੀ ਬਣਾ ਲਈ ਸੀ। ਹੜੱਪਾ ਤੇ ਮਹਿੰਜੋਦਾਰੋ ਤੋਂ 5000 ਮੋਹਰਾਂ ਲਭੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦਰਾਵੜ ਭਾਸ਼ਾ ਖੱਬੇ ਪਾਸੇ ਤੋਂ ਸ਼ੁਰੂ ਹੁੰਦੀ ਹੈ ਤੇ ਪੰਜਾਬੀ ਜ਼ੁਬਾਨ ਦ੍ਰਾਵੜੀ ਜ਼ਬਾਨਾਂ ਦੀ ਇਕ ਸ਼ਾਖ਼ ਹੈ, ਜਿਸ ਤਰ੍ਹਾਂ ਬਲੋਚੀ, ਸਰਾਇਕੀ, ਅਸਾਮੀ ਤੇ ਤਾਮਿਲ ਜ਼ਬਾਨਾਂ। ਆਰੀਆ 1500 ਈਸਾ ਪੂਰਵ ਨੇੜੇ, ਏਸ਼ੀਆ ਦੇ ਹੇਠਲੇ ਹਿੱਸੇ ਵਿਚ ਖ਼ਾਨਾ-ਬਦੋਸ਼ਾਂ ਦੀ ਜ਼ਿੰਦਗੀ ਬਤੀਤ ਕਰਦੇ ਸਨ। ਉਹ ਉਥੋਂ ਹਿਜਰਤ ਕਰ ਕੇ ਵੱਖ-ਵੱਖ ਇਲਾਕਿਆਂ ਵਿਚ ਗਏ। ਉਨ੍ਹਾਂ ’ਚੋਂ ਇਕ ਵੱਡਾ ਟੋਲਾ ਹਿੰਦੂਕੁਸ਼ ਦੇ ਪਹਾੜਾਂ ਨੂੰ ਲੰਘ ਕੇ ਸਪਤ ਸਿੰਧੂ ਦੇ ਇਲਾਕੇ ਵਿਚ ਆਇਆ। ਉਨ੍ਹਾਂ ਨੇ ਦ੍ਰਾਵਿੜ ਕੌਮ ਦੇ ਸ਼ਹਿਰਾਂ ਉਤੇ ਕਬਜ਼ਾ ਕਰ ਲਿਆ। ਇਸ ਦੌਰਾਨ ਹੋਈ ਲੜਾਈ ਵਿਚ ਬਹੁਤ ਸਾਰੇ ਦ੍ਰਾਵਿੜ ਮਾਰੇ ਗਏ ਤੇ ਜਿਹੜੇ ਬਚੇ, ਉਨ੍ਹਾਂ ਨੂੰ ਆਰੀਆ ਨੇ ਗ਼ੁਲਾਮ ਬਣਾ ਲਿਆ। ਆਰੀਅਨਾਂ ਨੇ ਦ੍ਰਾਵਿੜ ਔਰਤਾਂ ਨਾਲ ਵਿਆਹ ਕੀਤੇ ਤੇ ਉਨ੍ਹਾਂ ਦੀ ਜ਼ਬਾਨ ਤੇ ਸਭਿਆਚਾਰ ਨੂੰ ਅਪਣਾਇਆ ਜਿਸ ਦਾ ਸਬੂਤ ਰਿਗਵੇਦ ਤੋਂ ਮਿਲਦਾ ਹੈ। ਇਹ ਗ੍ਰੰਥ ਉਦੋਂ ਲਿਖਿਆ ਗਿਆ ਜਦੋਂ ਆਰੀਆ ਨਸਲ ਰਾਵੀ ਅਤੇ ਸਿੰਧ ਦੇ ਕੰਢਿਆਂ ’ਤੇ ਆਬਾਦ ਸੀ। ਇਸ ਗ੍ਰੰਥ ਵਿਚ ਪੰਜਾਬੀ ਦੇ ਬਹੁਤ ਸਾਰੇ ਮੁਹਾਵਰੇ ਮੌਜੂਦ ਹਨ ਜਿਹੜੇ ਅੱਜ ਵੀ ਵਰਤੇ ਜਾਂਦੇ ਹਨ। ਇਸ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਮਾਂ-ਬੋਲੀ ਪੰਜਾਬੀ ਆਰੀਆਂ ਦੇ ਆਉਣ ਤੋਂ ਵੀ ਪਹਿਲਾਂ ਤੋਂ ਹੀ ਮੌਜੂਦ ਸੀ।

ਮਾਂ-ਬੋਲੀ ਦੇ ਇਸ ਤਵਾਰੀਖ਼ੀ ਪਿਛੋਕੜ ਨੂੰ ਵੇਖ ਕੇ ਪੰਜਾਬੀ ਨੂੰ ਅਪਣੀ ਮਾਂ ਬੋਲੀ ਕਹਿਣ ਵਿਚ ਮਾਣ ਮਹਿਸੂਸ ਹੁੰਦਾ ਹੈ। ਇਹ ਗੱਲ ਵੀ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਪਿਛੋਕੜ ਵਿਚ ਮਾਂ-ਬੋਲੀ ਹਰ ਥਾਂ ਸਿਰ ਕੱਢਵੀਂ ਨਜ਼ਰ ਆਉਂਦੀ ਹੈ। ਪੰਜਾਬੀ ਕਿਸੇ ਧਰਮ,



ਪੰਜਾਬ ਦਾ ਪੁਰਾਣਾ ਸ਼ਹਿਰ ਤਕਸ਼ਿਲਾ

ਕੌਮ ਜਾਂ ਕਬੀਲੇ ਦੀ ਬੋਲੀ ਨਹੀਂ , ਇਹ ਤਾਂ ਸਾਡੇ ਗੁਰੂਆਂ, ਪੀਰਾਂ ਤੇ ਆਰਿਫ਼ ਲੋਕਾਂ ਦੀ ਸਾਂਝੀ ਬੋਲੀ ਹੈ। ਇਹ ਹਰ ਉਸ ਬੰਦੇ ਦੀ ਜ਼ਬਾਨ ਹੈ ਜਿਸ ਦਾ ਇਸ ਨਾਲ ਕਿਸੇ ਵੀ ਤਰ੍ਹਾਂ ਦਾ ਰਿਸ਼ਤਾ ਹੈ। ਅੱਜ ਦੇ ਇਸ ਪੜ੍ਹੇ-ਲਿਖੇ ਦੌਰ ਵਿਚ ਬਹੁਤ ਸਾਰੇ ਲੋਕ ਮਾਂ-ਬੋਲੀ ਪੰਜਾਬੀ ਨੂੰ ਸਿੱਖ ਧਰਮ ਦੀ ਮਜ਼ਹਬੀ ਜ਼ਬਾਨ ਸਮਝਦੇ ਹਨ। ਪਰ ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਬਾਬਾ ਨਾਨਕ ਦੇ ਜਨਮ ਤੋਂ ਵੀ 250 ਸਾਲ ਪਹਿਲਾਂ ਬਾਬਾ ਫ਼ਰੀਦ ਸ਼ਕਰਗੰਜ ਦੀ ਮਾਂ-ਬੋਲੀ ਵੀ ਪੰਜਾਬੀ ਸੀ। ਬਾਬਾ ਫ਼ਰੀਦ ਅਰਬੀ ਅਤੇ ਫ਼ਾਰਸੀ ਵਿਚ ਵੀ ਲਿਖਦੇ ਸਨ ਪਰ ਉਨ੍ਹਾਂ ਨੇ ਜ਼ਿਆਦਾ ਕਲਾਮ ਅਪਣੀ ਮਾਂ-ਬੋਲੀ ਵਿਚ ਹੀ ਲਿਖਿਆ। ਇਸ ਕਾਰਨ ਬਾਬਾ ਫ਼ਰੀਦ ਨੂੰ ਪੰਜਾਬੀ ਸ਼ਾਇਰੀ ਦਾ ਪਿਉ ਵੀ ਆਖਿਆ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੇ, ਹੋਰ ਜ਼ਬਾਨਾਂ ਦਾ ਗਿਆਨ ਹੋਣ ਦੇ ਬਾਵਜੂਦ 22 ਸਤੰਬਰ, 1539 ਤਕ ਪੂਰੀ ਜ਼ਿੰਦਗੀ ਸਿੱਖ ਧਰਮ ਦਾ ਪ੍ਰਚਾਰ ਮਾਂ-ਬੋਲੀ ਪੰਜਾਬੀ ਵਿਚ ਹੀ ਕੀਤਾ ਅਤੇ ਬਾਅਦ ਵਿਚ ਹੋਰ ਗੁਰੂ ਸਾਹਿਬਾਨ ਨੇ ਵੀ ਪੰਜਾਬੀ ਨੂੰ ਹੀ ਧਰਮ ਪ੍ਰਚਾਰ ਦਾ ਜ਼ਰੀਆ ਬਣਾਇਆ। ਸਿੱਖ ਗੁਰੂਆਂ ਦੇ ਨਾਲ-ਨਾਲ ਮੁਸਲਮਾਨ ਸੂਫ਼ੀ ਬਜ਼ੁਰਗਾਂ ਨੇ ਵੀ ਇਸਲਾਮ ਦਾ ਪ੍ਰਚਾਰ ਮਾਂ-ਬੋਲੀ ਪੰਜਾਬੀ ਰਾਹੀਂ ਹੀ ਕੀਤਾ। ਸ਼ਾਹ ਹੁਸੈਨ, ਜਿਹੜੇ 1538 ਵਿਚ ਪੈਦਾ ਹੋਏ, ਨੇ ਵੀ ਪੂਰੀ ਜ਼ਿੰਦਗੀ ਇਸਲਾਮ ਦਾ ਪ੍ਰਚਾਰ ਮਾਂ-ਬੋਲੀ ਪੰਜਾਬੀ ਰਾਹੀਂ ਕਰਨ ਨੂੰ ਹੀ ਤਰਜੀਹ ਦਿਤੀ। ਇਨ੍ਹਾਂ ਤੋਂ ਬਾਅਦ ਹਾਜੀ ਨੌਸ਼ਾ ਗੰਜ ਬਖ਼ਸ਼, ਹਜ਼ਰਤ ਸੁਲਤਾਨ ਬਾਹੂ, ਹਜ਼ਰਤ ਬੁਲ੍ਹੇ ਸ਼ਾਹ, ਹਜ਼ਰਤ ਵਾਰਸ ਸ਼ਾਹ, ਅਲੀ ਹੈਦਰ ਮੁਲਤਾਨੀ, ਹਜ਼ਰਤ ਸੱਚਲ ਸਰਮਸਤ, ਪੀਰ ਮੁਹੰਮਦ, ਮੌਲਵੀ ਅਲੀ ਬਹਾਵਲਪੁਰੀ, ਹਾਸ਼ਮ ਸ਼ਾਹ ਤੇ ਮੀਆਂ ਮੀਰ ਵਰਗੇ ਸੂਫ਼ੀ ਬਜ਼ੁਰਗਾਂ ਨੇ ਵੀ ਇਸਲਾਮ ਦਾ ਪ੍ਰਚਾਰ ਮਾਂ ਬੋਲੀ ਪੰਜਾਬੀ ਰਾਹੀਂ ਹੀ ਕੀਤਾ। ਸਿੱਖ ਗੁਰੂ ਤੇ ਮੁਸਲਮਾਨ ਸੂਫ਼ੀ ਬਜ਼ੁਰਗ ਵੀ ਅਪਣੇ-ਅਪਣੇ ਧਰਮ ਦਾ ਪ੍ਰਚਾਰ ਮਾਂ-ਬੋਲੀ ਪੰਜਾਬੀ ਰਾਹੀਂ ਕਰਦੇ ਰਹੇ ਤੇ ਇਸ ਦੇ ਨਾਲ-ਨਾਲ ਦੂਜੇ ਧਰਮਾਂ ਨੇ ਵੀ ਸਮੇਂ ਦੀ ਲੋੜ ਮੁਤਾਬਕ ਅਪਣੇ ਧਰਮ ਦਾ ਪ੍ਰਚਾਰ ਪੰਜਾਬੀ ਰਾਹੀਂ ਕੀਤਾ। ਮੁਸਲਮਾਨ ਸੂਫ਼ੀ ਬਜ਼ੁਰਗਾਂ ਤੇ ਦੂਜੇ ਧਰਮਾਂ ਦੇ ਆਲਮਾਂ ਨੇ ਦੂਜੀਆਂ ਜ਼ਬਾਨਾਂ ਜਾਣਦੇ ਹੋਏ ਵੀ ਮਾਂ-ਬੋਲੀ ਪੰਜਾਬੀ ਨੂੰ ਚੁਣ ਕੇ ਇਹ ਸਾਬਤ ਕਰ ਦਿਤਾ ਕਿ ਪੰਜਾਬੀ ਦੁਨੀਆਂ ਦੀ ਸੱਭ ਤੋਂ ਮਿੱਠੀ ਤੇ ਮਨ ਨੂੰ ਮੋਹ ਲੈਣ ਵਾਲੀ ਜ਼ਬਾਨ ਹੈ। ਇਨ੍ਹਾਂ ਸੂਫ਼ੀ, ਆਰਫ਼ਾਂ, ਪੀਰਾਂ ਤੇ ਆਲਮਾਂ ਕਰ ਕੇ ਹੀ ਪੰਜਾਬੀ ਅੱਜ ਦੂਜੀਆਂ ਜ਼ਬਾਨਾਂ ਵਿਚ ਤਾਰਿਆਂ ਵਿਚ ਚੰਨ ਵਾਂਗ ਚਮਕਦੀ ਨਜ਼ਰ ਆਉਂਦੀ ਹੈ। ਮਾਂ-ਬੋਲੀ ਪੰਜਾਬੀ ਨੇ ਜਿਸ ਤਰ੍ਹਾਂ ਅਪਣੇ ਪ੍ਰਵਾਰ ਨੂੰ ਇਕੱਠਾ ਰਖਿਆ ਹੋਇਐ, ਇਸ ਦੀ ਮਿਸਾਲ ਬਹੁਤ ਘੱਟ ਮਿਲਦੀ ਹੈ।

ਤਵਾਰੀਖ਼ ਗਵਾਹ ਹੈ ਕਿ ਮਾਂ-ਬੋਲੀ ਦੀ ਸਾਂਝ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ। ਤਵਾਰੀਖ਼ ਵਾਰ ਵਾਰ ਇਸ ਗੱਲ ਦੀ ਗਵਾਹੀ ਦੇਂਦੀ ਹੈ ਕਿ ਸਿੱਖ ਗੁਰੂਆਂ, ਮੁਸਲਮਾਨ ਸੂਫ਼ੀ ਬਜ਼ੁਰਗਾਂ ਤੇ ਦੂਜੇ ਧਰਮਾਂ ਦੇ ਆਲਮਾਂ ਨੇ ਬਿਨਾਂ ਕਿਸੇ ਨਿਖੇੜੇ ਦੇ ਮਾਂ-ਬੋਲੀ ਪੰਜਾਬੀ ਨੂੰ ਚੁਣਿਆ ਤੇ ਮਾਂ-ਬੋਲੀ ਨੂੰ ਸਾਂਝੀ ਵਿਰਾਸਤ ਸਮਝਦਿਆਂ ਹਰ ਯੁੱਗ ਵਿਚ ਇਸ ਦੀ ਕਦਰ ਕੀਤੀ। ਮਾਂ ਬੋਲੀ ਪੰਜਾਬੀ ਦੇ, ਪੂਰੀ ਦੁਨੀਆਂ ਵਿਚ ਵਸੇ ਹੋਏ ਪ੍ਰਵਾਰ ਬਾਰੇ





2005 ਵਿਚ ਇਕ ਰੀਪੋਰਟ ਤਿਆਰ ਕੀਤੀ ਗਈ। ਇਸ ਰੀਪੋਰਟ ਮੁਤਾਬਕ ਮਾਂ-ਬੋਲੀ ਪੰਜਾਬੀ ਦਾ ਪ੍ਰਵਾਰ 88000000 ਤੋਂ ਵੱਧ ਹੈ ਤੇ ਮਾਂ-ਬੋਲੀ ਪੰਜਾਬੀ ਦੁਨੀਆਂ ਦੇ ਕੋਨੇ-ਕੋਨੇ ਵਿਚ ਬੋਲੀ ਜਾਂਦੀ ਹੈ ਤੇ ਇਸ ਸਮੇਂ ਪਾਕਿਸਤਾਨ ਵਿਚ ਸੱਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਬੋਲੀ ਹੈ। ਪੰਜਾਬੀ ਏਸ਼ੀਆ ਵਿਚ ਬੋਲੀ ਜਾਣ ਵਾਲੀ ਤੀਜੀ ਵੱਡੀ ਜ਼ਬਾਨ ਹੈ। ਪੂਰੀ ਦੁਨੀਆਂ ਦੀਆਂ ਬੋਲੀਆਂ ਜਾਣ ਵਾਲੀਆਂ ਜ਼ਬਾਨਾਂ ਦੇ ਮੁਕਾਬਲੇ ਵਿਚ ਮਾਂ-ਬੋਲੀ ਪੰਜਾਬੀ ਦਾ 11ਵਾਂ ਸਥਾਨ ਹੈ। ਮਾਂ-ਬੋਲੀ ਪੰਜਾਬੀ ਦਾ ਸ਼ਾਨਦਾਰ ਪਿਛੋਕੜ ਤੇ ਉਹ ਗੁਰੂ, ਵਲੀ, ਪੀਰ ਤੇ ਆਰਫ਼ ਲੋਕਾਂ ਵਲ ਵੇਖ ਕੇ, ਜਿਨ੍ਹਾਂ ਨੇ ਕਿਸੇ ਵੀ ਲਾਲਚ ਤੋਂ ਬਿਨਾਂ ਮਾਂ-ਬੋਲੀ ਦੀ ਤਰੱਕੀ ਲਈ ਕੰਮ ਕੀਤਾ, ਜਿਹੜੇ ਮਾਂ-ਬੋਲੀ ਪੰਜਾਬੀ ਨੂੰ ਦੁਨੀਆਂ ਦੀ ਸੱਭ ਤੋਂ ਵੱਡੀ ਜ਼ਬਾਨ ਵਜੋਂ ਵੇਖਣਾ ਚਾਹੰਦੇ ਸਨ, ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਪਰ ਅੱਜ ਮਾਂ ਬੋਲੀ ਪੰਜਾਬੀ ਅਤੇ ਇਸ ਦੇ ਪ੍ਰਵਾਰ ਦੀ ਹਾਲਤ ਕੀ ਹੈ, ਉਹ ਅਖ਼ਬਾਰਾਂ, ਰਸਾਲਿਆਂ ਤੇ ਟੀ.ਵੀ. ਰਾਹੀਂ ਪੂਰੀ ਦੁਨੀਆਂ ਵੇਖ ਰਹੀ ਹੈ। ਰੋਜ਼ਾਨਾ ਕੋਈ ਨਾ ਕੋਈ ਖ਼ਬਰ ਸੁਣਨ ਨੂੰ ਮਿਲਦੀ ਹੈ ਕਿ ਅੱਜ ਸਕੂਲ ਵਿਚ ਬੱਚੇ ਨੂੰ ਪੰਜਾਬੀ ਬੋਲਣ ਕਾਰਨ ਸਜ਼ਾ ਦਿਤੀ ਗਈ ਤੇ ਸਕੂਲ ਦੇ ਮਾਲਕਾਂ ਨੇ ਉਸਤਾਦ ਨੂੰ ਇਸ ਕਰ ਕੇ ਨੌਕਰੀ ਤੋਂ ਕੱਢ ਦਿਤਾ ਕਿ ਉਸ ਨੇ ਜਮਾਤ ਨੂੰ ਪੰਜਾਬੀ ਵਿਚ ਪੜ੍ਹਾਇਆ ਸੀ। ਸਾਡੀ ਨਵੀਂ ਪਨੀਰੀ ਦੇ ਦਿਲਾਂ ਵਿਚ ਪੰਜਾਬੀ ਬਾਰੇ ਕੀ ਖ਼ਿਆਲ ਪੈਦਾ ਹੋ ਰਹੇ ਹਨ, ਇਹ ਤਾਂ ਰੱਬ ਹੀ ਜਾਣਦਾ ਹੈ ਪਰ ਅੱਜ ਅਸੀ ਸਕੂਲਾਂ, ਕਾਲਜਾਂ ਤੇ ਯੂਨੀਵਰਸਟੀਆਂ ਤੋਂ ਲੈ ਕੇ ਦਫ਼ਤਰਾਂ, ਫ਼ੈਕਟਰੀਆਂ ਵਿਚ ਪੰਜਾਬੀ ਬੋਲਦੇ ਹੋਏ, ਅਪਣੇ ਆਪ ਨੂੰ ਦੂਜੇ ਲੋਕਾਂ ਨਾਲੋਂ ਘਟੀਆ ਮਹਿਸੂਸ ਕਰਦੇ ਹਾਂ ਤੇ ਜੇ ਕਦੇ, ਨਾ ਚਾਹੁੰਦਿਆਂ ਹੋਇਆਂ, ਪੰਜਾਬੀ ਦਾ ਕੋਈ ਲਫ਼ਜ਼ ਮੂੰਹ 'ਚੋਂ ਨਿਕਲ ਵੀ ਜਾਵੇ ਤਾਂ ਅਸੀ ਦੋ-ਤਿੰਨ ਦੂਜੀਆਂ ਜ਼ਬਾਨਾਂ ਵਿਚ ਉਸ ਦਾ ਅਰਥ ਦੱਸ ਕੇ ਅਪਣਾ ਘਟੀਆਪਨ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਜਿਹਾ ਕਰ ਕੇ ਇਕ ਤਰ੍ਹਾਂ ਨਾਲ ਅਸੀ ਅਪਣੀ ਮਾਂ-ਬੋਲੀ ਨੂੰ, ਹੋਰ ਜ਼ਬਾਨਾਂ ਦਾ ਮਿੱਠਾ ਮੋਹਰਾ ਦੇ ਕੇ, ਮਾਰਨਾ ਚਾਹੁੰਦੇ ਹਾਂ। ਇੰਜ ਲਗਦਾ ਹੈ ਕਿ ਮਾਂ-ਬੋਲੀ ਦੇ ਇਸ ਪ੍ਰਵਾਰ ਦੇ ਦਿਲ ਵਿਚ ਹੀਣ ਭਾਵਨਾ ਪੈਦਾ ਹੋ ਗਈ ਹੈ ਜੋ ਇਸ ਪ੍ਰਵਾਰ ਨੂੰ ਅੰਦਰੋਂ ਅੰਦਰੀਂ ਸਿਉਂਕ ਵਾਂਗ ਖਾਈ ਜਾ ਰਹੀ ਹੈ। ਮਾਂ-ਬੋਲੀ ਤੋਂ ਦੂਰ ਹੁੰਦਾ ਹੋਇਆ ਇਹ ਪ੍ਰਵਾਰ ਅਪਣਾ ਇਲਾਜ ਵਿਦੇਸ਼ੀ ਜ਼ਬਾਨਾਂ ਨੂੰ ਜ਼ਿਆਦਾ ਅਹਿਮੀਅਤ ਦੇ ਕੇ ਕਰ ਰਿਹਾ ਹੈ ਤੇ ਇੰਜ ਲਗਦਾ ਹੈ ਕਿ ਪੰਜਾਬੀ ਪ੍ਰਵਾਰ ਅਪਣੇ ਹੱਥੀਂ ਅਪਣੀ ਮਾਂ ਬੋਲੀ ਦਾ ਕਤਲ ਕਰ ਰਿਹਾ ਹੋਵੇ।

ਇਸ ਗੱਲ ਵਿਚ ਕੋਈ ਬੁਰਾਈ ਨਹੀਂ ਕਿ ਦੂਜੀਆਂ ਜ਼ਬਾਨਾਂ ਵੀ ਸਿਖਣੀਆਂ ਚਾਹੀਦੀਆਂ ਹਨ ਤਾਕਿ ਅਸੀ ਉਨ੍ਹਾਂ ਰਾਹੀਂ ਵੀ ਮਾਂ-ਬੋਲੀ ਦਾ ਪ੍ਰਚਾਰ ਕਰ ਸਕੀਏ। ਪਰ ਅੱਜ ਮਾਂ-ਬੋਲੀ ਦੀ ਹਾਲਤ ਵੇਖ ਕੇ ਰੋਣਾ ਆਉਂਦਾ ਹੈ ਪਰ ਰੋਣਾ ਕਿਸੇ ਵੀ ਮਸਲੇ ਦਾ ਹੱਲ ਨਹੀਂ। ਹੱਲ ਤਾਂ ਇਹ ਹੈ ਕਿ ਅਸੀ ਵੀ ਗੁਰੂਆਂ, ਫ਼ਕੀਰਾਂ ਤੇ ਆਰਫ਼ ਲੋਕਾਂ ਵਾਂਗ ਸੱਚੇ ਦਿਲ ਨਾਲ ਅਪਣੀ ਮਾਂ ਬੋਲੀ ਦੀ ਤਰੱਕੀ ਲਈ ਕੰਮ ਕਰੀਏ ਤਾਕਿ ਇਸ ਦਾ ਝੰਡਾ ਕੁਲ ਆਲਮ ਵਿਚ ਹਮੇਸ਼ਾ ਬੁਲੰਦ ਰਹੇ।

ਮੋਬਾ. 0092-3008000858

# ਸ਼ਹਿਜ਼ਾਦੀ

*-ਮੁਹੰਮਦ ਅਸਲਮ*

ਮੇਰੇ ਜਨਮ ਤੋਂ ਠੀਕ 30 ਸਾਲ ਪਹਿਲਾਂ ਕੋਈ ਵੱਡਾ ਭਾਣਾ ਵਾਪਰਣ ਦੇ ਨਕਸ਼ ਪੂਰੀ ਤਰ੍ਹਾਂ ਵਿਖਾਈ ਦੇ ਰਹੇ ਸਨ ਅਤੇ ਉਸ ਸਾਕੇ ਦੀਆਂ ਚੀਕਾਂ ਮੈਂ ਆਪ ਵੀ ਦੂਜਿਆਂ ਦੀ ਜ਼ੁਬਾਨੀ ਮਹਿਸੂਸ ਕੀਤੀਆਂ। ਮੈਂ ਹਾਲੇ ਛੋਟਾ ਜਿਹਾ ਹੀ ਸੀ ਕਿ ਬਜ਼ੁਰਬ ਬੀਬੀਆਂ ਦੇ ਮੂੰਹੋਂ ਜੁਦਾਈ ਨਾਲ ਭਰੇ ਕਿੱਸੇ ਅਤੇ ਦਰਦ ਭਰੇ ਲਫ਼ਜ਼ ਸੁਣ ਕੇ ਵੀ ਇਹ ਸਮਝ ਉਦੋਂ ਨਹੀਂ ਸੀ ਆਈ ਕਿ ਹਿੰਦੋਸਤਾਨ ਅਤੇ ਪਾਕਿਸਤਾਨ ਕਿਉਂ ਬਣਾ ਦਿਤੇ ਗਏ ਅਤੇ ਨਿਹੱਥੇ ਅਤੇ ਬੇਗੁਨਾਹ ਲੋਕਾਂ ਨੂੰ ਕਿਉਂ ਮਾਰਿਆ ਗਿਆ? ਇਕ ਦੂਜੇ ਨਾਲ ਮੁਹੱਬਤ ਦਾ ਦਮ ਭਰਨ ਵਾਲਿਆਂ ਨੇ ਹੀ ਕਿਉਂ ਨਫ਼ਰਤ ਦਾ ਤੁਫ਼ਾਨ ਲਿਆ ਦਿਤਾ ਜਿਸ ਵਿਚ ਸਾਰੇ ਰਿਸ਼ਤੇ ਨਾਤੇ ਗ਼ਰਕ ਹੋ ਗਏ। ਨਾਨਕੇ ਪਿੰਡ ਰਹਿੰਦਿਆਂ ਮੈਂ ਸਿੱਖਾਂ ਅਤੇ ਮੁਸਲਮਾਨਾਂ ਨੂੰ ਸਕੇ ਭਰਾਵਾਂ ਵਾਂਗ ਰਹਿੰਦੇ ਵੇਖਿਆ ਹੈ। ਮੇਰੇ ਮਾਮਾ ਅਬਦੁਲ ਮਜੀਦ ਨੂੰ ਜਦੋਂ ਕਈ ਵਾਰ ਦੌਰਾ ਪੈ ਜਾਂਦਾ ਸੀ ਤਾਂ ਸਾਡਾ ਪਰਵਾਰ ਖੂਹਾਂ ’ਤੇ ਹਾਲੇ ਬਾਅਦ ਵਿਚ ਹੀ ਪਹੁੰਚਦਾ ਸੀ ਕਿ ਸਰਦਾਰਾਂ ਦੇ ਪੁੱਤਰ ਪਹਿਲਾਂ ਹੀ ਉਨ੍ਹਾਂ ਨੂੰ ਚੁਕ ਕੇ ਹਸਪਤਾਲ ਪਹੁੰਚਾ ਦਿੰਦੇ ਸਨ। ਉਨ੍ਹਾਂ ਵਿਚ ਕਦੇ ਵੀ ਮੈਨੂੰ ਸਿੱਖਾਂ ਜਾਂ ਮੁਸਲਮਾਨਾਂ ਵਿਚ ਫ਼ਰਕ ਪਾਊ ਭਾਵਨਾ ਵਿਖਾਈ ਨਾ ਦਿਤੀ। ਇਨਸਾਨੀਅਤ ਹੀ ਉਨ੍ਹਾਂ ਦਾ ਧਰਮ ਜਾਪਦਾ ਸੀ। ਮੇਰੀ ਨਾਨੀ ਸ਼ਹਿਜ਼ਾਦੀ ਨੇ 47 ਦਾ ਸੰਤਾਪ ਹੰਢਾਇਆ ਸੀ। ਉਹ ਤਾਂ ਬੱਸ ਜਦੋਂ ਤਕ ਜ਼ਿੰਦਾ ਰਹੀ, ਅੱਖਾਂ ਵਿਚੋਂ ਪਾਣੀ ਹੀ ਨਾ ਮੁਕਣ ਦਿਤਾ। ਰੋ-ਰੋ ਕੇ ਉਹ ਇਕ ਅੱਖ ਤੋਂ ਮੁਨਾਖੀ ਹੋ ਗਈ। ਉਸ ਦੇ ਪੇਟ ਵਿਚ ਗੱਠਾਂ ਜਿਹੀਆਂ ਬਣੀਆਂ ਹੋਈਆਂ ਸਨ। ਉਹ ਦਸਦੀ ਹੁੰਦੀ ਸੀ ਕਿ ਇਹ ਗੱਠਾਂ ਪਰਵਾਰ ਦੇ ਵਿਛੜ ਜਾਣ ਪਿੱਛੋਂ ਰੋਂਦਿਆਂ ਸਮੇਂ ਅਪਣੇ-ਆਪ ਬਣ ਗਈਆਂ ਸਨ। ਉਸ ਦੇ ਮਾਤਾ-ਪਿਤਾ, ਦੋ ਭਰਾ ਅਤੇ 4 ਭੈਣਾਂ ਵੰਡ ਵੇਲੇ ਉਜੜ ਕੇ ਪਾਕਿਸਤਾਨ ਚਲੇ ਗਏ। ਸਾਰਿਆਂ ਵਿਚੋਂ ਉਹ ਅਤੇ ਉਸ ਦੀ ਇਕ ਹੋਰ ਭੈਣ ਬੀਬੀ ਗੁਲੇ ਹੀ ਭਾਰਤ ਵਿਚ ਬਾਕੀ ਰਹੀਆਂ। ਪਾਕਿਸਤਾਨ ਪਹੁੰਚ ਕੇ ਉਸ ਦੀ ਛੋਟੀ ਭੈਣ ਦਾ ਪਾਣੀ ਬਦਲ ਹੋ ਗਿਆ ਅਤੇ ਉਹ ਰੱਬ ਨੂੰ ਪਿਆਰੀ ਹੋ ਗਈ। ਉਸ ਤੋਂ ਬਾਅਦ ਜਦੋਂ ਵੀ ਪਾਕਿਸਤਾਨ ਤੋਂ ਕਿਸੇ ਦੇ ਮਰਨ ਦੀ ਖ਼ਬਰ ਆਉਂਦੀ, ਮੇਰੀ ਨਾਨੀ ਦਾ ਕਾਲਜਾ ਫਟਦਾ ਜਾਂਦਾ। ਉਸ ਨੂੰ ਇੰਜ ਲਗਦਾ ਜਿਵੇਂ ਕੋਈ ਉਸ ਦੀ ਸੰਘੀ ਘੁੱਟ ਰਿਹਾ ਹੋਵੇ। ਮੈਂ ਹਾਲੇ 8ਵੀਂ ਜਮਾਤ ਵਿਚ ਹੀ ਸੀ ਕਿ ਉਸ ਦੇ ਸਰੀਰ ਦਾ ਇਕ ਪਾਸਾ ਖੜ ਗਿਆ। ਪੁਰਾਣੀਆਂ ਸੱਟਾਂ ਦੀ ਸ਼ਿਕਾਰ ਸ਼ਹਿਜ਼ਾਦੀ ਮੰਜੇ ਉਤੇ ਪਈ ਹੀ 47 ਦੇ ਸਾਕੇ ਨੂੰ ਕੋਸਦੀ ਰਹੀ ਅਤੇ ਵਿਛੜ ਗਏ ਅਪਣੇ ਪਰਵਾਰਕ ਜੀਆਂ ਨੂੰ ਯਾਦ ਕਰਦੀ ਰਹੀ। ਪਾਕਿਸਤਾਨੋਂ ਆਇਆ ਹਰ ਇਕ ਬੰਦਾ ਉਸ ਨੂੰ ਅਪਣੇ ਭੈਣ-ਭਰਾਵਾਂ ਦਾ





ਗੁਆਂਢੀ ਹੀ ਦਿਸਦਾ ਹੁੰਦਾ ਸੀ। ਉਸ ਲਈ ਪਾਕਿਸਤਾਨ ਦਾ ਅਰਥ ਉਹ ਥਾਂ ਸੀ ਜਿਥੇ ਉਸ ਦੇ ਪਰਵਾਰ ਨੂੰ ਭਾਰਤ ਵਿਚੋਂ ਅੱਡ ਕਰ ਕੇ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਧਰ ਨਹੀਂ ਆਉਣ ਦਿਤਾ ਜਾਂਦਾ।

ਕਈ ਵਾਰ ਤਾਂ ਉਹ ਹੁਣ ਵੀ ਡਰ ਜਾਂਦੀ ਕਿ ਮੁਸਲਮਾਨਾਂ ਉਤੇ ਕੋਈ ਹਮਲਾ ਨਾ ਹੋ ਜਾਵੇ। ਸਾਨੂੰ ਉਹ ਹਸਰਤ ਭਰੀਆਂ ਅੱਖਾਂ ਨਾਲ ਵੇਖਦੀ ਰਹਿੰਦੀ ਅਤੇ ਕੁੱਝ ਬੋਲਣ ਦੀ ਕੋਸ਼ਿਸ਼ ਕਰਦੀ। ਸ਼ਾਇਦ ਅਸੀਂ ਉਸ ਨੂੰ ਅਜੇ ਵੀ ਖਤਰੇ ’ਚ ਮਹਿਸੂਸ ਹੁੰਦੇ ਸੀ। ਮੈਂ 14 ਸਾਲਾਂ ਦਾ ਹੋ ਚੁਕਾ ਸੀ। ਉਸ ਦੀਆਂ ਭਾਵਨਾਵਾਂ ਨੂੰ ਸਮਝਣ ਵੀ ਲੱਗ ਗਿਆ ਸੀ ਪਰ ਉਸ ਲਈ ਕੁੱਝ ਕਰਨਾ ਮੇਰੇ ਹੱਥ ਵਸ ਨਹੀਂ ਸੀ। ਉਸ ਨੂੰ ਜਦ ਵੀ ਮਿਲਣ ਜਾਣਾ, ਉਹ ਦੋਬਾਰਾ ਫਿਰ ਛੇਤੀ ਮਿਲਣ ਦਾ ਵਾਸਤਾ ਪਾਉਂਦੀ, ਸ਼ਾਇਦ ਉਹ ਸਮਝਦੀ ਸੀ ਕਿ ਕਿਤੇ ਫਿਰ ਨਾ ਮੁਸਲਮਾਨਾਂ ਉਤੇ ਕੋਈ ਮੁਸੀਬਤ ਪੈ ਜਾਵੇ ਅਤੇ ਉਸ ਦੀ ਬਚੀ-ਖੁਚੀ ਪਨੀਰੀ ਵੀ ਪੁੱਟ ਦਿਤੀ ਜਾਵੇ। ਉਹ ਆਖ਼ਰੀ ਸਾਹਾਂ ਤਕ ਡਰਾਉਣੀ ਹਾਲਤ ਵਿਚ ਹੀ ਸੀ। ਉਸ ਨੇ ਕਦੇ ਸੁਖ ਦਾ ਸਾਹ ਨਾ ਭਰਿਆ। ਬੱਸ ਅਪਣਿਆਂ ਤੋਂ ਵਿਛੜਨ ਦੇ ਗ਼ਮ ਨੂੰ ਹੀ ਦਸਦੀ ਰਹਿੰਦੀ ਤੇ ਬੇਵਸ ਜਿਹੀ ਹੋ ਕੇ ਦੁਹੱਥੜੇ ਮਾਰਦੀ-ਮਾਰਦੀ ਅੱਲਾ ਕੋਲ ਚਲੀ ਗਈ। ਮੈਂ 10ਵੀਂ ਵਿਚ ਸੀ ਜਿਸ ਵੇਲੇ ਉਸ ਨੂੰ ਦਫ਼ਨਾਇਆ ਜਾ ਰਿਹਾ ਸੀ, ਉਸ ਦਿਨ ਮੇਰਾ ਪਰਚਾ ਸੀ। ਮੈਂ ਜਨਾਜ਼ੇ ਦੀ ਨਮਾਜ਼ ਵੀ ਅਦਾ ਨਾ ਕਰ ਸਕਿਆ। ਜਦੋਂ ਪਰਚਾ ਦੇ ਕੇ ਪਿੰਡ ਪੁੱਜਾ ਤਾਂ ਸੱਭ ਕੁੱਝ ਖ਼ਤਮ ਹੋ ਚੁਕਾ ਸੀ। ਸ਼ਹਿਜ਼ਾਦੀ ਨਾਮ ਦੀ ਮਾਈ ਖ਼ਾਕ ਵਿਚ ਮਿਲ ਚੁਕੀ ਸੀ ਤੇ ਲੋਕ ਫ਼ਾਤਿਹਾ ਪੜ੍ਹ ਕੇ ਕਬਰਾਂ ਵਿਚੋਂ ਕਦੋਂ ਦੇ ਵਾਪਸ ਆ ਚੁਕੇ ਸਨ। ਉਹ ਮਰ ਤਾਂ ਗਈ ਪਰ 47 ਦੇ ਵਾਕੇ ਤੋਂ ਬਾਅਦ ਇਹ ਬਿਲਕੁਲ ਨਾ ਸਮਝ ਸਕੀ ਕਿ ਹਿੰਦੋਸਤਾਨ-ਪਾਕਿਸਤਾਨ ਕਿਉਂ ਬਣਾਏ ਗਏ। ਅਜਿਹਾ ਕਰਨ ਦੀ ਕੀ ਲੋੜ ਸੀ। ਜੇ ਪਾਕਿਸਤਾਨ ਮੁਸਲਮਾਨਾਂ ਦੇ ਹਿੱਸੇ ਆਇਆ ਤਾਂ ਹਾਲੇ ਵੀ ਭਾਰਤ ਵਿਚ ਉਨ੍ਹਾਂ ਤੋਂ ਵੱਧ ਮੁਸਲਮਾਨ ਕਿਉਂ ਰਹਿ ਰਹੇ ਹਨ? ਕੀ ਲੱਖਾਂ ਜਾਨਾਂ, ਇੱਜ਼ਤਾਂ ਦੀ ਨਿਲਾਮੀ ਅਤੇ ਬੇਹਿਸਾਬੇ ਉਜਾੜੇ ਦੀ ਕੀਮਤ ’ਤੇ ਵੰਡ ਜ਼ਰੂਰੀ ਸੀ। ਉਹ ਕਿਹੜਾ ਜ਼ਾਲਮ ਹੁਕਮਰਾਨ ਸੀ ਜਿਸ ਨੇ ਅਜਿਹਾ ਕਰਨ ਦੀ ਮਨਜ਼ੂਰੀ ਦਿਤੀ? ਇਨ੍ਹਾਂ ਸਵਾਲਾਂ ਦਾ ਉਸ ਨੂੰ ਕਈ ਵਾਰ ਕਈ ਜਣਿਆਂ ਨੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਤਸੱਲੀ ਨਾ ਹੋਈ। ਉਸ ਦੇ ਸਾਰੇ ਪ੍ਰਸ਼ਨ ਉਸੇ ਤਰ੍ਹਾਂ ਖੜੇ ਰਹੇ। ਇਨ੍ਹਾਂ ਪ੍ਰਸ਼ਨਾਂ ਨੂੰ ਨਾਲ ਲੈ ਕੇ ਹੀ ਉਹ ਦੁਨੀਆਂ ਤੋਂ ਵਿਦਾ ਹੋਈ। ਉਹ ਕਹਿੰਦੀ ਹੁੰਦੀ ਸੀ ਕਿ ਹਰ ਪਿੰਡ ਵਿਚ ਮੁਸਲਮਾਨ, ਸਿੱਖ ਅਤੇ ਹਿੰਦੂ ਸਾਰੇ ਹੋਣੇ ਚਾਹੀਦੇ ਹਨ। ਹਰ ਪਿੰਡ ਵਿਚ ਮੌਲਵੀ, ਗ੍ਰੰਥੀ ਅਤੇ ਪੰਡਤ ਹੋਣ। ਜੇ ਇਕ ਹੀ ਪਿੰਡ ਵਿਚੋਂ ‘ਅੱਲਾ ਹੂ ਅੱਕਬਰ’, ਗੁਰਬਾਣੀ ਜਾਂ ਮੰਦਰ ਦੀਆਂ ਘੰਟੀਆਂ ਸੁਣਾਈ ਦਿੰਦਿਆਂ ਹਨ ਤਾਂ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਸਾਰੇ ਮਿਲਜੁਲ ਕੇ ਰਹਿ ਲੈਣ। ਹਰ ਪਿੰਡ ਵਿਚ ਉਸ ਨੂੰ ਬਾਕੀਆਂ ਤੋਂ ਇਲਾਵਾ ਸਿਰਾਂ ਉਤੇ ਟੋਪੀਆਂ ਸਜਾਈ ਮੁਸਲਮਾਨ ਵੀ ਵਿਖਾਈ ਦੇਣ, ਇਹੀ ਉਸ ਦਾ ਸੁਪਨਾ ਸੀ। ਅਸਲ ਵਿਚ ਉਹ ਵੰਡ ਵੇਲੇ 22 ਕੁ ਸਾਲ ਦੀ ਸੀ ਅਤੇ ਮੇਰਾ ਮਾਮਾ ਅਬਦੁਲ ਮਜੀਦ ਉਸ ਦੇ ਗੋਦੀ ਸੀ। ਉਸ ਨੇ ਹਰ ਪਾਸੇ ਅਜਿਹਾ ਨਜ਼ਾਰਾ ਹੀ ਵੇਖਿਆ ਸੀ। ਉਸ ਨੇ ‘ਅੱਲਾ ਹੂ’, ਗੁਰਬਾਣੀ ਅਤੇ ਮੰਦਰ ਦੀਆਂ ਘੰਟੀਆਂ ਨੂੰ ਅਕਸਰ ਇਕੱਠਾ ਹੀ ਮਹਿਸੂਸ

ਕੀਤਾ ਸੀ। ਉਸ ਦੇ ਜਿਉਂਦੇ-ਜਿਉਂਦੇ ਤਾਂ ਇਹ ਹਾਲਾਤ ਮੁੜ ਨਾ ਬਣ ਸਕੇ। ਪਰ ਹੁਣ ਹਾਲਾਤ ਬਦਲ ਰਹੇ ਹਨ। ਪੰਜਾਬ ਦੇ ਹਰ ਪਿੰਡ ਅਤੇ ਮੋੜ ਤੋਂ 'ਅੱਲਾ ਹੂ' ਦੀ ਆਵਾਜ਼ ਆਉਣ ਲੱਗੀ ਹੈ। ਬਹੁਤੇ ਪਿੰਡਾਂ ਵਿਚ ਟੋਪੀਆਂ ਵਾਲੇ ਮੁਸਲਮਾਨ ਘੁੰਮਦੇ ਵਿਖਾਈ ਦੇਣ ਲੱਗੇ ਹਨ। ਮਸਜਿਦਾਂ ਆਬਾਦ ਹੋ ਰਹੀਆਂ ਹਨ। ਗ਼ੈਰ-ਮੁਸਲਮਾਨ, ਮੁਸਲਮਾਨਾਂ ਨੂੰ ਮੁੜ ਵਸਾਉਣ ਅਤੇ ਰਾਖੀ ਦੇਣ ਵਿਚ ਮਾਣ ਮਹਿਸੂਸ ਕਰਨ ਲਗੇ ਹਨ। ਰੋਪੜ, ਲੁਧਿਆਣਾ ਅਤੇ ਗੁਰਦਾਸਪੁਰ ਵਿਖੇ ਸਿੱਖਾਂ ਵਲੋਂ ਪੁਰਾਣੀਆਂ ਮਸਜਿਦਾਂ ਦੀ ਮੁੜ-ਉਸਾਰੀ ਕਰ ਕੇ



*ਧੂਰੀ ਨੇੜੇ ਪਿੰਡ ਰਤੀਆ 'ਚ ਮੁਸਲਮਾਨਾਂ ਨੂੰ ਨਮਾਜ਼ ਪੜ੍ਹਦੇ ਦੇਖਦਾ ਹੋਇਆ ਇਕ ਸਿੱਖ*

ਉਨ੍ਹਾਂ ਨੂੰ ਮੁਸਲਮਾਨਾਂ ਹਵਾਲੇ ਕਰਨਾ ਅਪਣੇ-ਆਪ ਵਿਚ ਭਾਈਚਾਰੇ ਦੀ ਇਕ ਵਿਲੱਖਣ ਅਤੇ ਕੌਮਾਂਤਰੀ ਉਦਾਹਰਣ ਹੈ। ਮੇਰੀ ਨਾਨੀ ਦਾ ਸੁਪਨਾ 7 ਜੁਲਾਈ, 2010 ਨੂੰ ਉਸ ਵੇਲੇ ਸੱਚ ਹੁੰਦਾ ਵਿਖਾਈ ਦਿਤਾ ਜਦੋਂ ਐਸ.ਏ.ਐਸ. ਨਗਰ ਦੇ ਪਿੰਡ ਹਸਨਪੁਰ ਦੇ ਪਹਿਲੇ ਮੋੜ ਉਤੇ ਮੈਨੂੰ ਮੌਲਵੀ ਅਤੇ ਗ੍ਰੰਥੀ ਸਵੇਰੇ-ਸਵੇਰੇ ਇਕੱਠੇ ਬੈਠੇ ਵਿਖਾਈ ਦਿਤੇ। ਉਨ੍ਹਾਂ ਨੂੰ ਵੇਖ ਕੇ 47 ਤੋਂ ਪਹਿਲਾਂ ਦੋ ਮੁਲਕਾਂ ਦੀ ਮੰਗ ਕਰਨ ਵਾਲਿਆਂ ਨੂੰ ਲਾਹਨਤ ਭੇਜਣ ਨੂੰ ਦਿਲ ਕੀਤਾ। ਛਾਤੀ ਵਿਚ ਉਹ ਠੰਢ ਪੈ ਗਈ ਜਿਸ ਨੂੰ ਤਰਸਦੀ ਮੇਰੀ ਨਾਨੀ ਅਕਾਲ ਚਲਾਣਾ ਕਰ ਗਈ ਸੀ। ਉਸ ਨੂੰ ਇਹ ਸੱਭ ਕੁੱਝ ਦਸਣ ਲਈ ਮੈਂ ਅਗਲੇ ਹੀ ਛੁੱਟੀ ਵਾਲੇ ਦਿਨ ਤੁਰਤ ਮਲੇਰਕੋਟਲਾ ਨੇੜੇ ਸਥਿਤ ਪਿੰਡ ਬਿੰਜੋਕੀ ਖ਼ੁਰਦ ਵਿਖੇ ਚਲਿਆ ਗਿਆ। ਉਸ ਦੀ ਵਿਰਾਨ ਹੋ ਚੁਕੀ ਕਬਰ ਉਤੇ 'ਫ਼ਾਤਿਹਾ' ਪੜ੍ਹੀ ਅਤੇ ਉਸ ਨੂੰ ਦਸਿਆ ਕਿ ਤੇਰਾ ਸੁਪਨਾ ਸੱਚ ਹੋ





ਗਿਆ ਹੈ। ਭਾਰਤੀ ਪੰਜਾਬ ਵਿਚ ਸੱਭ ਧਰਮਾਂ ਦੇ ਲੋਕ ਮੁੜ ਪਾਕਿਸਤਾਨ ਤੋਂ ਪਹਿਲਾਂ ਵਾਲੀ ਹਾਲਤ ਵਿਚ ਪਹੁੰਚਦੇ ਜਾ ਰਹੇ ਹਨ। ਫ਼ਰਕ ਸਿਰਫ਼ ਏਨਾ ਹੈ ਕਿ ਪਹਿਲਾਂ ਪੰਜਾਬ ਵਿਚ ਸਿੱਖ ਅਤੇ ਹਿੰਦੂ, ਉਰਦੂ ਜਾਂ ਫ਼ਾਰਸੀ ਦੇ ਗੁਰੂ ਹੋਇਆ ਕਰਦੇ ਸਨ, ਹੁਣ ਮੁਸਲਮਾਨ ਪੰਜਾਬੀ ਤੇ ਹਿੰਦੀ ਪੜ੍ਹਾ ਰਹੇ ਹਨ। ਮੁਹੰਮਦ ਅਕਬਰ, ਪ੍ਰੋ. ਤਨਵੀਰ ਅਹਿਮਦ ਖ਼ਾਨ ਅਤੇ ਅਬਦੂਰ ਰਸ਼ੀਦ ਵਰਗੇ ਦਰਜਨਾਂ ਉਸਤਾਦ ਪੰਜਾਬ ਵਿਚ ਪੰਜਾਬੀ ਅਤੇ ਹਿੰਦੀ ਦੀ ਚੜ੍ਹਦੀਕਲਾ ਲਈ ਕੰਮ ਕਰ ਰਹੇ ਹਨ ਪਰ ਪਾਕਿਸਤਾਨੀ ਸਾਂਝੀਵਾਲਤਾ ਦਾ ਇਹ ਨਜ਼ਾਰਾ ਕਦੋਂ ਵੇਖਣਗੇ? ਇਸ ਬਾਰੇ ਹਾਲੇ ਕੁੱਝ ਨਹੀਂ ਕਿਹਾ ਜਾ ਸਕਦਾ। ਪੰਜਾਬ ਦੇ ਕਰੀਬ ਹਰ ਪਿੰਡ ਵਿਚ ਮੁਸਲਮਾਨਾਂ ਅਤੇ ਹਿੰਦੂਆਂ ਦੇ ਦੋ-ਦੋ, ਚਾਰ-ਚਾਰ ਘਰ ਜ਼ਰੂਰ ਬਣ ਗਏ ਹਨ ਪਰ ਪਾਕਿਸਤਾਨ ਦੇ ਪਿੰਡਾਂ ਵਿਚ ਘੱਟ ਗਿਣਤੀਆਂ (ਸਿੱਖ-ਹਿੰਦੂ) ਦਾ ਕੋਈ ਘਰ ਨਹੀਂ ਮਿਲਦਾ। ਬਸ ਕੁੱਝ ਖ਼ਾਸ ਸ਼ਹਿਰ ਹੀ ਹਨ ਜਿਥੇ ਹਿੰਦੂਆਂ ਜਾਂ ਸਿੱਖਾਂ ਦੀ ਰਿਹਾਇਸ਼ ਹੈ। ਭਾਰਤੀ ਪੰਜਾਬ ਵਿਚ ਮੁਸਲਮਾਨ ਆਗੂਆਂ ਨੂੰ ਨਾ ਸਿਰਫ਼ ਇਲਾਕਾਈ ਸਿਆਸੀ ਪਾਰਟੀਆਂ ਨੇ ਅਹਿਮੀਅਤ ਦਿਤੀ ਹੈ ਸਗੋਂ ਕੌਮਪ੍ਰਸਤ ਅਤੇ ਮੁਸਲਮਾਨਾਂ ਦੀ ਆਵਾਜ਼ ਬਣ ਚੁਕੀ ਆਗੂ ਬੇਗ਼ਮ ਰਜ਼ੀਆ ਸੁਲਤਾਨਾ ਦੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਨੇੜਤਾ ਨੇ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਦਾ ਝੰਡਾ ਬੁਲੰਦ ਕਰ ਦਿਤਾ ਹੈ ਅਤੇ ਮੁਸਲਮਾਨਾਂ ਨੂੰ ਇੱਜ਼ਤ ਦੀ ਨਜ਼ਰ ਨਾਲ ਵੇਖਿਆ ਜਾਣ ਲੱਗਾ ਹੈ। ਜਿਹੜੇ ਇਲਾਕੇ ਵਿਚੋਂ ਸੱਭ ਤੋਂ ਵੱਧ ਮੁਸਲਮਾਨਾਂ ਨੂੰ ਉਜਾੜਿਆ ਗਿਆ, ਉਥੇ ਹੀ ਹੁਣ ਮੁਸਲਮਾਨਾਂ ਨੂੰ ਇੱਜ਼ਤ ਦਿਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਵਸਾਇਆ ਜਾ ਰਿਹਾ ਹੈ। ਜਿਸ ਇਲਾਕੇ ਵਿਚੋਂ ਇਹ ਫ਼ਸਲ ਸੱਭ ਤੋਂ ਵੱਧ ਤੇਜ਼ ਹਥਿਆਰਾਂ ਨਾਲ ਕੱਟੀ ਗਈ, ਉਥੇ ਮੁੜ ਉਨੀ ਹੀ ਤੇਜ਼ੀ ਨਾਲ ਹਰੀ ਹੋਣ ਲਗੀ ਹੈ।

ਪਾਕਿਸਤਾਨ ਵਿਚ ਸਿਆਸੀ ਪਾਰਟੀਆਂ ਨੇ ਘੱਟ ਗਿਣਤੀਆਂ ਵਿਚੋਂ ਕਿਸੇ ਇਕ ਨੂੰ ਵੀ ਉਹ ਦਰਜਾ ਨਹੀਂ ਦਿਤਾ ਜਿਸ ਦੇ ਉਹ ਹੱਕਦਾਰ ਹਨ। ਉਥੇ ਸਿੱਖਾਂ ਨੂੰ ਅਪਣੀਆਂ ਧਾਰਮਕ ਥਾਵਾਂ ਬਚਾਉਣ ਲਈ ਹਕੂਮਤ ਦੇ ਤਰਲੇ ਕਰਨੇ ਪੈ ਰਹੇ ਹਨ। ਉਥੇ ਕੋਈ ਪਿੰਡ ਅਜਿਹਾ ਨਹੀਂ ਜਿਥੇ 'ਹੱਲਾ ਹੂ' ਦੇ ਨਾਲ-ਨਾਲ ਗ੍ਰੰਥੀ ਦੇ ਮੂੰਹ ਵਿਚੋਂ ਉਚਾਰੀ ਗਈ ਗੁਰੂਆਂ ਦੀ ਬਾਣੀ ਜਾਂ ਮੰਦਰ ਦੀਆਂ ਘੰਟੀਆਂ ਇਕੋ ਸਮੇਂ ਸੁਣਾਈ ਦਿੰਦੇ ਹੋਣ। ਵਖਰੇ ਦੇਸ਼ ਦੀ ਸਿਰਜਣਾ ਕਰਨ ਵਾਲੇ ਖ਼ੁਦ ਤਾਂ ਮਿੱਟੀ ਹੇਠਾਂ ਜਾ ਪਏ ਪਰ ਅਣ ਗਿਣਤ ਲੋਕਾਂ ਨੂੰ ਅਜਿਹੇ ਜ਼ਖ਼ਮ ਦੇ ਗਏ ਕਿ ਮਿੱਟੀ ਉਤੇ ਰਹਿੰਦਿਆਂ ਵੀ ਉਨ੍ਹਾਂ ਦੀ ਹਾਲਤ ਮਿੱਟੀ ਹੇਠਾਂ ਦਬੇ ਬੰਦਿਆਂ ਵਰਗੀ ਹੀ ਹੈ।

# ਮਿਸਬਾ ! ਕਦੋਂ ਆਣ ਡਹੇ ਜੇ ?

*-ਮਨਜੀਤ ਸਿੰਘ ਰਾਜਪੁਰਾ*



ਕੰਡਿਆਲੀ ਤਾਰ ਤੋਂ ਪਾਰ ਰਹਿੰਦਾ ਅਸਗਰ ਭੱਟੀ ਦੁਨਿਆਵੀ ਤੌਰ ’ਤੇ ਭਾਵੇਂ ਮੇਰਾ ਕੁੱਝ ਨਹੀਂ ਲਗਦਾ ਪਰ ਉਸ ਨਾਲ ਗੱਲ ਕਰ ਕੇ ਲਗਦਾ ਜਿਵੇਂ ‘ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ ਮੇਰਾ ਸਜਦਾ ਯਾਰ ਪਿਆਰੇ ਨੂੰ’ ਵਰਗੀ ਗੱਲ ਹੋ ਗਈ ਹੋਵੇ।

ਸਪੋਕਸਮੈਨ ਵਿਚ ਉਸ ਦੇ ਲਿਖੇ ਲੇਖਾਂ ਨੂੰ ਪਾਠਕਾਂ ਨੇ ਇੰਨਾ ਪਿਆਰ ਦਿਤਾ ਹੈ ਕਿ ਉਹ ਏਧਰ ਆਉਣ ਲਈ ਕਾਹਲਾ ਪਿਆ ਹੋਇਆ। ਮੈਨੂੰ ਅਕਸਰ ਕਹਿੰਦੈ, “ਬਾਈ, ਹੁਣ ਸਦੀਵੀ ਮੇਲ ਹੋਣਗੇ ਸਾਡੇ ਵਿਚਕਾਰ ਕੋਈ ਕੰਧ ਨਹੀਂ ਹੋਵੇਗੀ, ਜਿਹੜੀ ਸਾਨੂੰ ਰੋਕ ਸਕੇਗੀ।” ਉਹ ਮੈਨੂੰ ਬਾਈ ਕਹਿ ਕੇ ਬੁਲਾਉਂਦਾ ਤੇ ਦਿਲਚਸਪ ਗੱਲ ਇਹ ਹੈ ਕਿ ਉਸ ਦੀ ਘਰ ਵਾਲੀ ਮਿਸਬਾ ਵੀ ਮੈਨੂੰ ਬਾਈ ਹੀ ਕਹਿ ਕੇ ਬੁਲਾਉਂਦੀ ਹੈ। ਅਸਗਰ ਭੱਟੀ ਦਾ ਪਿਛਲਾ ਪਿੰਡ ਬਠਿੰਡੇ ਨੇੜੇ ਹੈ, ਜਿਸ ਕਰ ਕੇ ਉਹ ਤਾਂ ਮਲਵਈ ਹੀ ਬੋਲਦਾ ਪਰ ਮਿਸਬਾ ਬੁਰੇਵਾਲ (ਮੁਲਤਾਨ) ਦੀ ਰਹਿਣ ਵਾਲੀ ਹੋਣ ਕਰ ਕੇ, ਜਦੋਂ ਉਥੋਂ ਦੀ ਬੋਲੀ ਬੋਲਦੀ ਹੈ ਤਾਂ ਫੋਨ ’ਤੇ ਵੀ ਰੰਗ ਬੱਝ ਜਾਂਦਾ।

ਮੈਂ ਉਸ ਨੂੰ ਇਕ ਦਿਨ ਕਿਹਾ, “ਮਿਸਬਾ ਕਦੋਂ ਆ ਰਹੇ ਹੋ ਤੁਸੀਂ ?”





“ਬਾਈ ਜੀ, ਹੁਣ ਤੁਸੀਂ ਚਿੰਤਾ ਨਾ ਕਰੋ। ਅਸੀਂ ਆਣ ਡਹੇ ਆਂ। ਜੇ ਮੇਰਾ ਵਸ ਚੱਲੇ ਤਾਂ ਮੈਂ ਉਡ ਕੇ ਆ ਜਾਵਾਂ। ਚੜ੍ਹਦੇ ਪੰਜਾਬ ਦਾ ਨਾਂ ਸੁਣ ਕੇ ਰੂਹ ਨੂੰ ਰੱਜ ਆਉਂਦੇ। ਉਥੇ ਮੇਰਾ ਬਾਈ ਰਹਿੰਦਾ ਜੇ ਨਾ ਇਸ ਕਰ ਕੇ।” ਉਹ ਭਾਵੁਕ ਹੋ ਕੇ ਕਹਿੰਦੀ ਹੈ। ਜਿਸ ਦਿਨ ਅਸਗਰ ਭੱਟੀ ਦਾ ਵਿਆਹ ਹੋਇਆ। ਉਸ ਦਿਨ ਉਸ ਬਾਰੇ ਮੇਰਾ ਲੇਖ ਛਪਿਆ ਸੀ। ਸਪੋਕਸਮੈਨ ਦੇ ਬਹੁਤ ਸਾਰੇ ਪਾਠਕਾਂ ਨੇ ਫੋਨ ਕਰ ਕੇ ਉਸ ਨੂੰ ਵਧਾਈਆਂ ਦਿਤੀਆਂ। ਅਸਗਰ ਕਹਿਣ ਲਗਿਆ, “ਬਾਈ ਇੰਨੇ ਫੋਨ ਆਏ ਕਿ ਗਿਣਤੀ ਕਰਨੀ ਮੁਸ਼ਕਲ ਹੋ ਗਈ। ਲੋਕ ਮੈਨੂੰ ਇੰਜ ਵਧਾਈਆਂ ਦੇ ਰਹੇ ਸਨ ਜਿਵੇਂ ਮੈਂ ਉਨ੍ਹਾਂ ਦਾ ਅਪਣਾ ਹੀ ਹੋਵੇ। ਉਸ ਦਿਨ ਤਾਂ ਇੰਜ ਲਗ ਰਿਹਾ ਸੀ ਕਿ ਕਿਹੜੀ ਸਰਹੱਦ ’ਤੇ ਕਿਹੜਾ ਸਰਹੱਦ ਦਾ ਪਹਿਰੇਦਾਰ।” ਉਸ ਦਿਨ ਪਾਠਕਾਂ ਨੇ ਮਿਸਬਾ ਨੂੰ ਵੀ ਵਧਾਈਆਂ ਦਿਤੀਆਂ। ਉਹ ਮੈਨੂੰ ਦੱਸਣ ਲੱਗੀ, “ਬਾਈ ਜੀ, ਕਮਾਲ ਹੋ ਗਿਆ ਜੇ, ਸਾਨੂੰ ਤੇ ਕੁਲ ਆਲਮ ਦੇ ਪੰਜਾਬੀਆਂ ਨੇ ਵਧਾਈਆਂ ਦਿਤੀਆਂ ਜੇ, ਅੱਜ ਤਕ ਸ਼ਾਇਦ ਹੀ ਕਿਸੇ ਕੁੜੀ ਨੂੰ ਏਦਾਂ ਵਿਆਹ ਦੀਆਂ ਵਧਾਈਆਂ ਮਿਲੀਆਂ ਹੋਣਗੀਆਂ।” ਮਿਸਬਾ ਵਰਗੀਆਂ ਪਤਾ ਨਹੀਂ ਕਿੰਨੀਆਂ ਕੁੜੀਆਂ ਕੰਡਿਆਲੀ ਤਾਰ ਦੇ ਆਰ ਪਾਰ ਜਾਣਾ ਚਾਹੁੰਦੀਆਂ ਹਨ ਪਰ ਸਮੇਂ ਦੇ ਹਾਕਮਾਂ ਨੂੰ ਇਹ ਰਾਸ ਨਹੀਂ ਆਉਂਦਾ ਕਿ ਰੂਹਾਂ ਦੇ ਮੇਲ ਹੋ ਜਾਣ। ਅਜਿਹੀਆਂ ਕੁੜੀਆਂ ਨੇ ਕਿਸੇ ਦਾ ਕੀ ਵਿਗਾੜਿਆ ਹੋ ਸਕਦਾ ਕਿ ਉਨ੍ਹਾਂ ਨੂੰ ਅਪਣੇ ਸੁਪਨਿਆਂ ਵਿਚ ਰੰਗ ਭਰਨ ਤੋਂ ਰੋਕਿਆ ਜਾਂਦਾ। ਇਕ ਦਿਨ ਮਿਸਬਾ ਕਹਿਣ ਲੱਗੀ, “ਬਾਈ ਜੀ, ਸਾਡੇ ਵਿਚਕਾਰ ਲੀਕ ਕਿਉਂ ਖਿੱਚੀ ਗਈ ਹੈ। ਭੈਣਾਂ ਭਰਾਵਾਂ ਵਿਚਕਾਰ ਲੀਕ ਦਾ ਕੀ ਕੰਮ ?” ਮਿਸਬਾ ਨੂੰ ਮੈਂ ਕੀ ਜਵਾਬ ਦਿੰਦਾ ਕਿ ਇਸ ਲੀਕ ਕਰ ਕੇ ਹੀ ਤਾਂ ਕਈਆਂ ਦੀ ਕੁਰਸੀ ਸਲਾਮਤ ਹੈ। ਕਈਆਂ ਦੇ ਕੋਠੇ ’ਤੇ ਇਸ ਲੀਕ ਕਰ ਕੇ ਹੀ ਸੋਨੇ ਦੇ ਮੁਰਗੇ ਬਾਂਗਾਂ ਦਿੰਦੇ ਨੇ। ਕਦੇ ਕਦੇ ਉਹ ਕਹੇਗੀ, “ਬਾਈ ਜੀ, ਅਸਗਰ ਨਾ ਆਇਆ ਤਾਂ ਮੈਂ ਇਕੱਲੀ ਨੇ ਹੀ ਆ ਜਾਣਾ ਜੇ, ਨਾਲੇ ਉਥੇ ਮੈਨੂੰ ਕੀ ਉਪਰਾ ਜਿਥੇ ਮੇਰਾ ਭਰਾ ਬੈਠਾ ਜੇ। ਮੇਰਾ ਭਾਬੀ ਨੂੰ ਵੇਖਣ ਨੂੰ ਬਹੁਤ ਹੀ ਦਿਲ ਕਰਦੈ।” ਕਈਆਂ ਦੀ ਰੂਹ ਵਿਚ ਇੰਨਾ ਪਿਆਰ ਹੁੰਦਾ ਕਿ ਕੁਲ ਆਲਮ ਨੂੰ ਵੰਡਣ ਤੋਂ ਬਾਅਦ ਵੀ ਉਨ੍ਹਾਂ ਦਾ ਪੱਲਾ ਭਰਿਆ ਲਗਦੈ। ਜਦੋਂ ਅਸਗਰ ਦਾ ਲੇਖ ‘ਚਾਨਣੀ ਰਾਤ ਵਿਚ ਘੁੱਪ ਹਨੇਰਾ’ ਸਪੋਕਸਮੈਨ ਵਿਚ ਛਪਿਆ ਤਾਂ ਬਹੁਤ ਸਾਰੇ ਪਾਠਕਾਂ ਨੇ ਉਸ ਨੂੰ ਰੋਂਦੇ ਹੋਏ ਫ਼ੋਨ ਕੀਤਾ। ਉਹ ਕਹਿਣ ਲੱਗਿਆ, “ਬਾਈ ਲੋਕ ਇੰਨਾ ਪਿਆਰ ਕਰਦੇ ਹਨ ਕਿ ਲਗਦਾ ਹੀ ਨਹੀਂ ਕਿ ਪੰਜਾਬ ਦੀ ਵੰਡ ਹੋਈ ਹੈ। ਮੈਨੂੰ ਪਤਾ ਨਹੀਂ ਕਿਉਂ ਲਗਦਾ ਕਿ ਇਕ ਦਿਨ ਸਾਡੇ ਪਿਆਰ ਦੇ ਪਾਣੀ ਸਰਹੱਦ ਦੀ ਮਿੱਟੀ ਨੂੰ ਵਹਾਅ ਕੇ ਲੈ ਜਾਣਗੇ। ਸਾਂਝੇ ਪੰਜਾਬ ਦੇ ਹਾਸਿਆਂ ਦੇ ਬੂਟੇ ’ਤੇ ਫਿਰ ਕੋਇਲਾਂ ਗਾਉਣਗੀਆਂ। ਫਿਰ ਮੁਹੱਬਤਾਂ ਦੀ ਪੀਂਘ ਦੇ ਹੁਲਾਰੇ ਵਿਚ ਸਾਡੇ ਚਾਵਾਂ ਦੀ ਬਰਾਤ ਚੜ੍ਹੇਗੀ। ਫਿਰ ਉਨ੍ਹਾਂ ਗੀਤਾਂ ਦੇ ਬੋਲ ਗੂੰਜਣਗੇ ਜਿਹੜੇ ਕਦੇ ਪੰਜ ਪਾਣੀਆਂ ਦੀ ਧਰਤੀ ’ਤੇ ਸਾਡੇ ਦਿਲਾਂ ਦੀ ਬਾਤ ਪਾਉਂਦੇ ਸਨ।” ਅਸਗਰ ਭੱਟੀ ਤੇ ਮਿਸਬਾ ਵਰਗੇ

ਜਿਹੜੇ ਮੁਹੱਬਤਾਂ ਨੂੰ ਅਪਣਾ ਧਰਮ ਮੰਨਦੇ ਹਨ, ਅਜਿਹੇ ਪਿਆਰਿਆਂ ਵਾਸਤੇ ਸਰਹੱਦਾਂ ਦੇ ਲਾਂਘੇ ਕਦੋਂ ਖੁਲ੍ਹਣਗੇ? ਕਦੋਂ ਉਹ ਦਿਨ ਆਵੇਗਾ ਜਦੋਂ ਅਸੀਂ ਬਿਨਾਂ ਕਿਸੇ ਪਾਸਪੋਰਟ ਤੋਂ ਬੱਸ ਚੜ੍ਹ ਕੇ ਲਾਹੌਰ ਜਾਵਾਂਗੇ ਤੇ ਲਾਹੌਰੀਏ ਬੱਸ ਵਿਚ ਬਹਿ ਕੇ ਇੰਜ ਪਟਿਆਲੇ ਆ ਉਤਰਨਗੇ, ਜਿਵੇਂ ਕੋਈ ਰਿਸ਼ਤੇਦਾਰੀ ਵਿਚ ਗੇੜਾ ਮਾਰਨ ਆਇਆ ਹੋਵੇ। ਉਸ ਦਿਨ ਦੀ ਬੇਸਬਰੀ ਨਾਲ ਉਡੀਕ ਹੈ ਜਦੋਂ ਮਿਸਬਾ ਆ ਕੇ ਕਹੇਗੀ, "ਲਉ ਬਾਈ ਜੀ, ਅਸੀਂ ਆ ਪਹੁੰਚੇ ਜੇ, ਹੁਣ ਤੁਸੀਂ ਮੇਰੀ ਬੋਲੀ ਦੀ ਨਕਲ ਕਰ ਕੇ ਨਾ ਆਖਿਉ, ਮਿਸਬਾ ਕਦੋਂ ਆਣ ਡਹੇ ਜੇ?"

✿✿✿



